## ਅੱਜ ਦਾ ਵਿਚਾਰ

ਇਹ ਮਨੁੱਖੀ ਆਦਤ ਹੈ ਕਿ ਮਾੜੇ ਵਕਤ ਨੂੰ ਕੋਸਣਾ ਤੇ ਰੱਬ ਨਾਲ ਸ਼ਿਕਵਾ ਕਰਨਾ, ਪਰ ਮੇਰੀ ਸੋਚ ਮੁਤਾਬਕ ਮਾੜਾ ਵਕਤ ਇੱਕ ਸਿੱਖਿਆਦਾਇਕ ਵਕਤ ਹੁੰਦਾ ਹੈ ਜੋ ਸਾਨੂੰ ਸਾਡੀਆਂ ਗਲਤੀਆਂ ਦਾ ਅਹਿਸਾ ਤਾਂ ਕਰਵਾਉਂਦਾ ਹੀ ਹੈ, ਸਗੋਂ ਆਪਣੇ, ਪਰਾਏ ਅਤੇ ਮਤਲਬੀ ਲੋਕਾਂ ਦੀ ਪਛਾਣ ਵੀ ਕਰਵਾਉਂਦਾਹੈ। ਸੋ ਕਦੇ ਵੀ ਮਾੜੇ ਵਕਤ ਨੂੰ ਨਾ ਕੋਸੋ, ਸਗੋਂ ਰੱਬ ਉਤੇ ਭਰੋਸਾ ਰੱਖੋ ਤੇ ਠਰ੍ਹੰਮੇ ਨਾਲ ਵਕਤ ਦਾ ਸਾਹਮਣਾ ਕਰੋ

ਪ੍ਰਿਤਪਾਲ ਕੌਰ ਪ੍ਰੀਤ

# PREETNAMA ਪ੍ਰੀਤਨਾਮਾ

ਖਰਾ ਸੱਚ

ਨਿਊਯਾਰਕ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ Online and Print Media +1 201-312-4180

ਰੋਜ਼ਾਨਾ ਦੀਆਂ ਤਾਜ਼ੀਆਂ ਖ਼ਬਰਾਂ, ਲੇਖ ਅਤੇ ਕਾਵਿ ਕਵਿਤਾਵਾਂ ਲਈ ਦੇਖੋ ਸਾਡੀ ਵੈਬਸਾਈਟ

www.preetnama.com

ਸਾਲ 1, ਅੰਕ 27, ਮਿਤੀ : 01 ਨਵੰਬਰ, 2019 ਤੋਂ 07 ਨਵੰਬਰ, 2019 ਵੈਬਸਾਈਟ : www.preetnama.com ਈਮੇਲ preetnamausa@gmail.com


# ਕਸ਼ਮੀਰ 'ਚੋਂ 10 ਲੱਖ ਲੋਕਾਂ ਤੋਂ ਮੋਦੀ ਨੇ ਖੋਹਿਆ ਰੁਜ਼ਗਾਰ !!



ਪ੍ਰਿਤਪਾਲ ਕੌਰ ਪ੍ਰੀਤ
ਮੁੱਖ ਸੰਪਾਦਕ



ਕੇਂਦਰ ਦੀ ਮੋਦੀ ਸਰਕਾਰ ਦੇ ਵੱਲੋਂ ਭਾਵੇਂ ਹੀ ਬੜੀ ਸਕੀਮ ਦੇ ਨਾਲ ਚੱਲਿਆ ਜਾ ਰਿਹਾ ਹੈ। ਪਰ ਮੋਦੀ ਦੀਆਂ ਇਹ ਸਕੀਮਾਂ ਦੇਸ਼ ਵਾਸੀਆਂ ਦੇ ਖਿਲਾਫ ਹੀ ਜਾ ਰਹੀਆਂ ਹਨ, ਕਿਉਂਕਿ ਮੋਦੀ ਹਰ ਵਾਰ ਹੀ ਅਜਿਹਾ 'ਦੋ ਟੁੱਕਾਂ' ਫੈਸਲਾ ਸੁਣਾ ਕੇ ਟੁਰਦੇ ਬਣਦੇ ਹਨ ਅਤੇ ਬਾਅਦ ਵਿੱਚ ਇਹ ਨਹੀਂ ਸੋਚਦੇ ਕਿ ਦੇਸ਼ ਦੀ ਹਾਲਤ ਕਿਸ ਤਰ੍ਹਾਂ ਦੀ ਹੋਵੇਗੀ। ਭਾਵੇਂ ਹੀ ਮੋਦੀ ਸਰਕਾਰ ਦੇ ਵੱਲੋਂ ਆਪਣੇ ਪਿਛਲੇ 5 ਸਾਲਾਂ ਦੇ ਵਿੱਚ ਕੋਈ ਵੀ ਚੱਜ ਦਾ ਫੈਸਲਾ ਨਹੀਂ ਲਿਆ ਗਿਆ, ਪਰ ਚਾਰ ਮਹੀਨੇ ਪਹਿਲੋਂ ਆਈ ਦੂਹਰੀਂ ਮੋਦੀ ਸਰਕਾਰ ਨੇ ਕਸ਼ਮੀਰ ਵਿੱਚੋਂ ਧਾਰਾ 370 ਅਤੇ 35ਏ ਨੂੰ ਜ਼ਰੂਰ ਹਟਾ ਦਿੱਤਾ ਹੈ। ਬੰਦੂਕ ਦੀ ਨੋਕ 'ਤੇ ਹਟਾਈ ਗਈ ਧਾਰਾ 370 ਅਤੇ 35ਏ ਭਾਵੇਂ ਹੀ ਆਉਣ ਵਾਲੇ ਸਮੇਂ ਵਿੱਚ ਮੋਦੀ ਸਰਕਾਰ ਨੂੰ ਮਹਿੰਗੀ ਪੈ ਸਕਦੀ ਹੈ, ਪਰ ਹੁਣ ਜੋ ਤਾਜ਼ਾ ਹਾਲਾਤ ਸਾਹਮਣੇ ਆਏ ਹਨ, ਉਨ੍ਹਾਂ ਦੇ ਮੁਤਾਬਿਕ ਕਸ਼ਮੀਰ ਦੇ ਵਿੱਚੋਂ ਜਦੋਂ ਤੋਂ ਧਾਰਾ 370 ਅਤੇ 35ਏ ਨੂੰ ਸਮਾਪਤ ਕੀਤੀ ਗਈ ਹੈ, ਉਦੋਂ ਤੋਂ ਲੈ ਕੇ 10 ਲੱਖ ਲੋਕਾਂ ਤੋਂ ਮੋਦੀ ਸਰਕਾਰ ਰੁਜ਼ਗਾਰ ਖੋਹ ਚੁੱਕੀ ਹੈ। ਜਿਸ ਦੇ ਕਾਰਨ ਹੁਣ ਫਿਰ ਤੋਂ ਕਸ਼ਮੀਰੀ ਦੇ ਸੀਨੇ ਵਿੱਚ ਅੱਗ ਬਲਦੀ ਵਿਖਾਈ ਦੇਣ ਲੱਗੀ ਹੈ, ਕਿਉਂਕਿ ਜਿਨ੍ਹਾਂ ਲੋਕਾਂ ਨੇ ਦਿਹਾੜੀ ਕਰਕੇ ਆਪਣਾ ਅਤੇ ਆਪਣੇ ਬੱਚਿਆਂ ਦਾ ਪੇਟ ਭਰਨਾ ਸੀ, ਉਹ ਅੱਜ ਬੇਰੁਜ਼ਗਾਰ ਹੋ ਚੁੱਕ ਹਨ। ਵੈਸੇ ਤਾਂ ਦੁਨੀਆ ਵਿੱਚ ਕੋਈ ਵੀ ਅਜਿਹੀ ਸਰਕਾਰ ਨਹੀਂ ਹੋਣੀ, ਜੋ ਆਪਣੇ ਦੇਸ਼ ਦੇ ਵਸਨੀਕਾਂ ਕੋਲੋਂ ਰੁਜ਼ਗਾਰ ਖੋਹਦੀ ਹੋਵੇਗੀ, ਪਰ ਮੋਦੀ ਸਰਕਾਰ ਅਜਿਹੀ ਸਰਕਾਰ ਹੈ, ਜੋ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਬਿਜਾਏ, ਰੁਜ਼ਗਾਰ ਖੋਹਣ 'ਤੇ ਤੁਲੀ ਹੋਈ ਹੈ। ਆਏ ਦਿਨ ਹੀ ਮੋਦੀ ਦੇ ਵੱਲੋਂ ਵੱਡੇ ਵੱਡੇ ਭਾਸ਼ਣ ਤਾਂ ਦਿੱਤੇ ਜਾਂਦੇ ਹਨ, ਪਰ ਇਹ ਭਾਸ਼ਣ ਮਹਿਜ਼ ਡਰਾਮਾ, ਸ਼ੋਸ਼ੇਬਾਜੀ ਅਤੇ ਖਾਸ ਕਰ ਫੁਕਰਿਆਂ ਤੋਂ ਇਲਾਵਾ ਹੋਰ ਕੁਝ ਨਹੀਂ ਹਨ। ਦੇਸ਼ ਦੀ ਆਰਥਿਕ ਸਥਿਤੀ ਸੁਧਾਰਨ ਦੀ ਬਿਜਾਏ, ਆਪਣੇ ਮੰਤਰੀਆਂ ਅਤੇ ਚਹੇਤਿਆਂ ਦਾ ਢਿੱਡ ਭਰਨ ਵਿੱਚ ਮੋਦੀ ਸਰਕਾਰ ਲੱਗੀ ਹੋਈ ਹੈ। ਕਸ਼ਮੀਰ ਦੇ ਵਿੱਚ ਭਾਵੇਂ ਹੀ ਬੰਦੂਕ ਦੀ ਨੋਕ 'ਤੇ ਧਾਰਾ 370 ਅਤੇ 35ਏ ਨੂੰ ਸਮਾਪਤ ਕੀਤਾ ਗਿਆ, ਪਰ ਬੰਦੂਕ ਦੀ ਨੋਕ 'ਤੇ ਧਰਾਵਾਂ ਨੂੰ ਸਮਾਪਤ ਕਰਨਾ ਮੋਦੀ ਸਰਕਾਰ ਨੂੰ ਮਹਿੰਗਾ ਵੀ ਪੈ ਸਕਦਾ ਹੈ। ਕਿਉਂਕਿ ਫੌਜ਼ ਦਾ ਭਾਵੇਂ ਹੀ ਹੁਣ ਵੀ ਕਸ਼ਮੀਰ ਦੇ ਵਿੱਚ ਡੇਰਾ ਹੈ, ਪਰ.!! ਜਿਵੇਂ ਹੀ ਫੌਜ਼ ਕਸ਼ਮੀਰ ਦੇ ਵਿੱਚੋਂ ਪਿੱਛੇ ਹੱਟਦੀ ਹੈ ਤਾਂ, ਸਰਕਾਰਾਂ ਤੋਂ ਅੱਗੇ ਕਸ਼ਮੀਰੀ ਕੋਈ ਨਾ ਕੋਈ ਹੱਲਾ ਜ਼ਰੂਰ ਬੋਲਣਗੇ। ਕਿਉਂਕਿ ਅੱਗ ਉਦੋਂ ਹੀ ਬਲਦੀ ਹੈ, ਜਦੋਂ ਉਸ ਨੂੰ ਤੀਲੀ ਦਿੱਤੀ ਜਾਂਦੀ ਹੈ, ਜੋ ਹਾਲ ਅੱਜ ਕਸ਼ਮੀਰੀਆਂ ਦਾ ਹੋਇਆ ਪਿਆ ਹੈ। ਮੈਨੂੰ ਨਹੀਂ ਲੱਗਦਾ ਕਿ ਇਨ੍ਹਾਂ ਹਾਲ ਦੇਸ਼ ਦੇ ਹੋਰ ਕਿਸੇ ਖਿੱਤੇ ਦਾ ਹੋਵੇਗਾ। ਕਿਉਂਕਿ ਕਸ਼ਮੀਰ ਇੱਕ ਸੋਹਣਾ ਅਤੇ ਸੁੰਦਰ ਰਾਜ ਹੈ, ਜਿੱਥੇ ਭਾਵੇਂ ਹੀ ਸਮੇਂ ਸਮੇਂ ਸਰਕਾਰਾਂ ਦੀਆਂ ਗਲਤ ਨੀਤੀਆਂ ਦੇ ਕਾਰਨ ਗੋਲੀਬਾਰੀ ਹੁੰਦੀ ਰਹਿੰਦੀ ਹੈ, ਪਰ ਕਸ਼ਮੀਰ ਹੁਣ ਵੀ ਚੰਗਾ ਹੈ ਅਤੇ ਚੰਗਾ ਹੀ ਰਹੇਗਾ। ਦੋਸਤੋ, ਦੇਸ਼ ਵਿੱਚੋਂ ਬੇਰੁਜ਼ਗਾਰੀ ਖ਼ਤਮ ਕਰਨ ਦਾ ਦਾਅਵਾ ਕਰਨ ਵਾਲੀ ਮੋਦੀ ਸਰਕਾਰ ਦੇ ਰਾਜ ਵਿੱਚ ਹੀ ਕਸ਼ਮੀਰ ਦੇ ਅੰਦਰ 10 ਲੱਖ ਲੋਕਾਂ ਕੋਲੋਂ ਰੁਜ਼ਗਾਰ ਖੋਹਿਆ ਜਾ ਚੁੱਕਿਆ ਹੈ, ਪਰ ਇਸ ਦੇ ਵੱਲ ਮੋਦੀ ਸਰਕਾਰ ਜਰਾਂ ਜਿੰਨਾਂ ਵੀ ਧਿਆਨ ਨਹੀਂ ਦੇ ਰਹੀ। ਕਸ਼ਮੀਰ ਘਾਟੀ ਤੋਂ ਕਿਰਤੀਆਂ ਦੇ ਪ੍ਰਵਾਸ ਨੇ ਹਜ਼ਾਰਾਂ ਉਦਯੋਗਿਕ ਇਕਾਈਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ, ਕਿਉਂਕਿ ਉਹ 5 ਅਗਸਤ ਤੋਂ ਬੰਦ ਹਨ ਅਤੇ ਉਨ੍ਹਾਂ ਦਾ ਅਰਬਾਂ ਰੁਪਏ ਦਾ ਨੁਕਸਾਨ ਹੋਇਆ। ਪਿਛਲੇ ਦਿਨੀਂ ਇੱਕ ਅਖ਼ਬਾਰ ਵਿੱਚ ਛਪੀ ਰਿਪੋਰਟ ਦੇ ਮੁਤਾਬਿਕ ਹਜ਼ਾਰਾਂ ਉਦਯੋਗਿਕ ਇਕਾਈਆਂ ਦੇ ਬੰਦ ਰਹਿਣ ਕਾਰਨ ਉਨ੍ਹਾਂ ਨੂੰ ਰੋਜ਼ਾਨਾ 3 ਕਰੋੜ ਦਾ ਨੁਕਸਾਨ ਝੱਲਣਾ ਪੈ ਰਿਹਾ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ ਦੇ 40 ਹਜ਼ਾਰ ਕਿਰਤੀ ਸੂਬੇ ਤੋਂ ਚਲੇ ਗਏ, ਇਹ ਇਨ੍ਹਾਂ ਇਕਾਈਆਂ ਵਿੱਚ ਕੰਮ ਕਰਨ ਵਾਲੇ ਕੁੱਲ ਕਿਰਤੀਆਂ ਦਾ 40 ਫ਼ੀਸਦੀ ਹੈ। ਦੇਖਣਾ ਹੁਣ ਇਹ ਹੋਵੇਗਾ ਕਿ ਆਖ਼ਰ ਕਸ਼ਮੀਰ ਵਿੱਚ ਹਾਲਾਤ ਕਦੋਂ ਸੁਧਰਨਗੇ ?

# ਟਵਿੱਟਰ ਨੇ ਸਿਆਸੀ ਮਸ਼ਹੂਰੀਆਂ 'ਤੇ ਲਾਈ ਪਾਬੰਦੀ, ਫੇਸਬੁੱਕ ਵੱਲੋਂ ਅਜਿਹੀ ਪਾਬੰਦੀ ਲਾਉਣ ਤੋਂ ਇਨਕਾਰ



ਟਵਿੱਟਰ ਨੇ ਇਹ ਕਹਿੰਦਿਆਂ ਕਿ ਸਿਆਸੀ ਸੰਦੇਸ਼ਾਂ ਨੂੰ 'ਕਮਾਇਆ ਜਾਣਾ ਚਾਹੀਦਾ ਹੈ, ਖਰੀਦਿਆ ਨਹੀਂ', ਦੁਨੀਆਂ ਭਰ ਦੀਆਂ ਸਾਰੀਆਂ ਸਿਆਸੀ ਮਸ਼ਹੂਰੀਆਂ 'ਤੇ ਪਾਬੰਦੀ ਲਾਉਣ ਦਾ ਫੈਸਲਾ ਲਿਆ ਹੈ।ਕੰਪਨੀ ਦੇ ਸੀਈਓ ਜੈਕ ਡੋਰਸੀ ਨੇ ਟਵੀਟ ਕੀਤਾ, "ਇੰਟਰਨੈਟ ਉੱਤੇ ਮਸ਼ਹੂਰੀਆਂ ਬਹੁਤ ਹੀ ਤਾਕਤਵਰ ਤੇ ਪ੍ਰਭਾਵਸ਼ਾਲੀ ਹੁੰਦੀਆਂ ਹਨ ਤੇ ਇਹ ਤਾਕਤ ਰਾਜਨੀਤੀ ਲਈ ਖ਼ਤਰਨਾਕ ਹੋ ਸਕਦੀ ਹੈ।"ਫੇਸਬੁੱਕ ਨੇ ਵੀ ਹਾਲ ਵਿੱਚ ਹੀ ਸਿਆਸੀ ਇਸ਼ਤਿਹਾਰਾਂ ਉੱਤੇ ਰੋਕ ਲਾਉਣ ਤੋਂ ਇਨਕਾਰ ਕੀਤਾ ਹੈ।ਅਜਿਹੀਆਂ ਪਾਬੰਦੀਆਂ ਦੀਆਂ ਖ਼ਬਰਾਂ ਨੇ ਅਮਰੀਕੀ ਰਾਸ਼ਟਰਪਤੀ ਚੋਣਾਂ 2020 ਲਈ ਸਿਆਸਤ ਨੂੰ ਦੋ ਧੜਿਆਂ ਵਿੱਚ ਵੰਡ ਦਿੱਤਾ ਹੈ।ਇਨ੍ਹਾਂ ਚੋਣਾਂ ਵਿੱਚ ਰਾਸ਼ਟਰਪਤੀ ਟਰੰਪ ਇੱਕ ਵਾਰ ਫਿਰ ਤੋਂ ਲੋਕ ਫ਼ਤਵਾ ਆਪਣੇ ਹੱਕ ਵਿੱਚ ਹਾਸਲ ਕਰਨ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਜੇ ਚੋਣ ਪ੍ਰਚਾਰ ਦੇ ਪ੍ਰਬੰਧਕ ਬ੍ਰੈਡ ਪਾਰਸਕੇਲ ਨੇ ਕਿਹਾ ਕਿ ਇਹ ਪਾਬੰਦੀ 'ਖੱਬੇ ਪੱਖੀ ਧੜੇ ਦੁਆਰਾ ਟਰੰਪ ਅਤੇ ਕੰਜਰਵੇਟਿਵਾਂ ਨੂੰ ਚੁੱਪ ਕਰਾਉਣ ਦੀ ਇੱਕ ਕੋਸ਼ਿਸ਼ ਸੀ।"ਜਦਕਿ ਇਨ੍ਹਾਂ ਚੋਣਾਂ ਵਿੱਚ ਰਾਸ਼ਟਰਪਤੀ ਅਹੁਦੇ ਦੇ ਡੈਮੋਕਰੇਟਿਕ ਉਮੀਦਵਾਰ ਜੋਅ ਬਿਡੇਨ ਦੀ ਚੋਣ ਮੁਹਿੰਮ ਦੇ ਬੁਲਾਰੇ ਬਿਲ ਰੁਸੋ ਨੇ ਕਿਹਾ, ਇਹ ਉਤਸ਼ਾਹਜਨਕ ਹੈ ਕਿ "ਜਦੋਂ ਮਸ਼ਹੂਰੀਆਂ ਤੋਂ ਕਮਾਏ ਡਾਲਰਾਂ ਅਤੇ ਲੋਕਤੰਤਰ ਦੀ ਅਖੰਡਤਾ ਦੇ ਵਿੱਚੋਂ ਇੱਕ ਨੂੰ ਚੁਣਨ ਦੀ ਵਾਰੀ ਆਈ, ਤਾਂ ਇਹ ਉਤਸ਼ਾਹਜਨਕ ਹੈ ਕਿ ਇਸ ਵਾਰ ਪੈਸਾ ਨਹੀਂ ਜਿੱਤਿਆ"ਟਵਿੱਟਰ ਦੇ ਇਸ ਕਦਮ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਫੇਸਬੁੱਕ ਦੇ ਮੋਢੀ ਮਾਰਕ ਜ਼ੁਕਰਬਰਗ ਨੇ ਸਿਆਸੀ ਇਸ਼ਤਿਹਾਰੀਆਂ ਤੇ ਪਾਬੰਦੀ ਨਾ ਲਾਉਣ ਦੀ ਆਪਣੀ ਕੰਪਨੀ ਦੀ ਨੀਤੀ ਦਾ ਬਚਾਅ ਕੀਤਾ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਕਿਹਾ, "ਲੋਕਤੰਤਰ ਵਿੱਚ, ਮੈਂ ਨਹੀਂ ਸਮਝਦਾ ਕਿ ਨਿੱਜੀ ਕੰਪਨੀਆਂ ਦਾ ਸਿਆਸਤਦਾਨਾਂ ਜਾਂ ਖ਼ਬਰਾਂ ਨੂੰ ਸੈਂਸਰ ਕਰਨਾ ਸਹੀ ਹੈ।"ਟਵਿੱਟਰ ਵੱਲੋਂ ਇਹ ਪਾਬੰਦੀ 22 ਨਵੰਬਰ ਤੋਂ ਲਾਗੂ ਕੀਤੀ ਜਾਵੇਗੀ ਤੇ 15 ਨਵੰਬਰ ਤੱਕ ਇਸ ਦਾ ਪੂਰਾ ਵੇਰਵਾ ਜਾਰੀ ਕਰ ਦਿੱਤਾ ਜਾਵੇਗਾ।

**ਡੋਰਸੀ ਨੇ ਪਾਬੰਦੀ ਨੂੰਜਾਇਜ਼ ਠਹਿਰਾਇਆ**

ਟਵਿੱਟਰ ਦੇ ਸੀਈਓ ਜੈਕ ਡੋਰਸੀ ਨੇ ਇੱਕ ਟਵੀਟ ਰਾਹੀਂ ਆਪਣਾ ਪੱਖ ਰੱਖਿਆ। ਉਸ ਨੇ ਕਿਹਾ, ਇੰਟਰਨੈੱਟ 'ਤੇ ਸਿਆਸੀ ਇਸ਼ਤਿਹਾਰਾਂ ਨੇ "ਸਮਾਜਿਕ ਸੰਵਾਦ ਲਈ ਬਿਲਕੁਲ ਨਵੀਆਂ ਚੁਣੌਤੀਆਂ ਪੇਸ਼ ਕੀਤੀਆਂ ਹਨ।" ਇਨ੍ਹਾਂ ਚੁਣੌਤੀਆਂ ਵਿੱਚ "ਮਸ਼ੀਨ-ਲਰਨਿੰਗ ਰਾਹੀਂ ਸੁਨੇਹਿਆਂ ਨੂੰ ਭੇਜਣ ਦਾ ਸਮਾਂ ਤੈਅ ਕਰਨਾ", "ਮਾਈਕਰੋ-ਟਾਰਗੇਟਿੰਗ, ਬਿਨਾਂ ਜਾਂਚੀ ਗੁੰਮਰਾਹਕੁੰਨ ਜਾਣਕਾਰੀ, ਅਤੇ ਡੀਪ ਫੇਕਸ" ਸ਼ਾਮਲ ਹਨ। ਉਨ੍ਹਾਂ ਲਿਖਿਆ, "ਸਾਡੇ ਲਈ ਇਹ ਕਹਿਣਾ ਸਹੀ ਨਹੀਂ ਹੋਵੇਗਾ" ਕਿ "ਅਸੀਂ ਕਹੀਏ ਕਿ ਅਸੀਂ ਲੋਕਾਂ ਨੂੰ ਆਪਣੇ ਸਿਸਟਮ ਤੋਂ ਗੁੰਮਰਾਹਕੁੰਨ ਜਾਣਕਾਰੀ ਫੈਲਾਉਣ ਤੋਂ ਰੋਕਣ ਲਈ ਸਖ਼ਤ ਮਿਹਨਤ ਕਰ ਰਹੇ ਹਾਂ, ਕਿਉਂਕਿ ਜੇ ਕੋਈ ਸਾਨੂੰ ਲੋਕਾਂ ਨੂੰ ਉਨ੍ਹਾਂ ਦਾ ਸਿਆਸੀ ਵਿਗਿਆਪਨ ਦੇਖਣ ਲਈ ਮਜਬੂਰ ਕਰਨ ਲਈ ਪੈਸੇ ਦਿੰਦਾ ਹੈ ਤਾਂ ਉਹ ਜੋ ਚਾਹੁਣ ਕਹਿ ਸਕਦੇ ਹਨ!" ਇਸ ਨੀਤੀ ਨੂੰ ਸੱਤਾ ਪੱਖੀ ਦੱਸਣ ਵਾਲੀ ਦਲੀਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ,"ਬਹੁਤ ਸਾਰੀਆਂ ਸਮਾਜਿਕ ਲਹਿਰਾਂ ਬਿਨਾਂ ਕਿਸੇ ਸਿਆਸੀ ਮਸ਼ਹੂਰੀ ਦੇ ਵੱਡੇ ਪੱਧਰ 'ਤੇ ਪਹੁੰਚ ਜਾਂਦੀਆਂ ਹਨ।" ਉਨ੍ਹਾਂ ਨੇ ਕਿਹਾ ਕਿ ਇਹ ਰੋਕ ਵੋਟਰ ਰਜਿਸਟ੍ਰੇਸ਼ਨ ਦੀ ਹਮਾਇਤ ਵਿੱਚ ਦਿੱਤੇ ਇਸ਼ਤਿਹਾਰਾਂ 'ਤੇ ਲਾਗੂ ਨਹੀਂ ਹੋਵੇਗੀ।

**ਪਾਬੰਦੀ ਦੀ ਖ਼ਬਰ ਕਿਵੇਂ ਲਈ ਜਾ ਰਹੀ ਹੈ ?**

ਸਾਬਕਾ ਡੈਮੋਕਰੇਟਿਕ ਉਮੀਦਵਾਰ ਹਿਲੇਰੀ ਕਲਿੰਟਨ ਨੇ ਇਸ ਬਾਰੇ ਲਿਖਿਆ ਕਿ ਇਹ ਪਾਬੰਦੀ ਅਮਰੀਕਾ ਤੇ ਸਾਰੀ ਦੁਨੀਆਂ ਦੇ ਭਲੇ ਵਿੱਚ ਹੈ।ਸੋਸ਼ਲ ਮੀਡੀਆ ਵਿਸ਼ਲੇਸ਼ਕ ਕਾਰਲ ਮਿੱਲਰ ਨੇ ਕਿਹਾ, "ਇਹ ਪਹਿਲੀ ਵਾਰ ਹੈ ਕਿ ਜਦੋਂ ਕਿਸੇ ਤਕਨੀਕੀ ਕੰਪਨੀ ਨੇ ਆਪਣਾ ਕਦਮ ਇਹ ਸੋਚ ਕੇ ਪਿੱਛੇ ਲਿਆ ਹੈ ਕਿ ਉਹ ਕਿੰਨੀਆਂ ਸੰਸਥਾਵਾਂ ਨੂੰ ਨੁਕਸਾਨ ਪਹੁੰਚਾ ਰਹੇ ਹਨ, ਉਹ ਸੰਸਥਾਵਾਂ ਜੋ ਇਨ੍ਹਾਂ ਕੰਪਨੀਆਂ ਵਾਂਗ ਤੇਜ਼ੀ ਨਾਲ ਨਹੀਂ ਬਦਲਦੀਆਂ।

**ਫੇਸਬੁੱਕ ਦੀ ਕੀ ਨੀਤੀ ਹੈ ?**

ਇਸੇ ਮਹੀਨੇ ਵਿੱਚ ਮਾਰਕ ਜ਼ੁਕਰਬਰਗ ਨੇ ਵਾਸ਼ਿੰਗਟਨ ਡੀਸੀ ਵਿੱਚ ਵਿਦਿਆਰਥੀਆਂ ਦੇ ਸਾਹਮਣੇ ਆ ਕੇ ਆਪਣੀ ਕੰਪਨੀ ਦੇ ਝੂਠੇ ਸਿਆਸੀ ਇਸ਼ਤਿਹਾਰਾਂ 'ਤੇ ਰੋਕ ਨਾ ਲਗਾਉਣ ਦੇ ਫੈਸਲੇ ਦਾ ਬਚਾਅ ਕੀਤਾ ਸੀ। ਉਨ੍ਹਾਂ ਨੇ ਸਾਰੇ ਸਿਆਸੀ ਇਸ਼ਤਿਹਾਰਾਂ ਨੂੰ ਆਪਣੇ ਪਲੇਟਫਾਰਮ 'ਤੇ ਬੰਦ ਕਰਨ ਦਾ ਵਿਚਾਰ ਕੀਤਾ ਸੀ ਪਰ ਉਨ੍ਹਾਂ ਸੋਚਿਆ ਕਿ ਇੰਝ ਕਰਨ ਨਾਲ ਮੌਜੂਦਾ ਸਿਆਸਤਦਾਨ ਤੇ ਉਨ੍ਹਾਂ ਨੇਤਾਵਾਂ ਨੂੰ ਲਾਭ ਹੋਵੇਗਾ ਜਿਨ੍ਹਾਂ ਬਾਰੇ ਮੀਡੀਆ ਲਿਖੇਗਾ। ਉਨ੍ਹਾਂ ਦਲੀਲ ਦਿੱਤੀ ਕਿ ਕੰਪਨੀ ਨੂੰ 'ਵਧੇਰੇ ਪ੍ਰਗਟਾਵੇ ਦੇ ਪੱਖ ਤੋਂ ਦੂਰ ਹੋਣਾ ਚਾਹੀਦਾ ਹੈ।' ਬੀਡੇਨ ਦੇ ਇੱਕ ਹੋਰ ਬੁਲਾਰੇ ਨੇ ਕੰਪਨੀ ਦੀ ਟਰੰਪ ਦੀ 2020 ਚੋਣ ਮੁਹਿੰਮ ਦਾ ਇੱਕ ਵੀਡੀਓ ਹਟਾਉਣ ਤੋਂ ਕੀਤੀ ਮਨਾਹੀ ਦੀ ਆਲੋਚਨਾ ਕੀਤੀ ਹੈ। ਇਹ ਵੀਡੀਓ ਸਾਬਕਾ ਉਪ-ਰਾਸ਼ਟਰਪਤੀ ਤੇ ਉਨ੍ਹਾਂ ਦੇ ਪੁੱਤਰ ਬਾਰੇ ਇੱਕ ਸਾਜ਼ਸ਼ ਦੀ ਗੱਲ ਕਰਦਾ ਹੈ ਜੋ ਅਜੇ ਸਾਬਤ ਨਹੀਂ ਹੋਇਆ। ਟੀਜੇ ਡੱਕਲੋ ਨੇ ਕਿਹਾ, "ਕਿਸੇ ਵੀ ਸੋਸ਼ਲ ਮੀਡੀਆ ਕੰਪਨੀ ਲਈ ਜਾਣਬੁੱਝ ਕੇ ਆਪਣੇ ਪਲੇਟਫਾਰਮ ਤੋਂ ਗੁੰਮਰਾਹਕੁੰਨ ਜਾਣਕਾਰੀ ਜਾਣ ਦੇਣਾ ਨਾ ਮਨਜ਼ੂਰ ਹੈ।

## ਇਸ ਮਹੀਨੇ ਦੇ ਦਿਨ ਤਿਉਹਾਰ

| | |
|---|---|
| ਈਦ ਏ ਮਿਲਾਦ | 10 ਨਵੰਬਰ |
| ਅਵਤਾਰ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ | 12 ਨਵੰਬਰ |
| ਸ਼ਹੀਦੀ ਦਿਵਸ ਬਾਬਾ ਦੀਪ ਸਿੰਘ ਜੀ | 15 ਨਵੰਬਰ |
| ਜਨਮ ਦਿਵਸ ਬਾਬਾ ਜ਼ੋਰਾਵਰ ਫਸਿੰਘ ਜੀ | 30 ਨਵੰਬਰ |

| | |
|---|---|
| ਪੰਚਮੀ | 01 ਨਵੰਬਰ |
| ਸੰਗਰਾਂਦ | 16 ਨਵੰਬਰ |
| ਪੂਰਨਮਾਸੀ | 12 ਨਵੰਬਰ |
| ਮੱਸਿਆ | 26 ਨਵੰਬਰ |

## ਇਸ ਅੰਕ ਦਾ ਸਵਾਲ

**ਕੀ ਕਰਤਾਰਪੁਰ ਸਾਹਿਬ ਦੇ ਲਾਂਘੇ 'ਤੇ ਪਾਕਿਸਤਾਨ ਵੱਲੋਂ 20 ਡਾਲਰ ਫੀਸ ਵਸੂਲ ਕਰਨਾ ਜਾਇਜ਼ ਹੈ ?**

**ਜਵਾਬ :-**

**ਹਾਂ ਜਾਂ ਨਾਂਹ ਵਿੱਚ ਦੱਸੋ**

ਤੁਸੀਂ ਸਾਨੂੰ ਆਪਣੇ ਜੁਆਬ ਈਮੇਲ ਕਰ ਸਕਦੇ ਹੋ
preetnamausa@gmail.com

# GURDWARA SANT SAGAR

242-25 Braddock Ave, Bellerose NY 11426 Tel: 718-343-1030

# 14TH MAHAN NAGAR KIRTAN

## On Saturday, November 2, 2019 at 11:30 AM

**ਗੁਰੂ ਨਾਨਕ ਦੇਵ ਜੀ ਦੇ ੫੫੦ਵੇਂ ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ ਲੱਖ-ਲੱਖ ਵਧਾਈ।**

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ 12 ਨਵੰਬਰ ਦਿਨ ਮੰਗਲਵਾਰ ਨੂੰ ਆ ਰਿਹਾ ਹੈ। ਜਿਸ ਦੇ ਸੰਬੰਧ ਵਿਚ ਹਰ ਸਾਲ ਦੀ ਤਰਾਂ ਗੁਰਦੁਆਰਾ ਸੰਤ ਸਾਗਰ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿੱਚ ਗੁਰੂ ਘਰ ਵਲੋਂ ਉਲੀਕੇ ਪ੍ਰੋਗਰਾਮਾਂ ਦਾ ਵੇਰਵਾ ਇਸ ਪ੍ਰਕਾਰ ਹੈ।

# ੧੪ਵਾਂ ਮਹਾਨ ਨਗਰ ਕੀਰਤਨ

2 ਨਵੰਬਰ ਦਿਨ ਸ਼ਨੀਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਅਤੇ ਪੰਜ ਨਗਾਰਿਆਂ ਦੀ ਗੂੰਜ ਵਿੱਚ ਸਵੇਰੇ ਠੀਕ 11:30 ਵਜੇ ਇਹ ਨਗਰ ਕੀਰਤਨ ਆਰੰਭ ਹੋ ਕੇ ਹਿੱਲ ਸਾਈਡ, 263 ਸਟਰੀਟ ਤੋਂ ਲੰਘਦਾ ਹੋਇਆ 82 ਐਵੀਨਿਊ ਤੋਂ ਸ਼ਾਮ ਦੇ 3:00 ਵਜੇ ਗੁਰਦੁਆਰਾ ਸੰਤ ਸਾਗਰ ਵਿਖੇ ਸਮਾਪਤ ਹੋਵੇਗਾ। ਨਗਰ ਕੀਰਤਨ ਵਾਲੇ ਦਿਨ ਦੇ ਲੰਗਰ ਦੀ ਸੇਵਾ ਸੇਂਟ ਗ੍ਰੇਗਰੀ ਚਰਚ ਦੇ ਪਾਰਕਿੰਗ ਲਾਟ (ਕਰੋਸ ਆਇਲੈਂਡ ਦੇ ਸਰਵਿਸ ਰੋਡ) ਤੇ ਟੈਕਸੀ ਵਾਲੇ ਵੀਰਾਂ ਵੱਲੋ ਹੋਵੇਗੀ।

**ਰੈਣ ਸਬਾਈ ਕੀਰਤਨ - 8 ਨਵੰਬਰ ਸ਼ਾਮ ਆਰਤੀ ਕੀਰਤਨ ਉਪਰੰਤ ਸਵੇਰੇ 2 ਵਜੇ ਤੱਕ ਅੰਖਡ ਕੀਰਤਨੀ ਜਥੇ ਵਲੋਂ ਕੀਰਤਨ ਕੀਤਾ ਜਾਵੇਗਾ।**

**ਭੋਗ ਸਹਿਜ ਪਾਠ - 9 ਨਵੰਬਰ ਸ਼ਾਮ ਪ੍ਰੇਮੀਆਂ ਵਲੋਂ ਘਰੋ ਘਰੀ ਕੀਤੇ ਸਹਿਜ ਪਾਠਾਂ ਦਾ ਸਮੂਹਿਕ ਭੋਗ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਸ਼ਾਮ 6:30 ਪਵੇਗਾ। ਉਪਰੰਤ ਕੀਰਤਨੀ ਜੱਥੇ ਰੱਲ ਕੇ ਆਤਮ ਰੱਸ ਕੀਰਤਨ ਰਾਤ 10 ਵਜੇ ਤੱਕ ਕਰਣਗੇ।**

ਪ੍ਰਕਾਸ਼ ਪੁਰਬ - 11 ਤੇ 12 ਨਵੰਬਰ, 11 ਨਵੰਬਰ ਦਿਨ ਸੋਮਵਾਰ ਸ਼ਾਮ 5:30 ਵਜੇ ਤੋਂ ਰਾਤ 12:30 ਵਜੇ ਤੱਕ ਦੀਵਾਨ ਸਜਣਗੇ। ਜਿਸ ਵਿੱਚ ਪੰਥ ਪ੍ਰਸਿਧ ਰਾਗੀ ਜਥੇ ਪਰਚਾਰਕ ਤੇ ਢਾਡੀ ਜਥੇ ਹਿੱਸਾ ਲੈਣਗੇ। ਰਾਤ 10:30 ਤੋਂ 11:30 ਤੱਕ ਭਾਈ ਸਾਹਿਬ ਹਰਜਿੰਦਰ ਸਿੰਘ ਜੀ ਸ੍ਰੀ ਨਗਰ ਵਾਲੇ ਕੀਰਤਨ ਦੀ ਹਾਜਰੀ ਭਰਣਗੇ । ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਕਥਾ 11:30 ਤੋਂ 12:05 ਤੱਕ ਹੋਵੇਗੀ। ਉਪਰੰਤ ਸਤਿਗੁਰੂ ਦੇ ਪ੍ਰਕਾਸ਼ ਸਮੇਂ ਆਰਤੀ ਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਕੀਤੀ ਜਾਵੇਗੀ। ਰਾਤ ਦੇ ਲੰਗਰ ਦੀ ਸੇਵਾ ਨੌਜਵਾਨ ਨਿਸ਼ਕਾਮ ਸੇਵਕ ਜੱਥੇ ਵਲੋ ਹੋਵੇਗੀ ।

12 ਨਵੰਬਰ ਦਿਨ ਮੰਗਲਵਾਰ ਸਵੇਰੇ 10:00 ਵਜੇ ਅਖੰਡ ਪਾਠ ਦਾ ਭੋਗ ਪਵੇਗਾ। ਉਪਰੰਤ 2:00 ਵਜੇ ਤੱਕ ਦੀਵਾਨ ਸਜਣਗੇ। ਪਾਠ ਤੇ ਦਿਨ ਦੇ ਲੰਗਰ ਦੀ ਸੇਵਾ ਸ. ਜਸਵੀਰ ਸਿੰਘ ਲਾਲੀ ਜੀ ਦੇ ਪਰਿਵਾਰ ਵੱਲੋ ਹੋਵੇਗੀ। ਸ਼ਾਮ 5 ਵਜੇ ਦੋ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ। ਦੋਨੋਂ ਪਾਠਾਂ ਤੇ ਲੰਗਰ ਦੀ ਸੇਵਾ ਸ. ਮਸਤਾਨ ਸਿੰਘ ਜੀ ਤੇ ਸ. ਨਿਸ਼ਾਨ ਸਿੰਘ ਜੀ ਦੇ ਪਰਿਵਾਰਾਂ ਵਲੋਂ ਹੋਵੇਗੀ ।

16 ਨਵੰਬਰ ਪਾਦਵਾਨ ਫੀਲਡ ਹਿਲ ਸਾਇਡ ਐਵਿਨੀਊ YMCA ਦੇ ਪਾਰਕ ਵਿੱਚ ਦੀਵਾਨ ਸਜਣਗੇ। ਗੁਰਦੁਆਰਾ ਸੰਤ ਸਾਗਰ ਤੋਂ ਪੰਜ ਪਿਆਰਿਆਂ ਦੀ ਅਗਵਾਈ ਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਵੇਰੇ 9:30 ਵਜੇ ਸੰਗਤਾਂ ਆਪੋ ਆਪਣੀਆਂ ਗੱਡੀਆਂ ਸਜਾ ਕੇ ਫਲੋਟ ਦੇ ਪਿੱਛੇ ਪੰਡਾਲ ਤੱਕ ਜਾਣ ਗੀਆਂ। ਸਵੇਰੇ 10 ਤੋਂ ਦੁਪਹਿਰ ਬਾਅਦ 3 ਵਜੇ ਤੱਕ ਦੀਵਾਨ ਸਜਣਗੇ, ਜਿਸ ਵਿੱਚ ਪੰਥ ਪ੍ਰਸਿੱਧ ਰਾਗੀ ਜੱਥੇ, ਕਥਾ ਵਾਚਕ ਤੇ ਢਾਡੀ ਜਥੇ ਹਿੱਸਾ ਲੈਣਗੇ। ਪੰਡਾਲ ਵਿੱਚ ਲੰਗਰ ਸੇਵਾ ਬੱਲ ਪਰਿਵਾਰ, ਪੱਡਾ ਪਰਿਵਾਰ ਅਤੇ ਸੰਗੀ ਸਾਥੀਆਂ ਵੱਲੋਂ ਹੋਵੇਗੀ ।



### ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਰਾਗੀ ਜਥੇ

- ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਜੀ 'ਸ੍ਰੀ ਨਗਰ ਵਾਲੇ' 1 ਤੋਂ 2 ਵਜੇ ਤੱਕ *
- ਭਾਈ ਅਮਰੀਕ ਸਿੰਘ ਜੀ ਗੁਰਦਾਸਪੁਰ ਵਾਲੇ *
- ਭਾਈ ਬਲਜਿੰਦਰ ਸਿੰਘ ਜੀ ਪਿਹੋਵੇ ਵਾਲੇ *
- ਕਥਾ ਵਾਚਕ ਭਾਈ ਸੁਖਦੇਵ ਸਿੰਘ ਜੀ ਪਾਉਂਟਾ ਸਾਹਿਬ ਵਾਲੇ *
- ਕਥਾ ਵਾਚਕ ਭਾਈ ਦਲਜੀਤ ਸਿੰਘ ਜੀ (ਦਮਦਮੀ ਟਕਸਾਲ ਵਾਲੇ) *
- ਢਾਡੀ ਜਥਾ ਭਾਈ ਮੋਹਨ ਸਿੰਘ ਬੜਾਣਾ ਖਾਸ ਹਾਜ਼ਰੀ ਭਰਨਗੇ । *
- ਡਾ: ਅਮਰਜੀਤ ਸਿੰਘ *
- ਡਾ: ਇੱਕਤਿਦਾਰ ਕਰਾਮਾਤ ਚੀਮਾ (ਪਾਕਿਸਤਾਨ) *

ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਜੀ 'ਸ੍ਰੀ ਨਗਰ ਵਾਲੇ' * 11 ਨਵੰਬਰ ਤੋਂ 17 ਨਵੰਬਰ ਤੱਕ ਰੋਜ਼ ਸ਼ਾਮ ਕੀਰਤਨ ਦੀ ਹਾਜ਼ਰੀ ਭਰਨਗੇ।

**17 ਨਵੰਬਰ ਦਿਨ ਐਤਵਾਰ ਸਵੇਰੇ 9:00 ਵਜੇ ਅਖੰਡ ਪਾਠ ਸਹਿਬ ਦੇ ਭੋਗ ਪੈਣਗੇ । ਉਪਰੰਤ 9:30 ਤੋਂ 3:00 ਵਜੇ ਤੱਕ ਦੀਵਾਨ ਸੱਜਣਗੇ। ਭਾਈ ਹਰਜਿੰਦਰ ਸਿੰਘ ਜੀ 1:30 ਤੋਂ 2:30 ਵਜੇ ਤੱਕ ਕੀਰਤਨ ਕਰਣਗੇ । ਅਖੰਡ ਪਾਠ ਤੇ ਲੰਗਰ ਦੀ ਸੇਵਾ ਜਸਵੀਰ ਸਿੰਘ ਲਾਲੀ ਦੇ ਪਰਿਵਾਰ ਵਲੋਂ ਹੋਵੇਗੀ ।**

**ਗੁਰਪੁਰਬ ਦੇ ਸਬੰਧ ਵਿਚ ਹਰ ਸਾਲ ਦੀ ਤਰਾਂ 24 ਅਗਸਤ ਤੋਂ ਪ੍ਰਭਾਤ ਫੇਰੀਆਂ ਆਰੰਭ ਹਨ ਜੋ ਕੀ 10 ਨਵੰਬਰ ਨੂੰ ਸਮਾਪਤ ਹੋਣਗੀਆ।**

**ਨਗਰ ਕੀਰਤਨ ਵਿਚ ਸਾਰੇ ਭੈਣ, ਭਰਾ ਬੱਚੇ ਤੇ ਬੱਚੀਆਂ ਕੇਸਰੀ ਰੰਗ ਦੀਆਂ ਪੱਗਾ, ਦਸਤਾਰਾਂ ਤੇ ਦੁਪੱਟੇ ਸਜਾ ਕੇ ਆਓ ਜੀ। ਇਹ ਸਾਰਾ ਪ੍ਰੋਗਰਾਮ TV ਤੇ Live ਦਿਖਾਇਆ ਜਾਵੇਗਾ**





ਗਤਕਾ ਟੀਮ ਆਪਣੇ ਜੌਹਰ ਦਿਖਾਏਗੀ

ਗੁਰੂ-ਸੰਗਤਾਂ ਦਾ ਦਾਸ- ਭਾਈ ਸੱਜਣ ਸਿੰਘ
ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੇਵਾਦਾਰ - ਗੁਰਦੁਆਰਾ ਸੰਤ ਸਾਗਰ, ਬੈਲਰੋਜ਼, ਨਿਊਯਾਰਕ 11426
Phone # 718-343-1030, 718-347-5659



# ਕਰਤਾਰਪੁਰ ਸਾਹਿਬ 'ਚ ਨਿਰਮਾਣ ਕਾਰਜ 98 ਫ਼ੀਸਦ ਪੂਰੇ, ਫਾਈਨਲ ਟੱਚ ਬਾਕੀ

## ਸ਼ਰਧਾਲੂਆਂ ਦੇ ਪਾਸਪੋਰਟ 'ਤੇ ਲੱਗੇਗੀ ਪਾਕਿ ਦੀ 'ਐਂਟਰੀ ਮੋਹਰ'



ਗੁਰਦਾਸਪੁਰ : ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ ਤਿਆਰ ਕੀਤੇ ਗਏ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਕੋਰੀਡੋਰ ਦਾ ਕੰਮ 98 ਫੀਸਦੀ ਮੁਕੰਮਲ ਹੋ ਚੁੱਕਾ ਹੈ। 104 ਏਕੜ ਵਿਚ ਫੈਲੇ ਗੁਰਦੁਆਰਾ ਕੰਪਲੈਕਸ ਦੇ ਕੁੱਝ ਕੁ ਹਿੱਸੇ ਨੂੰ ਛੱਡ ਕੇ ਹੁਣ ਸਿਰਫ ਆਖਰੀ ਟੱਚ ਦੇਣ ਦਾ ਕੰਮ ਹੀ ਬਚਿਆ ਹੈ। ਗੁਰਦੁਆਰਾ ਸਾਹਿਬ ਦੇ ਵਿਸਤਾਰੀਕਰਨ ਦੇ ਪਹਿਲੇ ਪੜਾਅ ਦੇ ਤਹਿਤ ਪਾਕਿਸਤਾਨ ਸਰਕਾਰ ਨੇ ਇਕ ਸਾਲ ਤੋਂ ਵੀ ਘੱਟ ਸਮੇਂ ਵਿਚ ਇਸ ਪ੍ਰੋਜੈਕਟ ਨੂੰ ਅੰਜਾਮ ਤਕ ਪਹੁੰਚਾਇਆ ਹੈ। 550ਵੇਂ ਪ੍ਰਕਾਸ਼ ਪੁਰਬ 'ਤੇ ਇਥੇ ਰੋਜ਼ਾਨਾ 5 ਹਜ਼ਾਰ ਭਾਰਤੀ ਸ਼ਰਧਾਲੂ ਗੁਰਦੁਆਰਾ ਸਾਹਿਬ ਵਿਚ ਨਤਮਸਤਕ ਹੋਣ ਲਈ ਆਉਣਗੇ।

ਦੂਜੇ ਪਾਸੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਚ 550 ਸਾਲਾ ਪ੍ਰਕਾਸ਼ ਪੁਰਬ ਮਨਾਉਣ ਸਬੰਧੀ ਪਾਕਿ ਸਰਕਾਰ ਵੱਲੋਂ ਕੁਝ ਨਿਰਦੇਸ਼ ਜਾਰੀ ਕੀਤੇ ਗਏ ਹਨ। ਜਿਨ੍ਹਾਂ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਪਾਕਿਸਤਾਨ ਫੈਡਰਲ ਜਾਂਚ ਏਜੰਸੀ (ਐਫ.ਆਈ.ਏ.) ਦਾ ਇਮੀਗ੍ਰੇਸ਼ਨ ਸਟਾਫ ਅਸਲ ਵਿਚ ਯਾਤਰਾ ਦਸਤਾਵੇਜ਼ਾਂ ਨੂੰ ਦਾਖਲ ਹੋਣ ਅਤੇ ਨਿਕਾਸੀ ਮੋਹਰ ਦੇ ਨਾਲ ਨਿਸ਼ਾਨਬੱਧ ਕਰੇਗਾ। ਇੱਥੇ ਦੱਸ ਦਈਏ ਕਿ ਐਫ.ਆਈ.ਏ. ਪਾਕਿਸਤਾਨ ਦੇ ਅੰਦਰੂਨੀ ਮੰਤਰਾਲੇ ਦੇ ਕੰਟਰੋਲ ਅਧੀਨ ਬਾਰਡਰ ਕੰਟਰੋਲ ਅਪਰਾਧਿਕ ਜਾਂਚ, ਜਵਾਬੀ ਖੁਫੀਆ ਅਤੇ ਸੁਰੱਖਿਆ ਏਜੰਸੀ ਹੈ। ਇਕ ਵਾਰ ਸ਼ਰਧਾਲੂ ਜਦੋਂ ਆਈ.ਸੀ.ਪੀ. 'ਤੇ ਇਮੀਗ੍ਰੇਸ਼ਨ ਅਤੇ ਸੁਰੱਖਿਆ ਸਬੰਧੀ ਸਾਰੀਆਂ ਰਸਮੀ ਕਾਰਵਾਈਆਂ ਪੂਰੀਆਂ ਕਰ ਲੈਣਗੇ ਤਾਂ ਉਨ੍ਹਾਂ ਨੂੰ ਜ਼ੀਰੋ ਪੁਆਇੰਟ 'ਤੇ ਸਥਾਪਿਤ ਕੀਤੇ ਗਏ ਗੇਟ ਤੱਕ 600 ਮੀਟਰ ਦੀ ਦੂਰੀ ਤੈਅ ਕਰਨੀ ਪਵੇਗੀ। ਜ਼ੀਰੋ ਪੁਆਇੰਟ ਉਹ ਸਥਾਨ ਹੈ ਜਿੱਥੇ ਦੋਹਾਂ ਸਰਹੱਦਾਂ ਦਾ ਤਾਲਮੇਲ ਹੁੰਦਾ ਹੈ। ਜ਼ੀਰੋ ਲਾਈਨ ਤੋਂ ਸ਼ਰਧਾਲੂਆਂ ਨੂੰ 2 ਕਿਲੋਮੀਟਰ ਦੂਰ ਪਾਕਿਸਤਾਨੀ ਆਈ.ਸੀ.ਪੀ. ਤੱਕ ਵਿਸ਼ੇਸ਼ ਬੱਸਾਂ ਵਿਚ ਲਿਜਾਇਆ ਜਾਵੇਗਾ। ਇੱਥੋਂ ਉਨ੍ਹਾਂ ਨੂੰ ਮੁੜ ਅੰਤਰਰਾਸ਼ਟਰੀ ਯਾਤਰਾ ਕਾਨੂੰਨ ਦੇ ਮੁਤਾਬਕ ਹੋਰ ਰਸਮੀ ਕਾਰਵਾਈਆਂ ਵਿਚੋਂ ਲੰਘਣਾ ਪਵੇਗਾ।

## ਪਾਕਿਸਤਾਨ ਨੇ ਜਾਰੀ ਕੀਤਾ 'ਬਾਬੇ ਨਾਨਕ ਦੇ ਨਾਮ ਦਾ ਸਿੱਕਾ'

ਇਸਲਾਮਾਬਾਦ : ਪਾਕਿਸਤਾਨ ਸਰਕਾਰ ਨੇ ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਇਕ ਯਾਦਗਾਰੀ ਸਿੱਕਾ ਜਾਰੀ ਕੀਤਾ ਹੈ। ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਆਪਣੇ ਫੇਸਬੁੱਕ ਅਕਾਊਂਟ ਵਿਚ ਇਸ ਯਾਦਗਾਰੀ ਸਿੱਕੇ ਦੀ ਤਸਵੀਰ ਸ਼ੇਅਰ ਕੀਤੀ ਹੈ। ਇੱਥੇ ਦੱਸ ਦਈਏ ਕਿ ਪਾਕਿਸਤਾਨ ਅਤੇ ਭਾਰਤ ਪਹਿਲਾਂ ਹੀ ਕਰਤਾਰਪੁਰ ਕੋਰੀਡੋਰ ਦੇ ਉਦਘਾਟਨ ਲਈ ਇਕ ਸਮਝੌਤੇ 'ਤੇ ਦਸਤਖਤ ਕਰ ਚੁੱਕੇ ਹਨ। ਪ੍ਰਧਾਨ ਮੰਤਰੀ ਇਮਰਾਨ ਖਾਨ ਅਗਲੇ ਮਹੀਨੇ ਦੇ 9 ਤਰੀਕ ਨੂੰ ਕੋਰੀਡੋਰ ਦਾ ਉਦਘਾਟਨ ਕਰਨਗੇ, ਜੋ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਵਿਚ ਉਨ੍ਹਾਂ ਦੇ ਗੁਰੂ ਸਾਹਿਬਾਨ ਦੇ ਸਥਾਨ 'ਤੇ ਜਾਣ ਦੀ ਸਹੂਲਤ ਪ੍ਰਦਾਨ ਕਰੇਗਾ।




## ਉਮੀਦ ਮੁਤਾਬਕ ਨਹੀਂ ਹੋਈ ਕਰਤਾਰਪੁਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਦੀ ਰਜਿਸਟ੍ਰੇਸ਼ਨ



ਡੇਰਾ ਬਾਬਾ ਨਾਨਕ : ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ 9 ਨਵੰਬਰ ਨੂੰ ਰਸਮੀ ਤੌਰ 'ਤੇ ਖੁੱਲ੍ਹਣ ਜਾ ਰਿਹਾ ਹੈ। ਭਾਰਤ ਅਤੇ ਪਾਕਿਸਤਾਨ ਦੋਵਾਂ ਦੇਸ਼ਾਂ ਵੱਲੋਂ ਲਾਂਘੇ ਨਾਲ ਸਬੰਧਤ ਸਮੁੱਚੇ ਕੰਮਾਂ ਨੂੰ ਜਲਦੀ-ਜਲਦੀ ਨਿਪਟਾਇਆ ਜਾ ਰਿਹਾ ਹੈ। ਕਰਤਾਰਪੁਰ ਲਾਂਘੇ ਲਈ ਸ਼ੁਰੂ ਹੋਈ ਆਨਲਾਈਨ ਰਜਿਸਟ੍ਰੇਸ਼ਨ ਨੂੰ ਲੈ ਕੇ ਸੰਗਤਾਂ 'ਚ ਕਾਫੀ ਉਤਸ਼ਾਹ ਪਾਇਆ ਗਿਆ ਸੀ ਪਰ ਸ਼ੁਰੂਆਤੀ ਹਫਤੇ 'ਚ ਅਜਿਹਾ ਵੇਖਣ ਨੂੰ ਨਹੀਂ ਮਿਲ ਰਿਹਾ। ਸਰਕਾਰ ਵਲੋਂ ਆਨਲਾਈਨ ਅਪਲਾਈ ਕਰਨ ਵਾਲੀ ਵੈਬਸਾਈਟ ਅਨੁਸਾਰ 10 ਅਤੇ 11 ਨਵੰਬਰ ਦੀਆਂ ਤਰੀਕਾਂ 'ਚ ਸੰਗਤਾਂ ਨੇ ਅਜੇ ਰਜਿਸਟ੍ਰੇਸ਼ਨ ਕੀਤੀ ਹੈ ਅਤੇ ਬਾਕੀ ਦੀਆਂ ਤਰੀਕਾਂ ਦੇ ਵੈੱਬਸਾਈਟ 'ਚ ਸਲਾਟ ਮੌਜੂਦ ਹਨ, ਜਿਸ ਨਾਲ ਨਵੀਂ ਚਰਚਾ ਛਿੜ ਗਈ ਹੈ। ਸਮੁੱਚੇ ਦੇਸ਼ 'ਚੋਂ ਇਨ੍ਹੀਂ ਘੱਟ ਗਿਣਤੀ 'ਚ ਹੀ ਲੋਕਾਂ ਵੱਲੋਂ ਆਨਲਾਈਨ ਰਜਿਸਟ੍ਰੇਸ਼ਨ ਕੀਤੀ ਗਈ ਹੈ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਆਮ ਸੰਗਤ ਦੀ ਪਹੁੰਚ 'ਚ ਕੰਪਿਊਟਰ ਨਹੀਂ ਹਨ ਅਤੇ ਉਨ੍ਹਾਂ ਨੂੰ ਆਨਲਾਈਨ ਭਰਨ ਦਾ ਤਰੀਕਾ ਨਹੀਂ ਆਉਂਦਾ ਹੋਵੇਗਾ, ਇਸ ਤੋਂ ਇਲਾਵਾ ਪੇਂਡੂ ਖੇਤਰ ਦੇ ਲੋਕ ਖਾਸਕਰ ਮਾਝੇ ਤੇ ਮਾਲਵੇ ਦੇ ਲੋਕਾਂ ਕੋਲ ਦੁਆਬੇ ਦੇ ਲੋਕਾਂ ਦੇ ਮੁਕਾਬਲੇ ਬਹੁਤ ਘੱਟ ਪਾਸਪੋਰਟ ਹਨ। ਜੇਕਰ ਸਮੁੱਚੇ ਪੰਜਾਬ ਵੱਲ ਝਾਤੀ ਮਾਰੀਏ ਤਾਂ ਮਾਝੇ ਦੇ ਲੋਕਾਂ ਦਾ ਧਾਰਮਿਕ ਸਮਾਗਮਾਂ 'ਚ ਸਭ ਤੋਂ ਵਧ ਉਤਸ਼ਾਹ ਵਿਖਾਈ ਦਿੰਦਾ ਹੈ ਪਰ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਪਾਸਪੋਰਟ ਦੀ ਸ਼ਰਤ ਨੇ ਇਨ੍ਹਾਂ ਸੰਗਤਾਂ ਦਾ ਉਤਸ਼ਾਹ ਮੱਠਾ ਕਰ ਦਿੱਤਾ ਅਤੇ ਪੰਜਾਬ ਦੇ ਨੌਜਵਾਨ ਪੀੜ੍ਹੀ ਤਾਂ ਪਹਿਲਾਂ ਹੀ ਪੜ੍ਹਾਈ ਦੇ ਬਹਾਨੇ ਰੋਜ਼ਗਾਰ ਕਰਨ ਲਈ ਵਿਦੇਸ਼ਾਂ ਵੱਲ ਨੂੰ ਭੱਜ ਰਹੀ ਹੈ। ਭਾਰਤੀ ਨੌਜਵਾਨਾਂ ਦੇ ਮਨਾਂ 'ਚ ਇਕ ਵਹਿਮ ਇਹ ਵੀ ਬੈਠ ਚੁੱਕਾ ਹੈ ਕਿ ਜੇਕਰ ਉਨ੍ਹਾਂ ਦੇ ਪਾਸਪੋਰਟ 'ਤੇ ਪਾਕਿਸਤਾਨ ਦੀ ਮੋਹਰ ਲੱਗ ਜਾਏਗੀ ਤਾਂ ਹੋਰ ਦੇਸ਼ਾਂ 'ਚ ਨਹੀਂ ਜਾ ਸਕਣਗੇ। ਇਸ ਲਈ ਨਵੀਂ ਪੀੜ੍ਹੀ ਤਾਂ ਇਸ ਡਰ ਨਾਲ ਹੀ ਕਰਤਾਰਪੁਰ ਸਾਹਿਬ ਲਈ ਆਨਲਾਈਨ ਰਜਿਸਟ੍ਰੇਸ਼ਨ ਨਹੀਂ ਕਰਵਾ ਰਹੀ ਕਿ ਕਿਤੇ ਉਨ੍ਹਾਂ ਦੀ ਪਾਕਿਸਤਾਨ ਜਾਣ ਦੀ ਇਮੀਗ੍ਰੇਸ਼ਨ ਆਦਿ ਦੇ ਵੇਰਵੇ ਉਨ੍ਹਾਂ ਦੀ ਪਾਸਪੋਰਟ ਨਾਲ ਸਬੰਧਤ ਜਾਣਕਾਰੀ ਸਮੇਤ ਆਨਲਾਈਨ ਦਰਜ ਨਾ ਕਰ ਦਿੱਤੇ ਜਾਣ। ਪੰਜਾਬ ਸਰਕਾਰ ਵਲੋਂ 24 ਅਕਤੂਬਰ ਨੂੰ ਪਾਕਿਸਤਾਨ ਤੇ ਭਾਰਤ ਦੇ ਲਾਂਘੇ ਸਬੰਧੀ ਸਮਝੌਤੇ ਵਾਲੇ ਦਿਨ ਇਹ ਐਲਾਨ ਕੀਤਾਗਿਆ ਸੀ ਕਿ ਜਿਹੜੇ ਲੋਕਾਂ ਨੂੰ ਆਨਲਾਈਨ ਫਾਰਮ ਭਰਨੇ ਨਹੀਂ ਆਉਂਦੇ, ਉਨ੍ਹਾਂ ਲਈ ਸੁਵਿਧਾ ਕੇਂਦਰਾਂ ਵਿਚ ਇਹ ਸਹੂਲਤ ਮੁਹਾਈਆ ਕਰਵਾਈ ਜਾਵੇਗੀ ਅਤੇ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਵਲੋਂ ਅੱਜ ਤੋਂ ਇਹ ਸਹੂਲਤ ਦਿੱਤੀ ਜਾਣੀ ਹੈ ਤੇ ਇਸ ਕਾਰਨ ਵੀ ਘੱਟ ਗਿਣਤੀ ਵਿਚ ਲੋਕਾਂ ਵੱਲੋਂ ਆਨਲਾਈਨ ਰਜਿਸਟ੍ਰੇਸ਼ਨ ਕਰਵਾਈ ਗਈ ਹੈ।

## ਬਗਦਾਦੀ ਦੇ ਉਤਰਾਧਿਕਾਰੀ ਦਾ ਵੀ ਅੰਤ ! ਟਰੰਪ ਦੇ ਟਵੀਟ ਨੇ ਮਚਾਇਆ ਹੜਕੰਪ



ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਨੂੰ ਇੱਕ ਟਵੀਟ ਕਰ ਕੇ ਦਾਅਵਾ ਕੀਤਾ ਹੈ ਕਿ ਘਟਨਾਵਾਂ ਨੂੰ ਅੰਜਾਮ ਦੇਣ ਵਾਲੀ ਅੱਤਵਾਦੀ ਜੱਥੇਬੰਦੀ 'ਇਸਲਾਮਿਕ ਸਟੇਟ' (ISIS) ਦੇ ਸਰਗਨਾ ਅਬੂ ਬਕਰ ਅਲ-ਬਗਦਾਦੀ ਦੇ ਅਗਲੇ ਉਤਰਾਧਿਕਾਰੀ ਨੂੰ ਵੀ ਅਮਰੀਕੀ ਸੈਨਿਕਾਂ ਨੇ ਖ਼ਤਮ ਕਰ ਦਿੱਤਾ ਹੈ।ਹਾਲਾਂਕਿ ਟਰੰਪ ਨੇ ਉਸ ਵਿਅਕਤੀ ਦੀ ਪਛਾਣ ਜਨਤਕ ਨਹੀਂ ਕੀਤੀ ਅਤੇ ਨਾ ਹੀ ਇਸ ਬਾਰੇ ਵਧੇਰੇ ਵਿਸਥਾਰ ਨਾਲ ਦੱਸਿਆ ਕਿ ਉਸ ਨੂੰ ਕਿਵੇਂ ਮਾਰਿਆ ਗਿਆ, ਪਰ ਅਮਰੀਕਾ ਨੇ ਸੋਮਵਾਰ ਨੂੰ ਆਈਐਸ ਦੇ ਬੁਲਾਰੇ ਤੇ ਜੇਹਾਦੀ ਸਮੂਹ ਦੇ ਉੱਚ ਪੱਧਰੀ ਸ਼ਖਸੀਅਤ ਅਬੂ ਅਲ-ਹਸਨ ਅਲ-ਮੁਹਾਜ਼ੀਰ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ। ਦੱਸ ਦੇਈਏ ਅਬੂ ਬਕਰ ਅਲ-ਬਗ਼ਦਾਦੀ ਦੇ ਮਾਰੇ ਜਾਣ ਤੋਂ ਬਾਅਦ ਹਾਲ ਹੀ ਵਿੱਚ ISIS ਦੇ ਨਵੇਂ ਮੁਖੀ ਥਾਪੇ ਜਾਣ ਦੀ ਖ਼ਬਰ ਆਈ ਸੀ। ਸੱਦਾਮ ਹੁਸੈਨ ਦੀ ਫ਼ੌਜ 'ਚ ਅਧਿਕਾਰੀ ਰਹੇ ਅਬਦੁੱਲ੍ਹਾ ਕਰਦਸ਼ ਨੂੰ ਨਵਾਂ ISIS ਮੁਖੀ ਥਾਪਿਆ ਗਿਆ ਸੀ। ਸੱਦਾਮ ਹੁਸੈਨ ਦਾ ਸੱਜਾ ਹੱਥ ਰਹੇ ਹਾਜੀ ਅਬਦੁੱਲ੍ਹਾ, ਅਲ-ਅਫ਼ਾਰੀ ਜਾਂ ਪ੍ਰੋਫ਼ੈਸਰ ਦੇ ਨਾਂਅ ਨਾਲ ਮਸ਼ਹੂਰ ਕਰਦਸ਼ ਨੂੰ ਬਗ਼ਦਾਦੀ ਨੇ ISIS ਦੇ ਕਥਿਤ ਮੁਸਲਿਮ ਮਾਮਲਿਆਂ ਦਾ ਵਿਭਾਗ ਚਲਾਉਣ ਲਈ ਖ਼ੁਦ ਚੁਣਿਆ ਸੀ। ਦੱਸ ਦੇਈਏ ਦੁਨੀਆ ਵਿੱਚ ਅੱਤਵਾਦ ਦਾ ਸਭ ਤੋਂ ਖ਼ੂੰਖਾਰ ਨਾਂ ਅਬੂ ਬਕਰ ਅਲ ਬਗਦਾਦੀ ਸ਼ਨੀਵਾਰ ਦੀ ਰਾਤ ਨੂੰ ਮਾਰਿਆ ਗਿਆ। ਉਸ ਨੂੰ ਅਮਰੀਕੀ ਫੌਜ ਨੇ ਉੱਤਰ ਪੱਛਮ ਇਲਾਕੇ ਵਿੱਚ ਮਾਰਿਆ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਖ਼ੁਦ ਇਸ ਆਪਰੇਸ਼ਨ ਨੂੰ ਲਾਈਵ ਦੇਖ ਰਹੇ ਸੀ। ਬਗਦਾਦੀ ਇੱਕ ਸੁਰੰਗ ਵਿੱਚ ਲੁਕਿਆ ਸੀ ਪਰ ਘੇਰਾਬੰਦੀ ਅਜਿਹੀ ਸੀ ਕਿ ਉਸ ਕੋਲ ਬਚਣ ਦਾ ਕੋਈ ਚਾਰਾ ਨਹੀਂ ਸੀ। ਉਹ ਮੌਤ ਤੋਂ ਪਹਿਲਾਂ ਸੁਰੰਗ ਵਿੱਚ ਰੋਂਦਾ ਤੇ ਚੀਕਦਾ ਰਿਹਾ।

## 4 ਸਾਲਾਂ 'ਚ ਦੋਆਬਾ ਦੇ 3,500 ਟ੍ਰੈਵਲ ਏਜੰਟਾਂ 'ਤੇ ਪਏ ਇਮੀਗ੍ਰੇਸ਼ਨ ਧੋਖਾਧੜੀਆਂ ਦੇ ਕੇਸ




ਜਲੰਧਰ : ਦੋਆਬਾ ਤੋਂ ਵਿਦੇਸ਼ ਜਾਣ ਦੇ ਚਾਹਵਾਨ ਹਜ਼ਾਰਾਂ ਲੋਕ ਹੁਣ ਤੱਕ ਅਣ-ਅਧਿਕਾਰਤ ਟ੍ਰੈਵਲ ਏਜੰਟਾਂ ਦੀਆਂ ਧੋਖਾਧੜੀਆਂ ਦੇ ਸ਼ਿਕਾਰ ਹੋ ਚੁੱਕੇ ਹਨ। ਪੰਜਾਬ ਦੇ ਦੋਆਬਾ ਇਲਾਕੇ 'ਚੋਂ ਹੀ ਸਭ ਤੋਂ ਵੱਧ ਪੰਜਾਬੀ ਉਡਾਰੀਆਂ ਮਾਰ ਕੇ ਹੋਰਨਾਂ ਦੇਸ਼ਾਂ 'ਚ ਜਾ ਕੇ ਵੱਸਦੇ ਹਨ। ਪਿਛਲੇ ਚਾਰ ਕੁ ਸਾਲਾਂ ਦੌਰਾਨ ਇਮੀਗ੍ਰੇਸ਼ਨ ਧੋਖਾਧੜੀਆਂ ਵਿੱਚ ਚੋਖਾ ਵਾਧਾ ਹੋਇਆ ਹੈ ਪਰ ਪੁਲਿਸ ਉਨ੍ਹਾਂ ਠੱਗ ਕਿਸਮ ਦੇ ਬਹੁਤੇ ਟ੍ਰੈਵਲ ਏਜੰਟਾਂ ਨੂੰ ਕਾਬੂ ਕਰਨ ਤੋਂ ਅਸਮਰੱਥ ਰਹੀ ਹੈ। ਉਹ ਸਿਰਫ਼ ਕੇਸ ਦਾਇਰ ਕਰਨ ਤੋਂ ਇਲਾਵਾ ਹੋਰ ਕੋਈ ਕਾਰਵਾਈ ਕਰਨ ਤੋਂ ਅਸਮਰੱਥ ਜਾਪਦੀ ਹੈ। ਪਿੱਛੇ ਜਿਹੇ ਜਿਹੜੇ 311 ਭਾਰਤੀ ਨੌਜਵਾਨਾਂ ਨੂੰ ਮੈਕਸੀਕੋ ਦੀ ਸਰਕਾਰ ਨੇ ਡੀਪੋਰਟ ਕਰ ਕੇ ਭਾਰਤ ਵਾਪਸ ਭੇਜਿਆ ਸੀ, ਉਨ੍ਹਾਂ 'ਚੋਂ ਬਹੁਤਿਆਂ ਦਾ ਇਹੋ ਦੋਸ਼ ਹੈ ਕਿ ਉਨ੍ਹਾਂ ਨੂੰ ਆਪਣੇ ਦੇਸ਼ 'ਚ ਛੇਤੀ ਕਿਤੇ ਰੁਜ਼ਗਾਰ ਨਹੀਂ ਲੱਭਦਾ, ਜਿਸ ਕਾਰਨ ਉਹ ਸਹਿਜੇ ਹੀ ਟ੍ਰੈਵਲ ਏਜੰਟਾਂ ਦੇ ਢਹੇ ਚੜ੍ਹ ਜਾਂਦੇ ਹਨ। ਇਹ ਸਾਰੇ ਨੌਜਵਾਨ ਗ਼ੈਰ-ਕਾਨੂੰਨੀ ਤਰੀਕੇ ਅਮਰੀਕਾ 'ਚ ਦਾਖ਼ਲ ਹੋਣਾ ਚਾਹੁੰਦੇ ਸਨ। ਪੁਲਿਸ ਰਿਕਾਰਡ ਮੁਤਾਬਕ ਦੋਆਬਾ ਇਲਾਕੇ 'ਚ ਰੋਜ਼ਾਨਾ ਔਸਤਨ 10 ਸ਼ਿਕਾਇਤਾਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਦਾ ਸਬੰਧ ਇਮੀਗ੍ਰੇਸ਼ਨ ਧੋਖਾਧੜੀਆਂ ਨਾਲ ਹੁੰਦਾ ਹੈ। ਪਿਛਲੇ ਚਾਰ ਸਾਲਾਂ ਦੌਰਾਨ ਦੋਆਬਾ ਇਲਾਕੇ 'ਚ 3,500 ਟ੍ਰੈਵਲ ਏਜੰਟਾਂ ਵਿਰੁੱਧ 1,467 ਐੱਫ਼ਆਈਆਰਜ਼ ਦਾਇਰ ਹੋ ਚੁੱਕੀਆਂ ਹਨ। ਜਿਹੜੇ ਟ੍ਰੈਵਲ ਏਜੰਟਾਂ ਖ਼ਿਲਾਫ਼ ਕੇਸ ਦਰਜ ਹੋਏ ਹਨ; ਉਨ੍ਹਾਂ ਵਿਚੋਂ ਹਾਲੇ ਬਹੁਤਿਆਂ ਦੀ ਗ੍ਰਿਫ਼ਤਾਰੀ ਨਹੀਂ ਹੋਈ ਹੈ। ਪੁਲਿਸ ਰਿਕਾਰਡਾਂ ਮੁਤਾਬਕ ਬਹੁਤੇ ਲੋਕਾਂ ਨੂੰ ਦੁਬਈ, ਮਲੇਸ਼ੀਆ, ਬਹਿਰੀਨ, ਆਰਮੀਨੀਆ, ਸਊਦੀ ਅਰਾਬ, ਕੈਨੇਡਾ ਤੇ ਅਮਰੀਕਾ ਭੇਜਣ ਦੇ ਨਾਅ 'ਤੇ ਠੱਗਿਆ ਜਾਂਦਾ ਹੈ। ਇਸੇ ਵਰ੍ਹੇ ਇਕੱਲੇ ਕਪੂਰਥਲਾ ਜ਼ਿਲ੍ਹੇ 'ਚ 37 ਐੱਫ਼ਆਈਆਰਜ਼ ਦਰਜ ਹੋ ਚੁੱਕੀਆਂ ਹਨ। ਇੰਝ ਹੀ ਨਵਾਂ ਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) 'ਚ ਇਮੀਗ੍ਰੇਸ਼ਨ ਧੋਖਾਧੜੀਆਂ ਦੇ 65 ਮਾਮਲੇ, ਜਲੰਧਰ 'ਚ 119 ਤੇ ਹੁਸ਼ਿਆਰਪੁਰ 'ਚ 42 ਮਾਮਲੇ ਦਰਜ ਹੋ ਚੁੱਕੇ ਹਨ। ਪੁਲਿਸ ਹਾਲੇ ਤੱਕ ਸਿਰਫ਼ 150 ਮੁਲਜ਼ਮਾਂ ਨੂੰ ਹੀ ਗ੍ਰਿਫ਼ਤਾਰ ਕਰ ਸਕੀ ਹੈ। ਮੈਕਸੀਕੋ ਤੋਂ ਪਿਛਲੇ ਮਹੀਨੇ ਡੀਪੋਰਟ ਹੋਏ ਕਪੂਰਥਲਾ ਦੇ ਸੰਤੋਸ਼ ਕੁਮਾਰ ਨੇ ਦੱਸਿਆ ਕਿ ਟ੍ਰੈਵਲ ਏਜੰਟ ਨੇ ਉਨ੍ਹਾਂ ਤੋਂ 18 ਲੱਖ ਰੁਪਏ ਵਸੂਲ ਕੀਤੇ ਸਨ ਤੇ ਇਹ ਭਰੋਸਾ ਦਿਵਾਇਆ ਸੀ ਕਿ ਉਨ੍ਹਾਂ ਨੂੰ ਅਮਰੀਕਾ 'ਚ ਸੁਰੱਖਿਅਤ ਦਾਖ਼ਲ ਕਰਵਾ ਦੇਵੇਗਾ। ਪਰ ਬਾਅਦ 'ਚ ਉਹ ਉਨ੍ਹਾਂ ਨੂੰ ਬਹੁਤ ਹੀ ਬਿਖੜੇ ਪੈਂਡਿਆਂ ਵਿੱਚੋਂ ਦੀ ਲੰਘਾ ਕੇ ਮੈਕਸੀਕੋ ਲੈ ਗਏ। ਜਲੰਧਰ ਦੇ ਐਸਐਸਪੀ ਨਵਜੋਤ ਸਿੰਘ ਮਾਹਲ ਨੇ ਦੱਸਿਆ ਕਿ ਇਹ ਟ੍ਰੈਵਲ ਏਜੰਟ ਜ਼ਿਆਦਾਤਰ ਪਿੰਡਾਂ ਦੇ ਭੋਲੇ-ਭਾਲੇ ਤੇ ਅਨਪੜ੍ਹ ਕਿਸਮ ਦੇ ਬੇਰੁਜ਼ਗਾਰ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਰਹੇ ਹਨ।



# ਪੈਦਲ ਤੁਰਨ ਤੇ ਸੌਣ ਦੇ ਮਾਮਲੇ ਚ ਸਭ ਤੋਂ ਪਿੱਛੇ ਭਾਰਤੀ



ਵਾਸ਼ਿੰਗਟਨ/ਨਵੀਂ ਦਿੱਲੀ– ਕੰਮ ਕਰਨ ਦੇ ਮਾਮਲੇ 'ਚ ਭਾਵੇਂ ਹੀ ਭਾਰਤੀ ਸਭ ਤੋਂ ਅੱਗੇ ਹੋਣ ਪਰ ਫਿਟਨੈੱਸ ਅਤੇ ਐਕਟਿਵ ਰਹਿਣ ਦੇ ਮਾਮਲੇ 'ਚ ਸਭ ਤੋਂ ਪਿੱਛੇ ਹਨ। ਇਕ ਰਿਪੋਰਟ ਮੁਤਾਬਕ ਭਾਰਤ ਦੇ ਲੋਕ ਸਭ ਤੋਂ ਘੱਟ ਫੁਰਤੀਲੇ ਹੁੰਦੇ ਹਨ ਅਤੇ ਰੋਜ਼ਾਨਾ ਔਸਤਨ ਭਾਰਤੀ ਸਿਰਫ 6 ਹਜ਼ਾਰ 553 ਕਦਮ ਹੀ ਤੁਰਦੇ ਹਨ, ਜੋ ਇਸ ਸਟੱਡੀ 'ਚ ਸ਼ਾਮਲ ਸਾਰੇ ਦੇਸ਼ਾਂ ਦੇ ਲੋਕਾਂ ਦੇ ਮੁਕਾਬਲੇ ਸਭ ਤੋਂ ਘੱਟ ਹੈ। ਅਮਰੀਕਾ, ਬ੍ਰਿਟੇਨ, ਜਾਪਾਨ ਅਤੇ ਸਿੰਗਾਪੁਰ ਸਮੇਤ 18 ਦੇਸ਼ਾਂ ਦੇ ਲੋਕਾਂ ਦੇ ਡਾਟਾ ਦੇ ਆਧਾਰ 'ਤੇ ਇਹ ਰਿਪੋਰਟ ਤਿਆਰ ਕੀਤੀ ਗਈ ਹੈ। ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਭਾਰਤੀ ਨੀਂਦ ਲੈਣ ਦੇ ਮਾਮਲੇ 'ਚ ਵੀ ਬਹੁਤ ਪਿੱਛੇ ਹਨ। ਜਾਪਾਨ ਤੋਂ ਬਾਅਦ ਭਾਰਤੀ ਦੂਸਰੇ ਨੰਬਰ 'ਤੇ ਹਨ, ਜੋ ਸਭ ਤੋਂ ਘੱਟ ਨੀਂਦ ਲੈਂਦੇ ਹਨ। ਭਾਰਤੀ ਔਸਤਨ ਰਾਤ 'ਚ 7 ਘੰਟੇ 1 ਮਿੰਟ ਹੀ ਸੌਂਦੇ ਹਨ। ਆਇਰਲੈਂਡ 'ਚ ਲੋਕ ਸਭ ਤੋਂ ਜ਼ਿਆਦਾ ਔਸਤਨ 7 ਘੰਟੇ 57 ਮਿੰਟ ਯਾਨੀ ਲੱਗਭਗ 8 ਘੰਟੇ ਸੌਂਦੇ ਹਨ। 18 ਦੇਸ਼ਾਂ ਤੋਂ ਜੁਟਾਏ ਗਏ ਡਾਟੇ ਦੇ ਆਧਾਰ 'ਤੇ ਕਿਹਾ ਗਿਆ ਹੈ ਕਿ ਭਾਰਤੀ ਦਿਨ 'ਚ ਔਸਤਨ 32 ਮਿੰਟ ਹੀ ਫੁਰਤੀਲੇ ਰਹਿੰਦੇ ਹਨ। ਹਾਂਗਕਾਂਗ ਦੇ ਲੋਕਾਂ ਦੇ ਮੁਕਾਬਲੇ 'ਚ ਭਾਰਤੀ ਰੋਜ਼ਾਨਾ 3600 ਕਦਮ ਘੱਟ ਤੁਰਦੇ ਹਨ। ਜੇਕਰ ਤੁਸੀਂ 30 ਸਾਲ ਤੋਂ ਘੱਟ ਉਮਰ ਦੇ ਹੋ ਤਾਂ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਸ ਉਮਰ ਤੋਂ ਬਾਅਦ ਤੁਹਾਡੀਆਂ ਹੱਡੀਆਂ ਪਤਲੀਆਂ ਹੋਣੀਆਂ ਸ਼ੁਰੂ ਹੋ ਜਾਣਗੀਆਂ, ਅਜਿਹੇ 'ਚ ਜੇਕਰ ਤੁਹਾਡੀਆਂ ਹੱਡੀਆਂ ਮਜ਼ਬੂਤ ਨਹੀਂ ਹਨ ਤਾਂ ਅੱਗੇ ਚੱਲ ਕੇ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜੇਕਰ ਤੁਸੀਂ 15 ਮਿੰਟ ਰੋਜ਼ਾਨਾ ਪੈਦਲ ਤੁਰਦੇ ਹੋ ਤਾਂ ਤੁਹਾਡੀਆਂ ਹੱਡੀਆਂ ਬਹੁਤ ਮਜ਼ਬੂਤ ਰਹਿਣਗੀਆਂ। ਜ਼ਿਆਦਾਤਰ ਲੋਕ ਜਿਮ ਜਾਣਾ ਤਾਂ ਸ਼ੁਰੂ ਕਰਦੇ ਹਨ ਪਰ ਲਗਾਤਾਰ ਜਾਂਦੇ ਨਹੀਂ ਹਨ ਪਰ ਕੀ ਤੁਸੀਂ ਜਾਣਦੇ ਹੋ ਕਿ ਸਿਰਫ 15 ਮਿੰਟ ਪੈਦਲ ਤੁਰਨ ਨਾਲ ਤੁਸੀਂ ਖੁਦ ਨੂੰ ਫਿਟ ਰੱਖ ਸਕਦੇ ਹੋ। ਅਮਰੀਕਨ ਸਾਇਕੋਲਾਜੀਕਲ ਐਸੋਸੀਏਸ਼ਨ ਦੇ ਇਕ ਪ੍ਰਯੋਗ ਮੁਤਾਬਕ ਸਵੇਰੇ ਉੱਠ ਕੇ ਪੈਦਲ ਤੁਰਨ ਵਾਲੇ ਲੋਕਾਂ ਦਾ ਮੂਡ ਹਰ ਸਮੇਂ ਚੰਗਾ ਰਹਿੰਦਾ ਹੈ ਅਤੇ ਉਹ ਖੁਦ ਨੂੰ ਤਰੋ-ਤਾਜ਼ਾ ਮਹਿਸੂਸ ਕਰਦੇ ਹਨ। ਇਕ ਸਟੱਡੀ ਮੁਤਾਬਕ ਪੈਦਲ ਤੁਰਨ ਵਾਲੀਆਂ ਔਰਤਾਂ ਦੇ ਸਰੀਰ 'ਤੇ ਬੇਹੱਦ ਘੱਟ ਫੈਟ ਹੁੰਦੀ ਹੈ। ਇਸ ਦਾ ਸਭ ਤੋਂ ਜ਼ਿਆਦਾ ਅਸਰ 40 ਤੋਂ 60 ਦੀ ਉਮਰ 'ਚ ਦੇਖਣ ਨੂੰ ਮਿਲਦਾ ਹੈ। ਇਕ ਸਟੱਡੀ ਮੁਤਾਬਕ ਪੈਦਲ ਤੁਰਨ ਨਾਲ ਤੁਹਾਡੀ ਕ੍ਰਿਏਟੀਵਿਟੀ ਵੀ ਵਧਦੀ ਹੈ। ਇਸ ਲਈ ਜੇਕਰ ਤੁਸੀਂ ਵੀ ਆਪਣੀ ਕ੍ਰਿਏਟੀਵਿਟੀ 'ਤੇ ਨਿਰਭਰ ਰਹਿੰਦੇ ਹੋ ਤਾਂ ਤੁਸੀਂ ਸਿਰਫ 15 ਮਿੰਟ ਦੇਕੇ ਖੁਦ ਨੂੰ ਅੱਗੇ ਰੱਖ ਸਕਦੇ ਹੋ। ਉਥੇ ਨੀਂਦ ਦੇ ਮਾਮਲੇ 'ਚ ਭਾਰਤ 'ਚ 75 ਤੋਂ 90 ਸਾਲ ਦੇ ਲੋਕਾਂ ਦੀ ਸਥਿਤੀ ਹੋਰ ਵੀ ਖਰਾਬ ਹੈ। ਔਸਤਨ 6 ਘੰਟੇ 35 ਮਿੰਟ ਹੀ ਸੌਂ ਸਕਦੇ ਹਨ।

ਰਿਪੋਰਟ ਮੁਤਾਬਕ 18 ਤੋਂ 25 ਸਾਲ ਦੇ ਭਾਰਤੀ ਔਸਤਨ ਰਾਤ ਨੂੰ 12 ਵੱਜ ਕੇ 33 ਮਿੰਟ 'ਤੇ ਸੌਂਦੇ ਹਨ, ਉਥੇ ਬਜ਼ੁਰਗ ਇਨ੍ਹਾਂ ਤੋਂ 1 ਘੰਟਾ ਪਹਿਲਾਂ ਹੀ ਸੌਣ ਚਲੇ ਜਾਂਦੇ ਹਨ। ਜਦੋਂ ਤੁਸੀਂ ਤੁਰਦੇ ਹੋ ਤਾਂ ਤੁਹਾਡੇ ਦਿਮਾਗ ਦੇ ਵੱਖ-ਵੱਖ ਹਿੱਸਿਆਂ ਵਿਚਾਲੇ ਆਪਸੀ ਤਾਲਮੇਲ ਬਿਹਤਰ ਹੁੰਦਾ ਹੈ। ਇਸ ਤੋਂ ਇਲਾਵਾ ਤੁਹਾਡਾ ਦਿਮਾਗ ਮਾਨਸਿਕ ਗੜਬੜੀਆਂ ਤੋਂ ਵੀ ਸੁਰੱਖਿਅਤ ਰਹਿੰਦਾ ਹੈ। ਜੇਕਰ ਤੁਸੀਂ ਇਕਦਮ ਹੌਲੀ ਤੁਰਦੇ ਹੋ ਤਾਂ ਤੁਹਾਨੂੰ ਕੋਈ ਖਾਸ ਫਾਇਦਾ ਨਹੀਂ ਹੋਣ ਵਾਲਾ ਹੈ, ਇਸ ਲਈ ਜ਼ਰੂਰੀ ਹੈ ਕਿ ਥੋੜ੍ਹਾ ਤੇਜ਼ ਤੁਰੋ ਅਤੇ ਜ਼ਿਆਦਾ ਤੁਰੋ।

# ਲਸ਼ਕਰ-ਏ-ਤੋਇਬਾ ਪਾਕਿਸਤਾਨ ਲਈ ਚੰਗਾ ਨਕਾਬ : ਅਮਰੀਕੀ ਮਾਹਰ



ਵਾਸ਼ਿੰਗਟਨ– ਸੁਰੱਖਿਆ ਮੁੱਦਿਆਂ 'ਤੇ ਇਕ ਪ੍ਰਮੁੱਖ ਮਾਹਰ ਨੇ ਕਿਹਾ ਹੈ ਕਿ ਅੱਤਵਾਦੀ ਸੰਗਠਨ ਲਸ਼ਕਰ-ਏ-ਤੋਇਬਾ ਪਾਕਿਸਤਾਨ ਦੀ ਜਾਸੂਸੀ ਏਜੰਸੀ ਆਈ.ਐੱਸ.ਆਈ. ਦਾ ਇਕ ਚੰਗਾ ਨਕਾਬ ਹੈ। ਜਾਰਜਟਾਊਨ ਯੂਨੀਵਰਸਿਟੀ ਦੀ ਕ੍ਰਿਟੀਨ ਫੇਅਰ ਨੇ ਹਡਸਨ ਇੰਸਟੀਚਿਊਟ ਥਿੰਕ ਟੈਂਕ 'ਚ ਇਕ ਗੋਲਮੇਜ਼ ਸੰਮੇਲਨ ਦੌਰਾਨ ਕਿਹਾ ਕਿ ਅਸਲ 'ਚ ਪਾਕਿਸਤਾਨ ਫੌਜ ਲਸ਼ਕਰ-ਏ-ਤੋਇਬਾ ਦੇ ਮੈਂਬਰਾਂ ਨੂੰ ਟ੍ਰੇਨਿੰਗ ਦਿੰਦੀ ਹੈ। ਇਸੇ ਕਾਰਨ ਉਹ ਇੰਨੇ ਸਮਰਥ ਹਨ। ਉਨ੍ਹਾਂ ਨੇ ਭਾਰਤ ਦੇ ਅੰਦਰ ਕੁਝ ਵੱਡੇ ਅੱਤਵਾਦੀ ਹਮਲਿਆਂ ਦੇ ਸਬੰਧ 'ਚ ਮੰਗਲਵਾਰ ਨੂੰ ਇਹ ਗੱਲ ਕਹੀ। 'ਇਨ ਦੇਅਰ ਆਨ ਵਰਡਸ: ਅੰਡਰਸਟੈਂਡਿੰਗ ਲਸ਼ਕਰ-ਏ-ਤੋਇਬਾ' ਨਾਂ ਦੀ ਪੁਸਤਕ ਦੀ ਲੇਖਿਕਾ ਫੇਅਰ ਨੇ ਕਿਹਾ ਕਿ ਕੁਝ ਮਾਇਨਿਆਂ 'ਚ ਲਸ਼ਕਰ ਨੂੰ ਇਸ ਤਰ੍ਹਾਂ ਬਣਾਇਆ ਗਿਆ ਸੀ। ਲਸ਼ਕਰ ਇਕ ਚੰਗਾ ਨਕਾਬ ਹੈ। ਲਸ਼ਕਰ ਉਨਾਂ ਹੀ ਨੇੜੇ ਹੈ, ਜਿੰਨਾਂ ਇਕ ਚੰਗਾ ਨਕਾਬ ਚਾਹੀਦਾ ਹੈ। ਇਕ ਸਵਾਲ ਦੇ ਜਵਾਬ 'ਚ ਫੇਅਰ ਨੇ ਕਿਹਾ ਕਿ ਉਨ੍ਹਾਂ ਨੇ ਭਾਰਤੀ ਸੰਵਿਧਾਨ ਦੀ ਧਾਰਾ 370 ਨੂੰ ਹਟਾਉਣ ਦੇ ਸਰਕਾਰ ਦੇ ਫੈਸਲੇ ਦਾ ਸਮਰਥਨ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਮੈਂ ਧਾਰਾ 370 ਤੋਂ ਛੁਟਾਕਾਰੇ ਦਾ ਸਮਰਥਨ ਕੀਤਾ ਕਿਉਂਕਿ ਮੈਂ ਇਕ ਸੰਵਿਧਾਨਵਾਦੀ ਹਾਂ ਤੇ ਮੈਨੂੰ ਲੱਗਦਾ ਹੈ ਕਿ ਧਾਰਾ 370 ਇਕ ਅਪਮਾਨਜਨਕ, ਭੇਦਭਾਵਪੂਰਨ ਕਾਨੂੰਨੀ ਸ਼ਾਸਨ ਸੀ। ਮੈਂ ਸਮਝਦੀ ਹਾਂ ਕਿ ਸੁਰੱਖਿਆ ਉਪਾਅ ਨੂੰ ਅਪਣਾਇਆ ਜਾਣਾ ਜ਼ਰੂਰੀ ਸੀ। ਫੇਅਰ ਨੇ ਕਿਹਾ ਕਿ ਮੇਰਾ ਮੰਨਣਾ ਹੈ ਕਿ ਅਜਿਹਾ ਕਰਨ ਦੇ ਲਈ ਹੋਰ ਕੋਈ ਰਸਤਾ ਨਹੀਂ ਸੀ। ਉਨ੍ਹਾਂ ਕਿਹਾ ਕਿ ਜੇਕਰ ਭਾਰਤੀ ਗੱਲਬਾਤ ਪ੍ਰਕਿਰਿਆ ਦੇ ਰਾਹੀਂ ਅਜਿਹਾ ਕਰਨ ਦੀ ਕੋਸ਼ਿਸ਼ ਕਰਦਾ ਤਾਂ ਪਾਕਿਸਤਾਨੀ ਕਦੇ ਵੀ ਅਜਿਹਾ ਨਹੀਂ ਹੋਣ ਦਿੰਦੇ। ਪਾਕਿਸਤਾਨ ਨੇ ਕਸ਼ਮੀਰ ਮੁੱਦੇ 'ਤੇ ਭਾਰਤ ਦੇ ਖਿਲਾਫ ਅੰਤਰਰਾਸ਼ਟਰੀ ਸਮਰਥਨ ਹਾਸਲ ਕਰਨ 'ਚ ਅਸਫਲ ਕੋਸ਼ਿਸ਼ਾਂ ਕੀਤੀਆਂ ਸਨ। ਹਾਲਾਂਕਿ ਭਾਰਤ ਨੇ ਲਗਾਤਾਰ ਕਿਹਾ ਹੈ ਕਿ ਇਹ ਉਸ ਦਾ ਅੰਦਰੂਨੀ ਮਾਮਲਾ ਹੈ।

# 2014 ਤੋਂ ਬਾਅਦ 22 ਹਜ਼ਾਰ ਤੋਂ ਜ਼ਿਆਦਾ ਭਾਰਤੀਆਂ ਨੇ ਮੰਗੀ ਅਮਰੀਕਾ ਚ ਪਨਾਹ



ਵਾਸ਼ਿੰਗਟਨ– ਅਮਰੀਕਾ 'ਚ ਸਾਲ 2014 ਤੋਂ ਬਾਅਦ 7 ਹਜ਼ਾਰ ਔਰਤਾਂ ਸਣੇ 22 ਹਜ਼ਾਰ ਤੋਂ ਜ਼ਿਆਦਾ ਭਾਰਤੀਆਂ ਨੇ ਪਨਾਹ ਦੀ ਮੰਗ ਕੀਤੀ ਹੈ। ਇਹ ਜਾਣਕਾਰੀ ਇਕ ਨਵੇਂ ਅਧਿਕਾਰਿਤ ਅੰਕੜੇ 'ਚ ਸਾਹਮਣੇ ਆਈ ਹੈ। 'ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ' ਦੇ ਕਾਰਜਕਾਰੀ ਨਿਰਦੇਸ਼ਕ ਸਤਨਾਮ ਸਿੰਘ ਚਹਲ ਨੇ ਕਿਹਾ ਕਿ ਭਾਰਤੀਆਂ ਵਲੋਂ ਅਮਰੀਕਾ 'ਚ ਸ਼ਰਣ ਮੰਗੇ ਜਾਣ ਦੇ ਕਾਰਨ ਭਾਰਤ 'ਚ ਬੇਰੁਜ਼ਗਾਰੀ ਜਾਂ ਪੱਖਪਾਕ ਜਾਂ ਦੋਵੇਂ ਹੋ ਸਕਦੇ ਹਨ। ਐੱਨ.ਏ.ਪੀ.ਏ. ਨੂੰ ਸੂਚਨਾ ਦੀ ਸੁਤੰਤਰਤਾ ਕਾਨੂੰਨ ਦੇ ਤਹਿਤ 'ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਸ ਨੈਸ਼ਨਲ ਰਿਕਾਰਡ ਸੈਂਟਰ' ਤੋਂ ਪ੍ਰਾਪਤ ਸੂਚਨਾ ਦੇ ਮੁਤਾਬਕ ਸਾਲ 2014 ਤੋਂ ਬਾਅਦ 22,371 ਭਾਰਤੀਆਂ ਨੇ ਅਮਰੀਕਾ 'ਚ ਸ਼ਰਣ ਮੰਗੀ ਹੈ। ਚਹਲ ਨੇ ਕਿਹਾ ਕਿ ਇਹ ਅੰਕੜੇ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਨੇ ਕਿਹਾ ਕਿ ਸ਼ਰਣ ਮੰਗਣ ਵਾਲੇ ਕੁੱਲ ਭਾਰਤੀਆਂ 'ਚ 15,436 ਪੁਰਸ਼ ਤੇ 6,935 ਮਹਿਲਾਵਾਂ ਸ਼ਾਮਲ ਹਨ। ਸ਼ਰਣ ਚਾਹੁਣ ਵਾਲਿਆਂ ਦੇ ਵਿਚਾਲੇ ਕੰਮ ਕਰਨ ਵਾਲੇ ਸਿੰਘ ਨੇ ਕਿਹਾ ਕਿ ਅਮਰੀਕਾ 'ਚ ਗੈਰ-ਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਵਾਲਿਆਂ ਦੇ ਲਈ ਸ਼ਰਣ ਮੰਗਣ ਦੀ ਪ੍ਰਕਿਰਿਆ ਉਨ੍ਹਾਂ ਦੀਆਂ ਦਿੱਕਤਾਂ ਨੂੰ ਹੋਰ ਵਧਾ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਅਮਰੀਕਾ 'ਚ ਦਾਖਲ ਹੋਣ ਤੋਂ ਬਾਅਦ ਇਨ੍ਹਾਂ ਤੋਂ ਬਹੁਤੇ ਲੋਕ ਨਿੱਜੀ ਅਟਾਰਨੀ ਦੀਆਂ ਸੇਵਾਵਾਂ ਲੈਂਦੇ ਹਨ, ਜੋ ਅਜਿਹੀ ਫੀਸ ਦੀ ਮੰਗ ਕਰਦੇ ਹਨ ਜੋ ਕਿ ਉਨ੍ਹਾਂ ਦੇ ਭੁਗਤਾਨ ਦੀ ਸਮਰਥਾ ਤੋਂ ਪਰੇ ਹੁੰਦੀ ਹੈ। ਇਸ ਤੋਂ ਇਲਾਵਾ ਅਜਿਹੇ ਲੋਕ, ਜਿਨ੍ਹਾਂ ਨੂੰ ਵਕੀਲ ਮਿਲ ਵੀ ਜਾਂਦਾ ਹੈ ਉਨ੍ਹਾਂ ਲਈ ਪ੍ਰਕਿਰਿਆ ਤਣਾਅ ਭਰੀ ਹੋ ਸਕਦੀ ਹੈ ਕਿਉਂਕਿ ਅਪਲਾਈ ਕਰਨ ਤੋਂ ਕਈ ਮਹੀਨੇ ਬਾਅਦ ਤੱਕ ਉਹ ਕੰਮ ਕਰਨ ਲਈ ਪਰਮਿਟ ਹਾਸਲ ਨਹੀਂ ਕਰ ਪਾਉਂਦੇ। ਸਿੰਘ ਨੇ ਕਿਹਾ ਕਿ ਇਸ ਲਈ ਜੋ ਭਾਰਤੀ ਅਮਰੀਕਾ ਆਉਣਾ ਚਾਹੁੰਦੇ ਹਨ ਉਨ੍ਹਾਂ ਨੂੰ ਦੇਸ਼ 'ਚ ਕਾਨੂੰਨੀ ਤਰੀਕੇ ਨਾਲ ਦਾਖਲ ਹੋਣਾ ਚਾਹੀਦਾ ਹੈ, ਜਿਸ ਨਾਲ ਉਹ ਮੁਸ਼ਕਿਲਾਂ ਤੋਂ ਬਚ ਸਕਣ। ਇਸ ਮਹੀਨੇ ਦੇ ਸ਼ੁਰੂ 'ਚ ਮੈਕਸਿਕੋ ਨੇ 311 ਭਾਰਤੀਆਂ ਨੂੰ ਅਮਰੀਕਾ 'ਚ ਦਾਖਲ ਹੋਣ ਲਈ ਗਲਤ ਤਰੀਕੇ ਦੀ ਵਰਤੋਂ ਕਰਨ ਲਈ ਭਾਰਤ ਵਾਪਸ ਭੇਜ ਦਿੱਤਾ ਗਿਆ ਸੀ।

# ਕੈਲੀਫੋਰਨੀਆ ਦੀ ਅੱਗ ਪੁੱਜੀ ਲਾਸ ਏਂਜਲਸ, ਕਈ ਹਾਲੀਵੁੱਡ ਸਿਤਾਰਿਆਂ ਦੇ ਘਰ ਸੜ ਕੇ ਸੁਆਹ

ਲਾਸ ਏਂਜਲਸ- ਕੈਲੀਫੋਰਨੀਆ ਦੇ ਜੰਗਲਾਂ 'ਚ ਲੱਗੀ ਭਿਆਨਕ ਅੱਗ ਲਾਸ ਏਂਜਲਸ ਤਕ ਪਹੁੰਚ ਗਈ ਹੈ। ਹਾਲੀਵੁੱਡ ਦੇ ਕਈ ਸਿਤਾਰਿਆਂ ਦੇ ਕਰੋੜਾਂ ਰੁਪਏ ਦੀ ਕੀਮਤ ਵਾਲੇ ਘਰ ਸੜ ਕੇ ਸੁਆਹ ਹੋ ਗਏ। ਲਾਸ ਏਂਜਲਸ ਦੇ ਕਈ ਲੋਕ ਆਪਣੇ ਘਰ ਖਾਲੀ ਕਰ ਕੇ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਮਜਬੂਰ ਹੋਏ ਹਨ। ਪਿਛਲੇ ਬੁੱਧਵਾਰ ਲੱਗੀ ਇਸ ਅੱਗ ਕਾਰਣ ਹੁਣ ਤਕ ਤਿੰਨ ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਖਬਰਾਂ ਮੁਤਾਬਕ ਮੁਖ ਅੱਗ ਕੈਲੀਫੋਰਨੀਆ ਦੇ ਸੋਨੋਮਾ ਕਾਊਂਟੀ ਨਾਮੀ ਥਾਂ 'ਤੇ ਲੱਗੀ ਹੈ। ਸੂਬੇ ਦੇ ਸਾਨ ਫਰਾਂਸਿਸਕੋ ਸ਼ਹਿਰ ਦੇ ਆਕਾਰ ਤੋਂ ਦੁੱਗਣੇ ਖੇਤਰ 'ਚ ਇਹ ਅੱਗ ਫੈਲ ਚੁੱਕੀ ਹੈ। ਇਹ ਖੇਤਰ ਲਗਭਗ 22000 ਏਕੜ ਬਣਦਾ ਹੈ। ਸ਼ਰਾਬ ਦੀ ਇਕ ਡੇਢ ਸੌ ਸਾਲ ਪੁਰਾਣੀ ਫੈਕਟਰੀ ਸੜ ਕੇ ਸੁਆਹ ਹੋ ਗਈ ਹੈ। ਉਥੇ ਸਿਰਫ ਸਟੀਲ ਦੀ ਮੂਰਤੀ ਹੀ ਬਚੀ ਹੈ। ਲਾਸ ਏਂਜਲਸ ਦੀਆਂ ਕਈ ਵੱਡੀਆਂ ਕੋਠੀਆਂ ਭਸਮ ਹੋ ਗਈਆਂ ਹਨ। ਇਹ ਕੋਠੀਆਂ ਕਈ ਮੰਨੇ ਪ੍ਰਮੰਨੇ ਵਿਅਕਤੀਆਂ ਦੀਆਂ ਦੱਸੀਆਂ ਜਾਂਦੀਆਂ ਹਨ। ਅੱਗ ਦਾ ਧੂੰਆਂ ਲਾਸ ਏਂਜਲਸ ਦੇ ਕਈ ਇਲਾਕਿਆਂ 'ਚ ਪਹੁੰਚਣ ਕਾਰਣ ਹਵਾ ਦਾ ਪੱਧਰ ਖਰਾਬ ਹੋ ਚੁੱਕਾ ਹੈ। ਸਕੂਲਾਂ ਨੂੰ ਬੰਦ ਕਰ ਦਿੱਤਾ ਗਿਆ ਹੈ। ਵੱਖ-ਵੱਖ ਸਕੂਲਾਂ ਦੇ 10,000 ਤੋਂ ਵੱਧ ਬੱਚੇ ਘਰਾਂ 'ਚ ਬੈਠਣ ਨੂੰ ਮਜਬੂਰ ਹਨ। ਪਿਛਲੇ ਸਾਲ ਲੱਗੀ ਅੱਗ ਕਾਰਣ 85 ਵਿਅਕਤੀ ਮਾਰੇ ਗਏ ਸਨ। ਕੈਲੀਫੋਰਨੀਆ ਦੇ ਜੰਗਲਾਂ 'ਚ ਹਰ

# ਅਮਰੀਕੀ ਹਵਾਈ ਫੌਜ ਦਾ ਸਪੇਸਕ੍ਰਾਫਟ ਆਇਆ ਵਾਪਸ, 780 ਦਿਨ ਲਗਾਇਆ ਧਰਤੀ ਦਾ ਚੱਕਰ

ਵਾਸ਼ਿੰਗਟਨ(ਬਿਊਰੋ) : ਅਮਰੀਕੀ ਹਵਾਈ ਫੌਜ ਦੀ ਖੁਫੀਆ ਮਨੁੱਖ ਰਹਿਤ ਪੁਲਾੜ ਗੱਡੀ ਐਕਸ-37ਬੀ ਧਰਤੀ ਦੇ ਪੰਧ ਵਿਚ 780 ਦਿਨ ਚੱਕਰ ਲਗਾ ਕੇ ਐਤਵਾਰ ਨੂੰ ਵਾਪਸ ਪਰਤ ਆਈ। ਜਾਣਕਾਰੀ ਮੁਤਾਬਕ ਅਮਰੀਕਾ ਕਰੀਬ 10 ਸਾਲ ਤੋਂ ਇਕ ਰਹੱਸਮਈ ਮੁਹਿੰਮ 'ਤੇ ਕੰਮ ਕਰ ਰਿਹਾ ਹੈ। ਇਸ ਦੇ ਤਹਿਤ ਭੇਜਿਆ ਗਿਆ ਇਹ ਸਭ ਤੋਂ ਲੰਬਾ ਮਿਸ਼ਨ ਸੀ। ਹਵਾਈ ਫੌਜ ਦੇ ਮੁਤਾਬਕ ਇਹ ਜਹਾਜ਼ ਛੋਟੀ ਪੁਲਾੜ ਗੱਡੀ ਵਾਂਗ ਦਿੱਸਦਾ ਹੈ। ਇਸ ਨੂੰ ਪੰਧ ਵਿਚ ਪ੍ਰਯੋਗਾਂ ਲਈ ਵਰਤਿਆ ਜਾਂਦਾ ਹੈ, ਜਿਸ ਨੂੰ ਪਰੀਖਣਾਂ ਲਈ ਧਰਤੀ 'ਤੇ ਵਾਪਸ ਲਿਆਂਦਾ ਜਾ ਸਕਦਾ ਹੈ। ਹਵਾਈ ਫੌਜ ਨੇ ਇਨ੍ਹਾਂ ਪ੍ਰਯੋਗਾਂ ਦੇ ਬਾਰੇ ਵਿਚ ਵਿਸਥਾਰ ਨਾਲ ਜਾਣਕਾਰੀ ਨਹੀਂ ਦਿੱਤੀ। ਸਿਰਫ ਇਹ ਦੱਸਿਆ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਦਾ ਉਦੇਸ਼ ਸਪੇਸ ਵਿਚ ਚੁਣੌਤੀਆਂ ਨੂੰ ਘੱਟ ਕਰਨਾ ਅਤੇ ਪੁਲਾੜ ਗੱਡੀ ਤਕਨੀਕ ਨੂੰ ਦੁਬਾਰਾ ਵਰਤੋਂ ਲਾਇਕ ਬਣਾਉਣਾ ਹੈ। ਹਵਾਈ ਫੌਜ ਨੇ ਅੱਗੇ ਕਿਹਾ, "ਐਕਸ-37ਬੀ ਮਿਸ਼ਨ ਨੇ ਹਵਾਈ ਫੌਜ ਰਿਸਰਚ ਲੈਬੋਰਟਰੀ (ਏ.ਐੱਫ.ਆਰ.ਐੱਲ.) ਦੇ ਲਈ ਕਈ ਪ੍ਰਯੋਗ ਕੀਤੇ। ਏ.ਐੱਫ.ਆਰ.ਐੱਲ. ਸਪੇਸ, ਹਵਾ ਅਤੇ ਸਾਈਬਰਸਪੇਸ ਸੈਕਟਰਾਂ ਲਈ ਵਾਰਫਾਈਟਿੰਗ ਤਕਨਾਲੋਜੀ ਵਿਕਸਿਤ ਕਰਦਾ ਹੈ।" ਇਸ ਦੀ ਵੈਬਸਾਈਟ ਮੁਤਾਬਕ, "ਇਹ ਲੇਜਰ ਹਥਿਆਰ ਵਿਕਸਿਤ ਕਰ ਰਿਹਾ ਹੈ, ਜਿਸ ਨੂੰ ਜਹਾਜ਼ 'ਤੇ ਲਗਾਇਆ ਜਾ ਸਕਦਾ ਹੈ।" ਜਹਾਜ਼ ਐਕਸ-37ਬੀ ਨੂੰ ਨਵੇਂ ਨੇਵੀਗੇਸ਼ਨ ਸਿਸਟਮ ਦੇ ਪਰੀਖਣ ਲਈ ਡਿਜ਼ਾਈਨ ਕੀਤਾ ਗਿਆ ਹੈ। ਨਾਲ ਹੀ ਵਾਯੂਮੰਡਲ ਵਿਚ ਜਹਾਜ਼ ਦੇ ਦਾਖਲ ਹੋਣ ਅਤੇ ਸੁਰੱਖਿਅਤ ਲੈਂਡਿੰਗ ਲਈ ਬਣਾਇਆ ਗਿਆ ਹੈ। ਹਵਾਈ ਫੌਜ ਦੇ ਮੁਤਾਬਕ, "ਪਿਛਲੇ ਮਿਸ਼ਨਾਂ ਨੇ ਨੇਵੀਗੇਸ਼ਨ, ਥਰਮਲ ਪ੍ਰੋਟੈਕਸ਼ਨ ਸਿਸਟਮ, ਆਟੋਨੋਮਜ਼ ਆਰਬੀਟਲ ਫਲਾਈਟ ਜਿਹੀ ਤਕਨੀਕ ਦਾ ਪਰੀਖਣ ਕੀਤਾ ਹੈ। ਐਕਸ-37ਬੀ ਸਪੇਸਕ੍ਰਾਫਟ 29 ਫੁੱਟ ਲੰਬਾ ਅਤੇ 9.5 ਫੁੱਟ ਚੌੜਾ ਹੈ। ਇਸ ਦੇ ਖੰਭ ਕਰੀਬ 15 ਫੁੱਟ ਲੰਬੇ ਹਨ। ਇਸ ਨੂੰ ਸਪੇਸਐਕਸ ਫਾਲਕਨ-9 ਰਾਕੇਟ ਤੋਂ ਸਤੰਬਰ 2017 ਵਿਚ ਲਾਂਚ ਕੀਤਾ ਗਿਆ ਸੀ। ਹਵਾਈ ਫੌਜ ਨੇ ਕਿਹਾ ਹੈ ਕਿ ਉਹ 2020 ਵਿਚ 6ਵਾਂ ਐੱਕਸ-37ਬੀ ਮਿਸ਼ਨ ਸ਼ੁਰੂ ਕਰਨ ਦੀ ਤਿਆਰੀ ਕਰ ਰਹੀ ਹੈ।

# ਅਮਰੀਕਾ : ਹੈਲੋਵੀਨ ਪਾਰਟੀ ਦੌਰਾਨ ਗੋਲੀਬਾਰੀ, 3 ਲੋਕਾਂ ਦੀ ਮੌਤ ਤੇ 9 ਜ਼ਖਮੀ



ਵਾਸ਼ਿੰਗਟਨ– ਅਮਰੀਕਾ ਦੇ ਲਾਸ ਏਂਜਲਸ 'ਚ ਹੈਲੋਵੀਨ ਪਾਰਟੀ ਦੌਰਾਨ ਗੋਲੀਬਾਰੀ ਹੋਣ ਦੀ ਖਬਰ ਹੈ। ਅਮਰੀਕੀ ਮੀਡੀਆ ਮੁਤਾਬਕ ਇੱਥੇ ਗੋਲੀਬਾਰੀ 'ਚ 3 ਲੋਕਾਂ ਦੀ ਮੌਤ ਹੋ ਗਈ ਜਦਕਿ ਹੋਰ 9 ਜ਼ਖਮੀ ਹੋ ਗਏ। ਅਧਿਕਾਰੀਆਂ ਮੁਤਾਬਕ ਮੰਗਲਵਾਰ ਰਾਤ ਨੂੰ ਲਾਸ ਏਂਜਲਸ 'ਚ ਇਕ ਪਾਰਟੀ ਦੌਰਾਨ ਲਗਭਗ 10.45 ਵਜੇ ਗੋਲੀਬਾਰੀ ਹੋਈ। ਟੀ. ਵੀ. 'ਚ ਦਿਖਾਇਆ ਗਿਆ ਸੀ ਕਿ ਮੌਕੇ 'ਤੇ ਪੁੱਜੇ ਪੈਰਾਮੈਡਿਕ ਅਧਿਕਾਰੀ ਇਕ ਖੁੱਲ੍ਹੀ ਥਾਂ 'ਤੇ ਜ਼ਖਮੀਆਂ ਦਾ ਇਲਾਜ ਕਰ ਰਹੇ ਹਨ। ਨੇੜਲੇ ਇਲਾਕੇ 'ਚ ਰਹਿੰਦੇ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਨੇ ਪਾਰਟੀ ਦੌਰਾਨ ਗੋਲੀਬਾਰੀ ਦੀਆਂ ਆਵਾਜ਼ਾਂ ਸੁਣੀਆਂ। ਲਾਂਗ ਬੀਚ ਫਾਇਰ ਡਿਪਾਰਟਮੈਂਟ ਦਾ ਕਹਿਣਾ ਹੈ ਕਿ ਜ਼ਖਮੀਆਂ ਨੂੰ ਹਸਪਤਾਲਾਂ 'ਚ ਭੇਜ ਦਿੱਤਾ ਗਿਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਅਜੇ ਇਹ ਜਾਣਕਾਰੀ ਨਹੀਂ ਮਿਲੀ ਕਿ ਗੋਲੀਬਾਰੀ ਕਿਉਂ ਹੋਈ। ਇਸ ਸਬੰਧੀ ਜਾਂਚ ਚੱਲ ਰਹੀ ਹੈ।

# ਬਾਗੀ ਸੁਰਾਂ ਨੂੰ ਦਬਾਉਣ ਲਈ ਭਾਰਤ ਦੇ ਕਮਾਂਡੋਆਂ ਦਾ ਪੰਜਾਬ ਵਿੱਚ ਪੱਕਾ ਅੱਡਾ ਬਣਾਉਣ ਦੀ ਤਿਆਰੀ

ਚੰਡੀਗੜ੍ਹ: ਭਾਵੇਂ ਕਿ ਸਿੱਖ ਅਜ਼ਾਦ ਦੇਸ਼ ਖਾਲਿਸਤਾਨ ਦੇ ਹਥਿਆਰਬੰਦ ਸੰਘਰਸ਼ ਨੂੰ ਭਾਰਤ ਸਰਕਾਰ ਨੇ ਅਣਮਨੁੱਖੀ ਅਤੇ ਗੈਰ ਅਸੂਲੀ ਤਰੀਕਿਆਂ ਨਾਲ ਦਹਿਸ਼ਤ ਪਾ ਕੇ ਠੱਲ ਪਾ ਕੇ ਆਪਣੀ ਜਿੱਤ ਦਾ ਐਲਾਨ ਕੀਤਾ ਸੀ ਪਰ ਸਿੱਖਾਂ ਅੰਦਰ ਅਜ਼ਾਦ ਦੇਸ਼ ਹਾਸਿਲ ਕਰਨ ਦੀ ਇੱਛਾ ਜਿਉਂਦੀ ਹੈ ਜਿਸ ਦੇ ਚਲਦਿਆਂ ਭਾਰਤ ਸਰਕਾਰ ਨੇ ਪੰਜਾਬ ਵਿੱਚ ਉੱਠਦੀਆਂ ਬਾਗੀ ਅਵਾਜ਼ਾਂ ਨੂੰ ਦੱਬਣ ਲਈ ਆਪਣੇ ਐਨ.ਐਸ.ਜੀ ਕਮਾਂਡੋਆਂ ਦਾ ਪੰਜਾਬ ਵਿੱਚ ਪੱਕਾ ਅੱਡਾ ਬਣਾਉਣ ਦੀ ਤਿਆਰੀ ਕਰ ਲਈ ਹੈ। ਭਾਰਤ ਸਰਕਾਰ ਵਲੋਂ ਪੰਜਾਬ 'ਚ ਨੈਸ਼ਨਲ ਸਕਿਉਰਟੀ ਗਾਰਡਜ਼ (ਐਨ.ਐਸ.ਜੀ.) ਦੇ ਕਮਾਂਡੋਜ਼ ਦਾ ਖੇਤਰੀ (ਰੀਜ਼ਨਲ) ਹੱਬ ਬਣਾਉਣ ਬਾਰੇ ਵਿਚਾਰ ਕੀਤੀ ਜਾ ਰਹੀ ਹੈ। ਸੂਤਰਾਂ ਮੁਤਾਬਿਕ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਪੰਜਾਬ ਸਰਕਾਰ ਵਲੋਂ ਐਨ.ਐਸ.ਜੀ. ਦਾ ਕੇਂਦਰ ਸਥਾਪਿਤ ਕਰਨ ਬਾਰੇ ਵਿਆਪਕ ਯੋਜਨਾ ਤਿਆਰ ਕੀਤੀ ਜਾ ਰਹੀ ਅਤੇ ਇਸ ਸਬੰਧ 'ਚ ਕੇਂਦਰ ਵਲੋਂ ਪੰਜਾਬ ਸਰਕਾਰ ਨੂੰ ਪਠਾਨਕੋਟ ਜਾਂ ਅੰਮ੍ਰਿਤਸਰ 'ਚ ਜ਼ਮੀਨ ਉਪਲਬੱਧ ਕਰਵਾਉਣ ਲਈ ਕਿਹਾ ਗਿਆ ਹੈ। ਅਖਬਾਰੀ ਰਿਪੋਰਟਾਂ ਮੁਤਾਬਿਕ ਇਸ ਹੱਬ 'ਚ ਐਨ.ਐਸ.ਜੀ. ਕਮਾਂਡੋਜ਼ ਦੀ ਅਜਿਹੀ ਟੀਮ ਸ਼ਾਮਿਲ ਹੋਵੇਗੀ, ਜੋ ਬਾਗੀਆਂ ਵੱਲੋਂ ਕੀਤੇ ਜਾਣ ਵਾਲੇ ਹਥਿਆਰਬੰਦ ਹਮਲਿਆਂ ਨੂੰ ਰੋਕਣ ਲਈ ਕੰਮ ਕਰੇਗੀ ਅਤੇ ਇਹ ਪੰਜਾਬ ਦੇ ਨਾਲ-ਨਾਲ ਜੰਮੂ-ਕਸ਼ਮੀਰ 'ਚ ਵੀ ਸਰਗਰਮ ਰਹੇਗੀ। ਗੁਪਤ ਪਛਾਣ ਵਾਲੇ ਅਫਸਰ ਦੇ ਹਵਾਲੇ ਨਾਲ ਛਪੀਆਂ ਖਬਰਾਂ ਮੁਤਾਬਿਕ ਪੰਜਾਬ ਸਰਕਾਰ ਐਨ.ਐਸ.ਜੀ. ਹੱਬ ਲਈ ਪਠਾਨਕੋਟ 'ਚ ਜ਼ਮੀਨ ਉਪਲਬੱਧ ਕਰਵਾਉਣ ਲਈ ਤਿਆਰ ਹੈ, ਜਦਕਿ ਬਿਹਤਰ ਗਤੀਵਿਧੀ ਤੇ ਸਹਿਯੋਗ ਲਈ ਅੰਮ੍ਰਿਤਸਰ 'ਚ ਜ਼ਮੀਨ ਉਪਲਬੱਧ ਕਰਵਾਉਣ ਬਾਰੇ ਗੱਲਬਾਤ ਜਾਰੀ ਹੈ। ਜ਼ਿਕਰਯੋਗ ਹੈ ਕਿ ਇਸ ਸਮੇਂ ਮੁੰਬਈ, ਕੋਲਕਾਤਾ, ਚੇਨਈ, ਹੈਦਰਾਬਾਦ ਤੇ ਗੁਜਰਾਤ ਐਨ.ਐਸ.ਜੀ. ਹੱਬ ਹਨ ਅਤੇ ਜੇਕਰ ਪੰਜਾਬ 'ਚ ਐਨ.ਐਸ.ਜੀ. ਦਾ ਇਹ ਹੱਬ ਬਣਿਆ ਤਾਂ ਇਹ ਭਾਰਤ ਦਾ 6ਵਾਂ ਹੱਬ ਹੋਵੇਗਾ, ਜਿਸ ਦੇ ਜ਼ਿੰਮੇ ਪੂਰੇ ਉੱਤਰੀ ਭਾਰਤ ਦੇ ਸਮੁੱਚੇ ਪਹਾੜੀ ਇਲਾਕੇ ਵੀ ਹੋਣਗੇ।

# ਅਮਰੀਕਾ ਗਏ 6 ਨੌਜਵਾਨਾਂ ਦਾ ਕੋਈ ਥਹੁ-ਪਤਾ ਨਹੀਂ

## ਪਰਿਵਾਰਕ ਮੈਂਬਰ ਹਾਲੋ-ਬੇਹਾਲ, ਏਜੰਟਾਂ ਦੀ ਪੁਲਿਸ ਨਾਲ ਗੰਢਤੁੱਪ ਦੇ ਦੋਸ਼



ਜਲੰਧਰ : ਟਰੈਵਲ ਏਜੰਟ ਵੱਲੋਂ ਲੱਖਾਂ ਰੁਪਏ ਲੈ ਕੇ 6 ਬੱਚਿਆਂ ਨੂੰ ਅਮਰੀਕਾ ਭੇਜਣ ਦਾ ਝਾਂਸਾ ਦੇ ਕੇ ਨਾਲ ਲਿਜਾਣ ਤੋਂ ਬਾਅਦ ਢਾਈ ਸਾਲ ਬੀਤਣ 'ਤੇ ਵੀ ਬੱਚਿਆਂ ਦਾ ਕੁਝ ਪਤਾ ਨਹੀਂ ਚੱਲਿਆ ਹੈ। ਇਨ੍ਹਾਂ ਦਾ ਪਤਾ ਲਗਾਉਣ ਲਈ ਪਰਿਵਾਰਕ ਮੈਂਬਰ ਧੱਕੇ ਖਾ ਰਹੇ ਹਨ। ਦੋ ਸਾਲ ਬਾਅਦ ਪੁਲਿਸ ਵੱਲੋਂ ਉਕਤ ਟਰੈਵਲ ਏਜੰਟ ਨੂੰ ਗ੍ਰਿਫ਼ਤਾਰ ਕਰਨ ਦੇ ਬਾਵਜੂਦ ਉਸ ਕੋਲੋਂ ਨਾ ਤਾਂ ਪੁਲਿਸ ਨੇ ਸਖ਼ਤੀ ਨਾਲ ਪੁੱਛਗਿੱਛ ਕੀਤੀ ਤੇ ਨਾ ਹੀ ਉਸ ਦੀ ਗ੍ਰਿਫ਼ਤਾਰੀ ਬਾਰੇ ਪੀੜਤ ਪਰਿਵਾਰਾਂ ਨੂੰ ਸੂਚਨਾ ਦਿੱਤੀ। ਪੁਲਿਸ ਵੱਲੋਂ ਬਿਨਾਂ ਪੁੱਛਗਿੱਛ ਟਰੈਵਲ ਏਜੰਟ ਨੂੰ ਜੇਲ੍ਹ ਭੇਜ ਦਿੱਤਾ ਗਿਆ ਤੇ ਹੁਣ ਉਹ ਸੈਸ਼ਨ ਕੋਰਟ ਤੇ ਹਾਈ ਕੋਰਟ 'ਚੋਂ ਆਪਣੀ ਜ਼ਮਾਨਤ ਕਰਵਾਉਣ ਦੀ ਕੋਸ਼ਿਸ਼ਾਂ 'ਚ ਲੱਗਾ ਹੋਇਆ ਹੈ। ਇਹ ਖੁਲਾਸਾ ਸ਼ਮਸ਼ੇਰ ਸਿੰਘ ਵਾਸੀ ਮਹਿੰਦੀਪੁਰ ਹੁਸ਼ਿਆਰਪੁਰ ਤੇ ਜਰਨੈਲ ਸਿੰਘ ਵਾਸੀ ਮੁਕੇਰੀਆਂ ਨੇ ਪ੍ਰੈੱਸ ਕਲੱਬ ਜਲੰਧਰ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਪੁੱਤਰ ਇੰਦਰਜੀਤ ਸਿੰਘ ਤੇ ਸਰਬਜੀਤ ਸਿੰਘ ਸਮੇਤ ਚਾਰ ਹੋਰ ਨੌਜਵਾਨਾਂ ਨੂੰ ਟਰੈਵਲ ਏਜੰਟ ਸੁਖਵਿੰਦਰ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਮਹਿੰਦੀ ਹੁਸ਼ਿਆਰਪੁਰ ਜੋ ਕਿ ਸਾਬਕਾ ਪੁਲਿਸ ਮੁਲਾਜ਼ਮ ਵੀ ਹੈ, ਢਾਈ ਸਾਲ ਪਹਿਲਾਂ ਅਮਰੀਕਾ ਲਿਜਾਉਣ ਲਈ ਲੈ ਗਿਆ।ਅਮਰੀਕਾ ਭੇਜਣ ਲਈ ਉਨ੍ਹਾਂ ਟਰੈਵਲ ਏਜੰਟ ਨੂੰ ਲੱਖਾਂ ਰੁਪਏ ਵੀ ਦਿੱਤੇ ਪਰ ਅੱਜ ਤਕ ਉਨ੍ਹਾਂ ਦੇ ਬੱਚੇ ਨਾ ਤਾਂ ਅਮਰੀਕਾ ਪਹੁੰਚੇ ਹਨ ਤੇ ਨਾ ਹੀ ਉਨ੍ਹਾਂ ਬਾਰੇ ਕੋਈ ਜਾਣਕਾਰੀ ਮਿਲ ਰਹੀ ਹੈ। ਇਸ ਦੀ ਸ਼ਿਕਾਇਤ ਉਨ੍ਹਾਂ ਪੁਲਿਸ ਨੂੰ ਦਿੱਤੀ ਤੇ ਟਰੈਵਲ ਏਜੰਟ ਖ਼ਿਲਾਫ਼ ਢਾਈ ਸਾਲ ਪਹਿਲਾਂ ਮਾਮਲਾ ਦਰਜ ਕਰਵਾਇਆ ਗਿਆ, ਪਰ ਪੁਲਿਸ ਵੱਲੋਂ ਉਕਤ ਟਰੈਵਲ ਏਜੰਟ ਨੂੰ ਇਸ ਲਈ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਕਿਉਂਕਿ ਉਹ ਖ਼ੁਦ ਹੀ ਪੁਲਿਸ ਮੁਲਾਜ਼ਮ ਰਹਿ ਚੁੱਕਾ ਸੀ। ਉਨ੍ਹਾਂ ਦੱਸਿਆ ਕਿ ਕੁਝ ਸਮਾਂ ਪਹਿਲਾਂ ਸੁਖਵਿੰਦਰ ਸਿੰਘ ਨੂੰ ਪੁਲਿਸ ਨੇ ਮਿਲੀਭੁਗਤ ਨਾਲ ਗ੍ਰਿਫ਼ਤਾਰ ਕੀਤਾ ਤੇ ਬਿਨਾਂ ਉਨ੍ਹਾਂ ਨੂੰ ਦੱਸੇ ਉਸ ਨੂੰ ਜੇਲ੍ਹ ਭੇਜ ਦਿੱਤਾ। ਉਨ੍ਹਾਂ ਪੁਲਿਸ 'ਤੇ ਦੋਸ਼ ਲਗਾਇਆ ਕਿ ਉਨ੍ਹਾਂ ਦੇ ਬੱਚਿਆਂ ਬਾਰੇ ਉਸ ਕੋਲੋਂ ਕੁਝ ਵੀ ਪੁੱਛ-ਗਿੱਛ ਨਹੀਂ ਕੀਤੀ ਗਈ। ਸੁਖਵਿੰਦਰ ਸਿੰਘ ਨੇ ਮੁਕੇਰੀਆਂ ਅਦਾਲਤ 'ਚ ਆਪਣੀ ਜ਼ਮਾਨਤ ਅਰਜ਼ੀ ਲਗਾਈ ਸੀ ਜੋ ਖ਼ਾਰਜ ਕਰ ਦਿੱਤੀ ਗਈ। ਹੁਣ ਉਹ ਸੈਸ਼ਨ ਕੋਰਟ ਤੇ ਹਾਈ ਕੋਰਟ 'ਚ ਜ਼ਮਾਨਤ ਅਰਜ਼ੀ ਲਾਉਣ ਜਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਉਸ ਦੀ ਜ਼ਮਾਨਤ ਅਰਜ਼ੀ ਖਾਰਜ ਕੀਤੀ ਜਾਵੇ ਤੇ ਪੁਲਿਸ ਉਸ ਨੂੰ ਪ੍ਰੋਡਕਸ਼ਨ ਵਰੰਟ 'ਤੇ ਲਿਆ ਕੇ ਉਨ੍ਹਾਂ ਦੇ ਬੱਚਿਆਂ ਬਾਰੇ ਜਾਣਕਾਰੀ ਹਾਸਲ ਕਰੇ ਤਾਂ ਜੋ ਉਨ੍ਹਾਂ ਦੇ ਬੱਚੇ ਸੁਰੱਖਿਅਤ ਘਰ ਆ ਸਕਣ। ਉਨ੍ਹਾਂ ਪੁਲਿਸ ਦੇ ਉੱਚ ਅਧਿਕਾਰੀਆਂ ਕੋਲੋਂ ਵੀ ਇਨਸਾਫ਼ ਦੀ ਗੁਹਾਰ ਲਗਾਉਂਦੇ ਹੋਏ ਮੰਗ ਕੀਤੀ ਹੈ ਕਿ ਉਕਤ ਟਰੈਵਲ ਏਜੰਟ ਨੂੰ ਪ੍ਰੋਡਕਸ਼ਨ ਵਰੰਟ 'ਤੇ ਲਿਆਉਣ ਦੇ ਹੁਕਮ ਜਾਰੀ ਕੀਤੇ ਜਾਣ ਤੇ ਉਸ ਕੋਲੋਂ ਪੁੱਛਗਿਛ ਕਰਵਾਈ ਜਾਵੇ।

# 550 ਸਾਲਾ ਪ੍ਰਕਾਸ਼ ਪੁਰਬ: ਬਰੈਂਪਟਨ-ਕੈਨੇਡਾ 'ਚ ਬਣੇਗੀ ਗੁਰੂ ਨਾਨਕ ਦੇਵ ਸਟ੍ਰੀਟ



ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸ਼ਾਨਦਾਰ ਤਰੀਕੇ ਨਾਲ ਮਨਾਉਣ ਦੀਆਂ ਤਿਆਰੀਆਂ ਸਿਰਫ਼ ਪੰਜਾਬ 'ਚ ਹੀ ਨਹੀਂ, ਸਗੋਂ ਸਮੁੱਚੇ ਵਿਸ਼ਵ ਦੇ ਕੋਣੇ-ਕੋਣੇ 'ਚ ਚੱਲ ਰਹੀਆਂ ਹਨ। ਇਸ ਮਾਮਲੇ 'ਚ ਵੱਡੀ ਤੇ ਤਾਜ਼ਾ ਮਿਸਾਲ ਕੈਨੇਡੀਅਨ ਸੂਬੇ ਉਨਟਾਰੀਓ ਦੇ ਬਰੈਂਪਟਨ ਸ਼ਹਿਰ ਦੀ ਨਗਰ ਕੌਂਸਲ ਦੀ ਦਿੱਤੀ ਜਾ ਸਕਦੀ ਹੈ, ਜਿਸ ਨੇ ਆਪਣੀ ਇੱਕ ਸੜਕ ਦਾ ਨਾਂਅ ਹੁਣ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂਅ ਹੇਠ ਰੱਖਣ ਲਈ ਇੱਕ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਹੈ। ਕੈਨੇਡੀਅਨ ਮਹਾਂਨਗਰ ਟੋਰਾਂਟੋ ਦੇ ਉੱਪਨਗਰ ਬਰੈਂਪਟਨ 'ਚ ਗੁਰੂ ਸਾਹਿਬ ਦੇ ਨਾਂਅ ਦੀ ਸੜਕ ਲਈ ਮਤਾ ਖੇਤਰੀ ਕੌਂਸਲਰ ਗੁਰਪ੍ਰੀਤ ਸਿੰਘ ਢਿਲੋਂ ਤੇ ਨਗਰ ਕੌਂਸਲਰ ਹਰਕੀਰਤ ਸਿੰਘ ਨੇ ਪੇਸ਼ ਕੀਤਾ ਸੀ। ਡਿਕਸੀ ਰੋਡ ਤੇ ਗ੍ਰੇਟ ਲੇਕਸ ਵਾਲੀ ਸੜਕ ਦੇ ਵਿਚਕਾਰ ਪੀਟਰ ਰਾਬਰਟਸਨ ਬੂਲੇਵਾਰਡ ਦੇ ਸੈਕਸ਼ਨ ਨੂੰ ਗੁਰੂ ਸਾਹਿਬ ਦਾ ਨਾਂਅ ਬਖ਼ਸ਼ਿਆ ਜਾਣਾ ਹੈ। ਦਸਤਾਵੇਜ਼ਾਂ 'ਚ ਇਸ ਸੜਕ ਦਾ ਨਾਂਅ 'ਗੁਰੂ ਨਾਨਕ ਸਟ੍ਰੀਟ' ਜਾਂ 'ਗੁਰੂ ਨਾਨਕ ਰੋਡ' ਰਹੇਗਾ। ਫ਼ੋਨ 'ਤੇ 'ਹਿੰਦੁਸਤਾਨ ਟਾਈਮਜ਼' ਨਾਲ ਗੱਲਬਾਤ ਦੌਰਾਨ ਸ੍ਰੀ ਗੁਰਪ੍ਰੀਤ ਢਿਲੋਂ ਨੇ ਦੱਸਿਅ ਕਿ ਬਰੈਂਪਟਨ 'ਚ ਵੱਡੀ ਗਿਣਤੀ ਵਿੱਚ ਸਿੱਖ ਰਹਿ ਰਹੇ ਹਨ। ਕੈਨੇਡਾ ਸਭਿਆਚਾਰਕ ਵਿਭਿੰਨਤਾ ਵਾਲੀ ਧਰਤੀ ਹੈ ਤੇ ਇੱਥੇ ਵੱਖੋ-ਵੱਖਰੇ ਧਰਮਾਂ, ਨਸਲਾਂ, ਜਾਤਾਂ ਅਤੇ ਪਿਛੋਕੜਾਂ ਦੇ ਲੋਕ ਪੂਰੀ ਏਕਤਾ ਤੇ ਆਪਸੀ ਪਿਆਰ ਨਾਲ ਰਹਿੰਦੇ ਹਨ।

ਸ੍ਰੀ ਢਿਲੋਂ ਨੇ ਦੱਸਿਆ ਕਿ ਹੁਣ 550ਵੇਂ ਪ੍ਰਕਾਸ਼ ਪੁਰਬ ਮੌਕੇ ਬਰੈਂਪਟਨ ਨਗਰ ਕੌਂਸਲ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂਅ 'ਤੇ ਇੱਕ ਸੜਕ ਦਾ ਨਾਂਅ 'ਤੇ ਰੱਖਣ ਲਈ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸੜਕਾਂ ਦੇ ਨਾਂਅ ਨਵੇਂ ਸਿਰੇ ਤੋਂ ਰੱਖਣ ਨੂੰ ਮਨਜ਼ੂਰੀ ਦੇਣ ਵਾਲੀ ਜ਼ਿਲਾ-ਪੱਧਰੀ ਕਮੇਟੀ ਦੀ ਮਨਜ਼ੂਰੀ ਮਿਲਣ ਤੋਂ ਬਾਅਦ ਅਗਲੇਰੀ ਕਾਰਵਾਈ ਅਰੰਭ ਦਿੱਤੀ ਜਾਵੇਗੀ।

# ਜਹਾਜ਼ ਦੇ ਟਾਇਲਟ 'ਚ ਕੈਮਰਾ ਲੁਕਾ ਕਾਕਪਿਟ 'ਚ ਵੀਡੀਓ ਦੇਖਦੇ ਸਨ ਪਾਇਲਟ ! ਮਾਮਲਾ ਦਰਜ



ਵਾਸ਼ਿਂਗਟਨ: ਅਮਰੀਕਾ ਵਿੱਚ ਸਾਉਥ-ਵੈਸਟ ਏਅਰਲਾਈਨ ਦੇ ਪਾਇਲਟਾਂ ਦੀ ਇੱਕ ਅਜੀਬ ਕਰਤੂਤ ਸਾਹਮਣੇ ਆਈ ਹੈ। ਜਿਸ ਨੂੰ ਸੁਣ ਕੇ ਤੁਸੀ ਵੀ ਹੈਰਾਨ ਰਹਿ ਜਾਓਗੇ। ਜਹਾਜ਼ ਦੇ ਪਾਇਲਟਾਂ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਟਾਇਲਟ ਵਿੱਚ ਕੈਮਰਾ ਲਗਾ ਦਿੱਤਾ ਤੇ ਕਥਿਤ ਤੌਰ 'ਤੇ ਉਹ ਇਸ ਦੀ ਲਾਇਵ ਸਟਰੀਮਿੰਗ ਵੇਖ ਰਹੇ ਸਨ।

ਏਅਰਲਾਈਨਸ ਦੀ ਇੱਕ ਮਹਿਲਾ ਪਾਇਲਟ ਨੇ ਹੀ ਆਪਣੇ ਦੋ ਹੋਰ ਸਾਥੀ ਪਾਇਲਟਾਂ 'ਤੇ ਇਹ ਦੋਸ਼ ਲਗਾਇਆ ਹੈ ਕਿ ਉਨ੍ਹਾਂ ਨੇ ਜਹਾਜ਼ ਦੇ ਟਾਇਲਟ ਵਿੱਚ ਕੈਮਰਾ ਲੁਕਾਇਆ ਹੋਇਆ ਸੀ ਤੇ ਉਹ ਕਾਕਪਿਟ ਤੋਂ ਵਿੰਡਸ਼ੀਲਡ 'ਤੇ ਲੱਗੇ ਆਈਪੈਡ ਵਿੱਚ ਇਸ ਦੀ ਲਾਈਵ ਸਟਰੀਮਿੰਗ ਦੇਖ ਰਹੇ ਸਨ। ਸਾਥੀ ਪਾਇਲਟ ਨੇ ਦੋਵੇਂ ਦੋਸ਼ੀਆਂ 'ਤੇ ਕੇਸ ਦਰਜ ਕਰਵਾਇਆ ਹੈ। ਜਾਣਕਾਰੀ ਮੁਤਾਬਕ ਇਹ ਮਾਮਲਾ ਪਿਛਲੇ ਸਾਲ ਐਰੀਜ਼ੋਨਾ ਸਟੇਟ ਕੋਰਟ ਵਿੱਚ ਗਿਆ ਸੀ ਹੁਣ ਇਸ ਨੂੰ ਫੈਡਰਲ ਕੋਰਟ 'ਚ ਟਰਾਂਸਫਰ ਕਰ ਦਿੱਤਾ ਗਿਆ ਹੈ। ਸਾਊਥ ਵੈਸਟ ਨੇ ਐਤਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਏਅਰਲਾਈਨ ਜਹਾਜ਼ ਦੀ ਟਾਇਲਟ ਵਿੱਚ ਕੈਮਰੇ ਨਹੀਂ ਲਗਾਉਂਦੀ ਹੈ ਅਤੇ ਕਿਹਾ ਕਿ 2017 ਦੀ ਘਟਨਾ ਮਜ਼ਾਕ ਦੀ ਗਲਤ ਕੋਸ਼ਿਸ਼ ਸੀ। ਮਾਮਲੇ ਅਨੁਸਾਰ ਫਲਾਈਟ ਅਟੈਂਡੇਂਟ ਰੇਨੀ ਨੇ ਦੋਸ਼ ਲਗਾਇਆ ਕਿ ਉਸਨੇ ਪਲੇਨ ਦੇ ਫਾਰਵਰਡ ਲੈਵਰੇਟ ਤੋਂ iPad ਵਿੱਚ ਦਿਖਾਏ ਜਾ ਰਹੀ ਇੱਕ ਵੀਡੀਓ ਨੂੰ ਉਸ ਵੇਲੇ ਵੇਖਿਆ ਜਦੋਂ ਉਹ ਫਲਾਈਟ 1088 ਦੀ ਕਾਕਪਿਟ ਵਿੱਚ ਗਈ।

ਸ਼ਿਕਾਇਤ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਸਾਥੀ-ਪਾਇਲਟ ਰਿਆਨ ਰਸੇਲ ਨੇ ਸਵੀਕਾਰ ਕੀਤਾ ਕਿ ਆਈਪੈਡ ਤੋਂ ਟਾਇਲਟ 'ਚ ਲਗਾਏ ਗਏ ਇੱਕ ਕੈਮਰੇ ਤੋਂ ਵੀਡੀਓ ਲਾਇਵ ਸਟਰੀਮ ਹੋ ਰਿਹਾ ਸੀ ਪਰ ਉਸ ਨੇ ਰੇਨੀ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਕੈਮਰੇ ਸਾਊਥ-ਵੈਸਟ ਦੇ ਬੋਇੰਗ 737-800 ਜਹਾਜ਼ਾਂ ਵਿੱਚ ਗੁਪਤ ਸੁਰੱਖਿਆ ਉਪਾਅ ਦੇ ਤਹਿਤ ਲਗਾਏ ਗਏ ਸਨ।

# ਭੂਚਾਲ ਦੇ ਝਟਕਿਆਂ ਨਾਲ ਕੰਬਿਆ ਫਿਲਪੀਨ, ਛੇ ਜਣਿਆਂ ਦੀ ਮੌਤ, ਲੋਕਾਂ 'ਚ ਦਹਿਸ਼ਤ ਦਾ ਮਾਹੌਲ

ਮਨੀਲਾ (ਏਜੰਸੀ) : ਫਿਲਪੀਨ ਦੇ ਦੱਖਣੀ ਹਿੱਸੇ 'ਚ ਮੰਗਲਵਾਰ ਨੂੰ ਆਏ ਤੇਜ਼ ਭੂਚਾਲ ਨਾਲ ਛੇ ਲੋਕਾਂ ਦੀ ਮੌਤ ਹੋ ਗਈ। ਰਿਕਟਰ ਪੈਮਾਨੇ 'ਤੇ ਭੂਚਾਲ ਦੀ ਤੀਬਰਤਾ 6.6 ਮਾਪੀ ਗਈ। ਇਸ ਤ੍ਰਾਸਦੀ ਨਾਲ ਸਭ ਤੋਂ ਜ਼ਿਆਦਾ ਮਿੰਡਾਨਾਓ ਟਾਪੂ ਪ੍ਰਭਾਵਿਤ ਰਿਹਾ। ਦਿਨ ਵੇਲੇ ਆਏ ਇਸ ਭੂਚਾਲ ਦੇ ਸਮੇਂ ਸਕੂਲ ਤੇ ਦਫਤਰ ਖੁੱਲ੍ਹੇ ਸਨ। ਭੂਚਾਲ ਆਉਣ 'ਤੇ ਮੈਗਸੈਸੇ ਦੇ ਇਕ ਸਕੂਲ ਦੇ ਬਾਹਰ ਭੱਜ ਰਹੇ ਇਕ ਵਿਦਿਆਰਥੀ 'ਤੇ ਕੰਧ ਡਿੱਗ ਜਾਣ ਨਾਲ ਉਸਦੀ ਉੱਥੇ ਮੌਤ ਹੋ ਗਈ। ਇਕ ਹੋਰ ਸਕੂਲ ਦੀ ਕੰਧ ਡਿੱਗਣ ਨਾਲ ਕਈ ਬੱਚਿਆਂ ਸਮੇਤ ਘੱਟੋ ਘੱਟ 50 ਲੋਕ ਜ਼ਖਮੀ ਹੋ ਗਏ। ਰਹਿ ਰਿਹ ਕੇ ਭੂਚਾਲ ਦੇ ਝਟਕਿਆਂ ਨਾਲ ਮੰਗਲਵਾਰ ਨੂੰ ਸਾਰਾ ਦਿਨ ਲੋਕ ਦਹਿਸ਼ਤ 'ਚ ਰਹੇ। ਫਿਲਪੀਨ 'ਚ ਇਸੇ ਮਹੀਨੇ ਦੀ 16 ਤਰੀਕ ਨੂੰ ਰਿਕਟਰ ਪੈਮਾਨੇ 'ਤੇ 6.4 ਦੀ ਤੀਬਰਤਾ ਦਾ ਭੂਚਾਲ ਆਇਆ ਸੀ। ਇਸ ਵਿਚ ਘੱਟੋ ਘੱਟ ਪੰਜ ਲੋਕਾਂ ਦੀ ਮੌਤ ਹੋ ਗਈ ਸੀ।

# ਲੋਕੇਸ਼ਨ ਡਾਟੇ ਦੀ ਦਰਵਰਤੋਂ ਬਾਰੇ ਆਸਟ੍ਰੇਲੀਆ 'ਚ ਗੂਗਲ 'ਤੇ ਕੇਸ

ਸਿਡਨੀ (ਏਜੰਸੀ) : ਦਿੱਗਜ ਤਕਨੀਕੀ ਕੰਪਨੀ ਗੂਗਲ ਲੋਕੇਸ਼ਨ ਡਾਟੇ ਦੀ ਦੁਰਵਰਤੋਂ ਦੇ ਦੋਸ਼ 'ਚ ਫਸ ਗਈ ਹੈ। ਇਸ ਮਾਮਲੇ ਬਾਰੇ ਆਸਟ੍ਰੇਲੀਆ ਦੇ ਇਕ ਰੈਗੂਲਟੇਰੀ ਨੇ ਗੂਗਲ ਖ਼ਿਲਾਫ਼ ਕੇਸ ਦਰਜ ਕਰਵਾਇਆ ਹੈ। ਗੂਗਲ ਦਾ ਦੋਸ਼ ਹੈ ਕਿ ਉਹ ਸਮਾਰਟ ਫੋਨ ਯੂਜ਼ਰਸ ਨੂੰ ਉਨ੍ਹਾਂ ਦੇ ਨਿੱਜੀ ਲੋਕੇਸ਼ਨ ਡਾਟਾ ਜੁਟਾਉਣ ਤੇ ਉਸ ਦੀ ਵਰਤੋਂ ਬਾਰੇ ਗੁਮਰਾਹ ਕਰ ਰਹੀ ਹੈ। ਆਸਟ੍ਰੇਲੀਆਈ ਕੰਪਟੀਸ਼ਨ ਐਂਡ ਕੰਜ਼ਿਊਮਰ ਕਮੀਸ਼ਨ (ਏਸੀਸੀਸੀ) ਨੇ ਕਿਹਾ ਹੈ ਕਿ ਗੂਗਲ ਦੀ ਸਥਾਨਕ ਯੂਨਿਟ ਨੇ ਯੂਜ਼ਰਸ ਨੂੰ ਕਰੀਬ ਦੋ ਸਾਲ ਤੋਂ ਆਪਣੇ ਐਂਡ੍ਰਾਇਡ ਆਪ੍ਰੇਟਿੰਗ ਸਿਸਟਮ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਏਸੀਸੀਸੀ ਨੇ ਸੰਘੀ ਅਦਾਲਤ 'ਚ ਮੰਗਲਵਾਰ ਨੂੰ ਦਾਖ਼ਲ ਕੇਸ 'ਚ ਕਿਹਾ, 'ਗੂਗਲ ਦੇ ਕਾਰੇ ਨਾਲ ਯੂਜ਼ਰਸ ਇਹ ਸਮਝ ਰਹੇ ਸਨ ਕਿ ਉਨ੍ਹਾਂ ਦੀ ਲੋਕੇਸ਼ਨ ਬਾਰੇ ਨਿਜੀ ਡਾਟਾ ਇਕੱਠਾ ਨਹੀਂ ਕੀਤਾ ਜਾ ਰਿਹਾ। ਪਰ ਹਕੀਕਤ 'ਚ ਉਨ੍ਹਾਂ ਦਾ ਨਿਜੀ ਡਾਟਾ ਗੂਗਲ ਵੱਲੋਂ ਹਾਸਲ ਕੀਤਾ ਜਾ ਰਿਹਾ ਸੀ। ਇਸ 'ਤੇ ਗੂਗਲ ਦੀ ਇਕ ਮਹਿਲਾ ਤਰਜਮਾਨ ਨੇ ਕਿਹਾ ਕਿ ਇਸ ਮਾਮਲੇ 'ਚ ਕੰਪਨੀ ਆਪਣਾ ਬਚਾਅ ਕਰੇਗੀ। ਏਸੀਸੀਸੀ ਦੇ ਦੋਸ਼ਾਂ ਦੀ ਸਮੀਖਿਆ ਕੀਤੀ ਜਾ ਰਹੀ ਹੈ। ਇਸ ਲਈ ਰੈਗੂਲੇਟਰੀ ਨਾਲ ਸੰਪਰਕ ਕੀਤਾ ਜਾਵੇਗਾ। ਫਰਾਂਸ ਦੀ ਇਕ ਰੈਗੂਲੇਟਰੀ ਨੇ ਬੀਤੇ ਜਨਵਰੀ 'ਚ ਨਿੱਜਤਾ ਦੀ ਉਲੰਘਣਾ ਮਾਮਲੇ 'ਚ ਗੂਗਲ 'ਤੇ 5.55 ਕੋਰੜ ਡਾਲਰ (ਕਰੀਬ 393 ਕਰੋੜ ਰੁਪਏ) ਦਾ ਜੁਰਮਾਨਾ ਲਗਾਇਆ ਸੀ। ਆਇਰਲੈਂਡ ਦਾ ਡਾਟਾ ਪ੍ਰੋਟੈਕਸ਼ਨ ਕਮੀਸ਼ਨ ਵੀ ਨਿੱਜਤਾ ਕਾਨੂੰਨ ਦੀ ਉਲੰਘਣਾ ਦੇ ਮਾਮਲੇ 'ਚ ਗੂਗਲ ਦੀ ਜਾਂਚ ਕਰ ਰਿਹਾ ਹੈ।

# ਪਾਕਿਸਤਾਨ ਦੇ ਹੁਣ ਇਸ ਮੰਤਰੀ ਨੇ ਦਿੱਤੀ ਪਰਮਾਣੂ ਜੰਗ ਦੀ ਗਿੱਦੜ ਭਬਕੀ, ਭਾਰਤ ਖ਼ਿਲਾਫ਼ ਉਗਲਿਆ ਜ਼ਹਿਰ

ਇਸਲਾਮਾਬਾਦ : ਕਸ਼ਮੀਰ ਦੇ ਮੁੱਦੇ 'ਤੇ ਕੂਟਨੀਤਕ ਪੱਧਰ 'ਤੇ ਬੁਰੀ ਤਰ੍ਹਾਂ ਪਸਤ ਹੋਏ ਪਾਕਿਸਤਾਨ ਦੀ ਬੌਖਲਾਹਟ ਇਕ ਵਾਰ ਮੁੜ ਸਾਹਮਣੇ ਆਈ ਹੈ। ਚੰਦਰੇ ਗੁਆਂਢ ਦੇ ਇਕ ਮੰਤਰੀ ਨੇ ਭਾਰਤ ਵਿਰੁੱਧ ਪਰਮਾਣੂ ਜੰਗ ਦੀ ਧਮਕੀ ਦਿੰਦਿਆਂ ਕਿਹਾ ਕਿ ਇਸ ਮੁੱਦੇ 'ਤੇ ਜੋ ਵੀ ਦੇਸ਼ ਭਾਰਤ ਦਾ ਸਮਰਥਨ ਕਰਨਗੇ ਪਾਕਿਸਤਾਨ ਉਨ੍ਹਾਂ 'ਤੇ ਵੀ ਮਿਜ਼ਾਈਲਾਂ ਦਾਗੇਗਾ। ਕਸ਼ਮੀਰ ਦੇ ਗਿਲਗਿਤ ਬਾਲਟਿਸਤਾਨ ਮਾਮਲਿਆਂ ਦੇ ਮੰਤਰੀ ਅਲੀ ਅਮੀਨ ਗੰਡਾਪੁਰ ਨੇ ਮੰਗਲਵਾਰ ਨੂੰ ਇੱਥੇ ਇਕ ਪ੍ਰੋਗਰਾਮ ਵਿਚ ਕਿਹਾ, 'ਕਸ਼ਮੀਰ 'ਤੇ ਭਾਰਤ ਨਾਲ ਤਣਾਅ ਵਧਦਾ ਹੈ ਤਾਂ ਪਾਕਿਸਤਾਨ ਜੰਗ ਲਈ ਮਜਬੂਰ ਹੋਵੇਗਾ। ਇਸ ਲਈ ਇਸ ਮੁੱਦੇ 'ਤੇ ਜੋ ਦੇਸ਼ ਭਾਰਤ ਦਾ ਸਮਰਥਨ ਕਰ ਰਹੇ ਹਨ ਪਾਕਿਸਤਾਨ ਦਾ ਨਹੀਂ, ਉਨ੍ਹਾਂ ਨੂੰ ਆਪਣੇ ਦੁਸ਼ਮਣ ਦੇਸ਼ ਮੰਨਦੇ ਹੋਏ ਭਾਰਤ ਦੇ ਨਾਲ-ਨਾਲ ਉਨ੍ਹਾਂ 'ਤੇ ਵੀ ਮਿਜ਼ਾਈਲਾਂ ਨਾਲ ਹਮਲਾ ਕੀਤਾ ਜਾਵੇਗਾ।' ਪਾਕਿਸਤਾਨੀ ਪੱਤਰਕਾਰ ਨਾਇਲਾ ਇਨਾਇਤ ਨੇ ਮੰਤਰੀ ਦੇ ਭੜਕਾਊ ਭਾਸ਼ਣ ਵਾਲੇ ਹਿੱਸੇ ਦਾ ਵੀਡੀਓ ਟਵੀਟ ਕੀਤਾ ਹੈ। ਗੰਡਾਪੁਰ ਨੇ ਇਹ ਧਮਕੀ ਅਜਿਹੇ ਵੇਲੇ ਦਿੱਤੀ ਹੈ ਜਦੋਂ ਕਸ਼ਮੀਰ ਮੁੱਦੇ 'ਤੇ ਪਾਕਿਸਤਾਨ ਦੁਨੀਆ ਭਰ ਵਿਚ ਕਿਤੇ ਵੀ ਮੂੰਹ ਦਿਖਾਉਣ ਜੋਗਾ ਨਹੀਂ ਰਹਿ ਗਿਆ। ਪਿਛਲੇ ਮਹੀਨੇ ਸੰਯੁਕਤ ਰਾਸ਼ਟਰ ਮਹਾਸਭਾ 'ਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵੀ ਆਪਣੇ ਪਹਿਲੇ ਭਾਸ਼ਣ ਵਿਚ ਜ਼ਿਆਦਾਤਰ ਸਮਾਂ ਕਸ਼ਮੀਰ ਰਾਗ ਹੀ ਅਲਾਪਦੇ ਰਹੇ। ਉਨ੍ਹਾਂ ਨੇ ਪਰਮਾਣੂ ਜੰਗ ਦੀ ਧਮਕੀ ਦਿੱਤੀ ਸੀ ਤੇ ਹੋਰਨਾਂ ਦੇਸ਼ਾਂ ਤੋਂ ਇਸ ਮਾਮਲੇ ਵਿਚ ਦਖ਼ਲ ਦੇਣ ਦੀ ਮੰਗ ਕੀਤੀ ਸੀ। ਪਰ ਉਹ ਵੀ ਆਪਣੀ ਚਾਲ ਵਿਚ ਨਾਕਾਮ ਰਹੇ ਤੇ ਹਰ ਪਾਸਿਓਂ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਪਾਕਿਸਤਾਨ ਧਾਰਾ 370 ਹਟਾਉਣ ਪਿੱਛੋਂ ਤੋਂ ਹੀ ਕੂੜ ਪ੍ਰਚਾਰ ਵਿਚ ਲੱਗਾ ਹੋਇਆ ਹੈ ਜਦਕਿ ਭਾਰਤ ਨੇ ਇਕ ਦਮ ਸਾਫ਼ ਕਰ ਦਿੱਤਾ ਹੈ ਕਿ ਕਸ਼ਮੀਰ ਉਸ ਦਾ ਅੰਦਰੂਨੀ ਮਾਮਲਾ ਹੈ। ਭਾਰਤ ਦੇ ਇਸ ਸਟੈਂਡ ਨੂੰ ਸਾਰਕ ਤੇ ਅਰਬ ਦੇਸ਼ਾਂ ਦੇ ਸੰਗਠਨ ਦੇ ਨਾਲ ਹੀ ਵੱਡੀ ਗਿਣਤੀ ਵਿਚ ਹੋਰਨਾਂ ਦੇਸ਼ਾਂ ਨੇ ਸਮਰਥਨ ਦਿੱਤਾ ਹੈ।



# ਕਸ਼ਮੀਰ: ਤਿੰਨ ਮਹੀਨੇ ਸਕੂਲ ਨਾ ਜਾ ਕੇ ਵੀ, ਪੱਕੇ ਪੇਪਰਾਂ 'ਚ ਬੈਠਣ ਲਈ ਮਜ਼ਬੂਰ ਬੱਚੇ



ਭਾਰਤ ਸਾਸ਼ਿਤ ਕਸ਼ਮੀਰ ਅਤੇ ਜੰਮੂ ਦੇ ਠੰਢੇ ਇਲਾਕਿਆਂ ਵਿੱਚ ਵਿਦਿਆਰਥੀਆਂ ਦੀਆਂ ਸਾਲਾਨਾ ਪ੍ਰੀਖਿਆਵਾਂ ਦਾ ਮੰਗਲਵਾਰ ਨੂੰ ਆਗ਼ਾਜ਼ ਹੋ ਗਿਆ ਹੈ। ਇਸੇ ਦੌਰਾਨ ਹੀ ਯੂਰਪੀ ਸੰਘ ਦੇ 28 ਮੈਂਬਰਾਂ ਦੇ ਵਫ਼ਦ ਵੱਲੋਂ ਕਸ਼ਮੀਰ ਦੇ ਗ਼ੈਰ ਸਰਕਾਰੀ ਦੌਰੇ ਦੌਰਾਨ ਕਸ਼ਮੀਰ ਦਾ ਬੰਦ ਦਾ ਐਲਾਨ ਵੀ ਕੀਤਾ ਗਿਆ ਹੈ। ਇਸ ਸਾਲ ਕਸ਼ਮੀਰ 'ਚ ਕਰੀਬ 65 ਹਜ਼ਾਰ ਵਿਦਿਆਰਥੀ ਅਤੇ ਜੰਮੂ ਦੇ ਠੰਢੇ ਇਲਾਕਿਆਂ ਵਿੱਚ 23,923 ਵਿਦਿਆਰਥੀ 10ਵੀਂ ਦੀ ਪ੍ਰੀਖਿਆ ਦੇਣਗੇ। ਉੱਥੇ ਹੀ 12ਵੀਂ ਕਲਾਸ ਦੀ ਪ੍ਰੀਖਿਆ 30 ਅਕਤੂਬਰ ਤੋਂ ਸ਼ੁਰੂ ਹੋਣੀ ਹੈ। ਪ੍ਰੀਖਿਆ ਦੇ ਪਹਿਲੇ ਦਿਨ ਸ੍ਰੀਨਗਰ ਦੇ ਸੈਂਟਰ ਦੇ ਬਾਹਰ ਖੜ੍ਹੇ ਮਾਪਿਆਂ ਨੇ ਬੀਬੀਸੀ ਨਾਲ ਗੱਲ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਬੱਚਿਆਂ ਨੂੰ ਪ੍ਰੀਖਿਆ ਸੈਂਟਰ ਤੱਕ ਪਹੁੰਚਾਉਣ ਦਾ ਕੋਈ ਇੰਤੇਜ਼ਾਮ ਨਹੀਂ ਹੈ। ਮੁਹੰਮਦ ਰਮਜ਼ਾਨ ਅਲੀ ਅਦਲ ਦੇ ਇੱਕ ਸਕੂਲ ਦੇ ਬਾਹਰ ਆਪਣੇ ਬੱਚੇ ਦਾ ਇੰਤਜ਼ਾਰ ਕਰ ਰਹੇ ਸਨ। ਉਨ੍ਹਾਂ ਨੇ ਬੀਬੀਸੀ ਸਹਿਯੋਗੀ ਮਾਜਿਦ ਜਹਾਂਗੀਰ ਨੂੰ ਦੱਸਿਆ ਕਿ ਉਹ ਘਰੋਂ 9 ਵਜੇ ਨਿਕਲੇ ਅਤੇ ਸੈਂਟਰ 'ਤੇ 11.45 'ਤੇ ਪਹੁੰਚੇ। ਰਮਜ਼ਾਨ ਨੇ ਦੱਸਿਆ ਕਿ ਉਨ੍ਹਾਂ ਨੂੰ ਕੋਈ ਪਬਲਿਕ ਵਾਹਨ ਨਹੀਂ ਲੱਭਾ ਜੋ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਬੱਚੇ ਨੂੰ ਸਕੂਲ ਤੱਕ ਪਹੁੰਚਾ ਸਕੇ। ਉਨ੍ਹਾਂ ਨੇ ਦੱਸਿਆ ਕਿ ਸਾਰੇ ਰਸਤੇ ਕਿਸੇ ਵੇਲੇ ਵੀ ਵਾਪਰਨ ਵਾਲੀਆਂ ਝੜਪਾਂ ਦੇ ਸੰਕੇਤ ਦੇਖਣ ਨੂੰ ਮਿਲੇ। ਨਿਊਜ਼ ਏਜੰਸੀ ਪੀਟੀਆਈ ਮੁਤਾਬਕ ਕਸ਼ਮੀਰ ਵਿੱਚ ਮੰਗਲਵਾਰ ਨੂੰ ਸੁਰੱਖਿਆ ਦਸਤਿਆਂ ਅਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਹੋਈਆਂ ਝੜਪਾਂ ਵਿੱਚ ਘੱਟੋ-ਘੱਟ 4 ਲੋਕ ਜਖ਼ਮੀ ਹੋਏ ਹਨ। ਏਜੰਸੀ ਮੁਤਾਬਕ ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਸੁਰੱਖਿਆ ਦਸਤਿਆਂ ਅਤੇ ਮੁਜ਼ਾਹਰਾਕੀਆਂ ਵਿਚਾਲੇ ਸ਼ਹਿਰ ਦੇ ਕਈ ਹਿੱਸਿਆਂ 'ਚ ਝੜਪਾਂ ਹੋਈਆਂ ਹਨ, ਜਿਸ ਵਿੱਚ 4 ਲੋਕ ਜਖ਼ਮੀ ਹੋਏ ਹਨ।ਇਹ ਰਿਪੋਰਟ ਲਿਖੇ ਜਾਣ ਤੱਕ ਸ਼ਹਿਰ ਕਈ ਹਿੱਸਿਆਂ ਵਿੱਚ ਝੜਪਾਂ ਅਜੇ ਵੀ ਜਾਰੀ ਸਨ।ਸ੍ਰੀਨਗਰ ਦੇ ਕੋਠੀ ਬਾਗ਼ ਇਲਾਕੇ ਵਿੱਚ ਸਕੂਲ ਦੇ ਬਾਹਰ ਖੜ੍ਹੇ ਕਈ ਮਾਪਿਆਂ ਨੇ ਬਿਨਾਂ ਨਾਮ ਦੱਸੇ ਇਹੀ ਜਾਣਕਾਰੀ ਦਿੱਤੀ ਕਿ ਕੋਈ ਪਬਲਿਕ ਵਾਹਨ ਨਹੀਂ ਅਤੇ ਝੜਪਾਂ ਦੇ ਸੰਕੇਤ ਦੇਖਣ ਨੂੰ ਮਿਲੇ।

**ਦੋ ਮਹੀਨੇ ਦੌਰਾਨ ਜਦੋਂ ਸਕੂਲ ਬੰਦ ਸਨ ਤਾਂ ਕੀ ਹੋਇਆ ?**

5 ਅਗਸਤ ਤੋਂ ਭਾਰਤ ਸ਼ਾਸਿਤ ਕਸ਼ਮੀਰ ਵਿੱਚ ਸਾਰੇ ਸਿੱਖਅਕ ਅਦਾਰੇ ਬੰਦ ਹਨ। ਹਾਲਾਂਕਿ ਸਰਕਾਰ ਨੇ ਸਕੂਲਾਂ ਨੂੰ ਖੋਲ੍ਹਣ ਦੇ ਆਦੇਸ਼ ਤਾਂ ਦਿੱਤੇ ਹਨ ਪਰ ਉੱਥੇ ਵਿਦਿਆਰਥੀ ਨਾ ਦੇ ਬਰਾਬਰ ਪਹੁੰਚੇ।ਮਾਪੇ ਕਹਿੰਦੇ ਹਨ ਕਿ ਸਕੂਲ ਭੇਜਣ 'ਤੇ ਉਹ ਆਪਣੇ ਬੱਚਿਆਂ ਦੀ ਸੁਰੱਖਿਆਂ ਨੂੰ ਲੈ ਕੇ ਚਿੰਤਤ ਹਨ। ਦਾਲਗੇਟ ਕਸ਼ਮੀਰ ਦੇ ਰਹਿਣ ਵਾਲੇ ਹਸਨ ਦੇ ਦੋ ਬੱਚੇ ਬੀਤੇ ਦੋ ਮਹੀਨਿਆਂ ਤੋਂ ਸਕੂਲ ਨਹੀਂ ਗਏ ਹਨ। ਉਹ ਕਹਿੰਦੇ ਹਨ, "ਸਾਡੇ ਬੱਚੇ ਘਰ ਹੀ ਰਹਿ ਰਹੇ ਹਨ। ਅਸੀਂ ਨਹੀਂ ਚਾਹੁੰਦੇ ਕਿ ਉਹ ਬਾਹਰ ਜਾਣ ਅਤੇ ਉਨ੍ਹਾਂ ਨੂੰ ਸੱਟ ਲੱਗੇ। ਦੱਸੋ, ਕਿਹੜੀ ਸਕੂਲ ਬੱਸ ਚੱਲ ਰਹੀ ਹੈ ? ਤੁਸੀਂ ਹੀ ਦੱਸੋਂ ਮਾਪੇ ਚਾਹੁੰਣਗੇ ਕਿ ਉਨ੍ਹਾਂ ਬੱਚਿਆਂ ਦੀ ਪੜ੍ਹਾਈ ਘਰ ਹੋਵੇ, ਉਹ ਸਕੂਲ ਨਾ ਜਾਣ।" ਇਸ ਵਿਚਾਲੇ ਜਦੋਂ ਸਕੂਲ ਬੰਦ ਸਨ ਤਾਂ ਪੂਰੇ ਕਸ਼ਮੀਰ ਵਿੱਚ ਕੁਝ ਸਮਾਜ ਸੇਵਕਾਂ ਨੇ ਆਪਣੇ-ਆਪਣੇ ਇਲਾਕਿਆਂ ਵਿੱਚ ਪੌਪ-ਅਪ ਸਕੂਲ ਕੀਤੇ ਸਨ ਤਾਂ ਜੋ ਹਾਲਾਤ ਆਮ ਹੋਣ ਤੱਕ ਵਿਦਿਆਰਥੀਆਂ ਨੂੰ ਪੜ੍ਹਾਈ ਨਾਲ ਜੋੜ ਕੇ ਰੱਖਿਆ ਜਾ ਸਕੇ।



**ਪੌਪ-ਅਪ ਸਕੂਲ**

ਬੜਗਾਮ ਦੇ ਰਹਿਣ ਵਾਲੇ ਪੇਸ਼ੇ ਤੋਂ ਅਧਿਆਪਕ ਇਰਫ਼ਾਨ ਅਹਮਿਦ ਕਹਿੰਦੇ ਹਨ, "ਜਦੋਂ ਮੈਨੂੰ ਅਹਿਸਾਸ ਹੋਇਆ ਕਿ ਸਕੂਲ ਛੇਤੀ ਨਹੀਂ ਖੁੱਲ੍ਹਣ ਵਾਲੇ ਤਾਂ ਮੈਂ ਸੋਚਿਆਂ ਕੇ ਕੁਝ ਅਜਿਹਾ ਕਰਨਾ ਚਾਹੀਦਾ ਹੈ ਤਾਂ ਜੋਂ ਵਿਦਿਆਰਥੀਆਂ ਦੀ ਕੁਝ ਪੜ੍ਹਾਈ ਹੋ ਸਕੇ ਅਤੇ ਇਸ ਦੇ ਨਾਲ ਹੀ ਉਨ੍ਹਾਂ ਨੂੰ ਤਣਾਅ ਭਰੇ ਹਾਲਾਤ ਤੋਂ ਦੂਰ ਰੱਖਿਆ ਜਾ ਸਕੇ।" ਪਰ ਇਰਫ਼ਾਨ ਲਈ ਅਜਿਹਾ ਕੁਝ ਵੀ ਸ਼ੁਰੂ ਕਰਨਾ ਇੱਕ ਵੱਡੀ ਚੁਣੌਤੀ ਸੀ ਕਿਉਂਕਿ ਸਾਰੇ ਸੰਚਾਰ ਸਾਧਨ ਪੂਰੀ ਤਰ੍ਹਾਂ ਠੱਪ ਸਨ ਅਤੇ ਅਜਿਹੀ ਕਿਸੇ ਵੀ ਚੀਜ਼ ਦੀ ਜਾਣਕਾਰੀ ਲੋਕਾਂ ਤੱਕ ਪਹੁੰਚਾਉਣਾ ਇੱਕ ਮੁਸ਼ਕਿਲ ਕੰਮ ਸੀ। ਉਨ੍ਹਾਂ ਨੇ ਕਿਹਾ, "ਅਸੀਂ ਇਨ੍ਹਾਂ ਬੱਚਿਆਂ ਦੇ ਘਰਾਂ ਵਿੱਚ ਗਏ। ਸ਼ੁਰੂ-ਸ਼ੁਰੂ 'ਚ ਕੇਵਲ 5-10 ਬੱਚੇ ਹੀ ਆਏ। ਅਸੀਂ ਬੱਚਿਆਂ ਦੇ ਘਰਾਂ ਵਿੱਚ ਜਾਂਦੇ ਰਹੇ ਅਤੇ ਹੋਰਨਾਂ ਬੱਚਿਆਂ ਨੂੰ ਵੀ ਪ੍ਰੇਰਿਤ ਕੀਤਾ। ਸਾਡੀਆਂ ਕੋਸ਼ਿਸ਼ਾਂ ਸਫ਼ਲ ਹੋਈਆਂ ਅਤੇ ਹੁਣ ਸਾਡੇ ਕੋਲ 200 ਵਿਦਿਆਰਥੀ ਹਨ।" ਇਰਫ਼ਾਨ ਦੇ ਪੌਪ-ਅਪ ਸਕੂਲ ਦੀ



ਵਿਦਿਆਰਥਣ ਮੁਨੀਜ਼ਾ ਫੈਜ਼ ਕਹਿੰਦੀ ਹੈ ਕਿ ਜਦੋਂ ਉਹ ਇਸ ਸੈਂਟਰ ਤੱਕ ਆਉਣ ਤੱਕ ਘਬਰਾਉਂਦੀ ਰਹਿੰਦੀ ਸੀ। ਉਹ ਦੱਸਦੀ ਹੈ, "ਸੜਕਾਂ ਸੁੰਨਸਾਨ ਰਹਿੰਦੀਆਂ ਹਨ, ਅਸੀਂ ਡਰੇ ਰਹਿੰਦੇ ਹਾਂ ਕਿ ਕਿਤੇ ਸੈਨਾ ਜਾਂ ਹੋਰ ਸੁਰੱਖਿਆ ਬਲ ਸਾਨੂੰ ਚੁੱਕ ਨਾ ਲੈ ਜਾਣ। ਅਸੀਂ ਗਰੁੱਪ ਵਿੱਚ ਤੁਰਦੇ ਹਾਂ। ਅਸੀਂ ਇੱਕ ਦੂਜੇ ਦੇ ਘਰ ਜਾਂਦੇ ਹਾਂ ਤਾਂ ਜੋਂ ਇਕੱਠੇ ਸੈਂਟਰ ਤੱਕ ਆਈਏ।" ਦਿੱਲੀ ਪਬਲਿਕ ਸਕੂਲ ਸ੍ਰੀਨਗਰ ਦੇ ਇੱਕ ਮੁਖ ਸਕੂਲਾਂ ਵਿੱਚੋਂ ਇੱਕ ਹੈ, ਜਦੋਂ ਸਕੂਲ ਵਿੱਚ ਵਿਦਿਆਰਥੀ ਨਹੀਂ ਆ ਰਹੇ ਸਨ ਤਾਂ ਉਨ੍ਹਾਂ ਨੇ ਇੱਕ ਵੱਖਰਾ ਤਰੀਕੇ ਨਾਲ ਕੰਮ ਕੀਤਾ।

**ਦਿੱਲੀ ਪਬਲਿਕ ਸਕੂਲ ਦੀ ਪਹਿਲ**

ਡੀਪੀਐੱਸ ਨੇ ਹਰੇਕ ਵਿਦਿਆਰਥੀ ਲਈ ਅਸਾਈਨਮੈਂਟ ਬਣਾਇਆ ਅਤੇ ਉਸ ਨੂੰ ਵਿਦਿਆਰਥੀਆਂ ਦੇ ਘਰ ਭੇਜਿਆ ਗਿਆ। ਡੀਪੀਐੱਸ ਸ੍ਰੀਨਗਰ ਵਿੱਚ ਪ੍ਰਸ਼ਾਸਨਿਕ ਕਾਰਜਾਂ ਨੂੰ ਦੇਖਣ ਵਾਲੇ ਨਵਾਜ਼ ਕਹਿੰਦੇ ਹਨ, "ਜਦੋਂ ਸਾਨੂੰ ਅਹਿਸਾਸ ਹੋਇਆ ਕਿ ਇਹ ਬੰਦ ਲੰਬਾ ਚੱਲੇਗਾ ਤਾਂ 15 ਅਗਸਤ ਤੋਂ ਅਸੀਂ ਹਰ ਦਿਨ ਅਸਾਈਨਮੈਂਟ ਦੀਆਂ 1,20,000 ਹਜ਼ਾਰ ਕਾਪੀਆਂ ਤਿਆਰ ਕੀਤੀਆਂ ਹਨ। ਸਾਨੂੰ 2010 ਤੋਂ 2016 ਵਿਚਾਲੇ ਸ਼ਟਡਾਊਨ ਦਾ ਤਜ਼ਰਬਾ ਸੀ। ਜਦੋਂ ਮਾਪੇ ਸਕੂਲਾਂ ਵਿੱਚ ਆ ਕੇ ਅਸਾਈਨਮੈਂਟ ਲੈ ਕੇ ਜਾਂਦੇ ਸਨ। ਤਾਂ ਅਸੀਂ ਕਸ਼ਮੀਰ ਦੀਆਂ ਰੋਜ਼ਾਨਾ ਅਖ਼ਬਰਾਂ ਵਿੱਚ ਅਸਾਈਨਮੈਂਟ ਬਾਰੇ ਜਾਣਕਾਰੀ ਦਿੱਤੀ ਸੀ।" ਉਹ ਕਹਿੰਦੇ ਹਨ, "ਜਦੋਂ ਬੁਰਹਾਨ ਬਾਨੀ ਦੇ ਮਾਰੇ ਜਾਣ ਤੋਂ ਬਾਅਦ 2016 ਵਿੱਚ ਸ਼ਟਡਾਊਨ ਕੀਤਾ ਗਿਆ ਤਾਂ ਸਾਨੂੰ ਲੱਗਾ ਅਸਾਈਨਮੈਂਟ ਤੋਂ ਵਧੇਰੇ ਵੀ ਕੁਝ ਕਰਨਾ ਚਾਹੀਦਾ ਹੈ। ਫਿਰ ਅਸੀਂ ਲੈਕਚਰ ਦੀਆਂ ਰਿਕਾਡਿੰਗਜ਼ ਕਰਨੀਆਂ ਸ਼ੁਰੂ ਕੀਤੀਆਂ। ਅਸੀਂ ਉਨ੍ਹਾਂ ਨੂੰ ਵਿਦਿਆਰਥੀਆਂ ਤੱਕ ਪਹੁੰਚਾਉਂਦੇ। ਉਦੋਂ ਤੋਂ ਅਸੀਂ ਬਹੁਤ ਸਾਰੇ ਸੁਧਾਰ ਕੀਤੇ ਹਨ। ਹੁਣ ਸਾਡੇ ਕੋਲ ਰਿਕਾਰਡਿੰਗ ਲਈ ਸਟੂਡੀਓ ਦੀ ਪੂਰੀ ਵਿਵਸਥਾ ਹੈ।" ਨਵਾਜ਼ ਕਹਿੰਦੇ ਹਨ ਕਿ ਡੀਪੀਐੱਸ ਨੇ ਲੰਬੇ ਸਮੇਂ ਤੱਕ ਚੱਲਣ ਵਾਲੇ ਬੰਦ ਨਾਲ ਨਜਿੱਠਣਾ ਸਿੱਖਿਆ ਹੈ ਤਾਂ ਜੋ ਵਿਦਿਆਰਥੀਆਂ ਨੂੰ ਨੁਸਕਾਨ ਨਾ ਝੱਲਣਾ ਪਵੇ। 2010 ਦੇ ਬੰਦ ਵੇਲੇ ਸਕੂਲ ਨੇ ਅਸਾਈਨਮੈਂਟ ਦੀ ਪ੍ਰਿੰਟਿਗ ਦਾ ਕੰਮ ਸ਼ੁਰੂ ਕੀਤਾ ਅਤੇ 2016 ਵਿੱਚ ਇਸ ਵਿੱਚ ਵੀਡੀਓ ਲੈਕਚਰ ਨੂੰ ਜੋੜਿਆ ਗਿਆ ਅਤੇ ਹੁਣ 2019 ਵਿੱਚ ਅਸੀਂ ਪ੍ਰਿੰਟ ਅਤੇ ਵੀਡੀਓ ਦੋਵੇਂ ਤਰ੍ਹਾਂ ਦੇ ਅਸਾਈਨਮੈਂਟ ਵਿਦਿਆਰਥੀਆਂ ਨੂੰ ਭੇਜ ਰਹੇ ਹਾਂ। ਬੀਬੀਸੀ ਨਾਲ ਕੁਝ ਮਾਪਿਆਂ ਨੇ ਆਪਣਾ ਨਾਮ ਨਾ ਜ਼ਾਹਿਰ ਕਰਨ ਸ਼ਰਤ 'ਤੇ ਦੱਸਿਆ, "ਜੇ ਤੁਸੀਂ ਇਹ ਜਾਣਦੇ ਕਿ ਬੱਚੇ ਪੜ੍ਹ ਰਹੇ ਹਨ ਤਾਂ ਅਸਾਈਨਮੈਂਟ ਦੇਣ ਦੀ ਫਾਇਦਾ ?" "ਅਧਿਕਾਰੀ ਚਾਹੁੰਦੇ ਹਨ ਕਿ ਸਕੂਲ ਖੁੱਲ੍ਹੇ ਤਾਂ ਜੋ ਆਮ ਹਾਲਾਤ ਦੀ ਬਹਾਲੀ ਕੀਤੀ ਜਾ ਸਕੇ, ਪ੍ਰੀਖਿਆਵਾਂ ਤਾਂ ਸਕੂਲਾਂ ਨੂੰ ਸ਼ੁਰੂ ਕੀਤੇ ਜਾਣ ਦੀ ਮਹਿਜ਼ ਇੱਕ ਕਵਾਇਦ ਹੈ। ਪਰ ਇਸ ਨੂੰ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਹਨੇਰੇ 'ਚ ਡੁੱਬ ਰਹੇ ਭਵਿੱਖ ਦੀ ਕੀਮਤ 'ਤੇ ਨਹੀਂ ਕੀਤਾ ਜਾਣਾ ਚਾਹੀਦਾ।"





## ਵਿਦਿਆਰਤੀਆਂ ਨੂੰ ਅਧੂਰੇ ਕੋਰਸ ਦੀ ਚਿੰਤਾ

12ਵੀਂ ਕਲਾਸ ਦਾ ਵਿਦਿਆਰਥੀ ਪੀਰਜ਼ਾਦਾ ਸ਼ੋਇਬ ਕਸ਼ਮੀਰ ਵਿੱਚ ਸਰਕਾਰੀ ਹਾਈ ਸੈਕੰਡਰੀ ਸਕੂਲ ਵਿੱਚ ਪੜ੍ਹਦਾ ਹੈ। ਉਸ ਦਾ ਕਹਿਣਾ ਸੀ, "ਅਸੀਂ ਸਕੂਲ ਵਿੱਚ ਆਪਣੀ 50 ਫੀਸਦ ਤੋਂ ਵੀ ਘੱਟ ਸਿਲੇਬਸ ਮੁਕੰਮਲ ਕੀਤਾ ਸੀ। ਫਿਜ਼ਿਕਸ ਵਿੱਚ ਅਸੀਂ 10 ਚੈਪਟਰਜ਼ ਵਿਚੋਂ ਸਿਰਫ਼ 3 ਹੀ ਖ਼ਤਮ ਕਰ ਸਕੇ ਸਾਂ। ਕੈਮਿਸਟਰੀ ਵਿੱਚ 15 ਚੈਪਟਰਜ਼ ਹਨ ਅਤੇ ਅਸੀਂ ਸਿਰਫ਼ 6 ਕੀਤੇ ਹਨ, ਇਵੇਂ ਬਾਓਲੌਂਜੀ ਨਾਲ ਵੀ ਹੈ। ਹੁਣ ਮੈਂ ਕਿਵੇਂ ਪ੍ਰੀਖਿਆ ਕੇਂਦਰ ਵਿੱਚ ਬੈਠਣ ਬਾਰੇ ਸੋਚਾਂ ?" 5 ਅਗਸਤ ਨੂੰ ਜਦੋਂ ਦੀ ਜੰਮੂ-ਕਸ਼ਮੀਰ ਵਿਚੋਂ ਧਾਰਾ 370 ਖ਼ਤਮ ਕੀਤੀ ਹੈ ਉਦੋਂ ਤੋਂ ਹੀ ਕਸ਼ਮੀਰ ਵਿੱਚ ਸਕੂਲ-ਕਾਲਜ ਬੰਦ ਹਨ। ਦੋ ਮਹੀਨਿਆਂ ਤੋਂ ਵੱਧ ਸਮੇਂ ਲਈ ਮੋਬਾਈਲ ਸੇਵਾਵਾਂ ਬੰਦ ਰਹੀਆਂ, ਘਾਟੀ 'ਚ ਇੰਟਰਨੈੱਟ ਅਜੇ ਵੀ ਬੰਦ ਹੈ ਅਤੇ ਵਧੇਰੇ ਵਪਾਰਕ ਅਦਾਰੇ ਵੀ ਬੰਦ ਹਨ। ਸਰਕਾਰ ਨੇ 29 ਅਕਤੂਬਰ ਤੋਂ ਪੂਰੇ ਸਿਲੇਬਸ ਲਈ ਪ੍ਰੀਖਿਆ ਲੈਣ ਦਾ ਫ਼ੈਸਲਾ ਕੀਤਾ, ਜਦਕਿ ਕਸ਼ਮੀਰ ਦੇ ਵਧੇਰੇ ਸਕੂਲਾਂ 'ਚ ਅਜੇ ਸਿਲੇਬਸ ਅਧੂਰਾ ਹੈ। 11ਵੀਂ ਕਲਾਸ ਦੀ ਸੁਜ਼ੈਨ ਸ੍ਰੀਨਗਰ ਦੇ ਪ੍ਰਾਈਵੇਟ ਸਕੂਲ ਵਿੱਚ ਪੜ੍ਹਦੀ ਹੈ। ਸੁਜ਼ੈਨ ਦਾ ਕਹਿਣਾ ਹੈ, "ਪਿਛਲੇ 75 ਦਿਨਾਂ ਤੋਂ ਉਸ ਨੇ ਕੁਝ ਨਹੀਂ ਕੀਤਾ, ਦਰਅਸਲ ਸਾਡੇ ਸਕੂਲ ਵਿੱਚ ਜ਼ਿਆਦਾ ਪੜ੍ਹਾਈ ਹੀ ਨਹੀਂ ਹੋਈ, ਇਸ ਲਈ ਬੰਦ ਦੌਰਾਨ ਕੁਝ ਵੀ ਅਭਿਆਸ ਕਰਨ ਲਈ ਨਹੀਂ ਸੀ। ਅਸੀਂ ਸਕੂਲ ਵਿੱਚ ਸਿਰਫ਼ 35 ਫੀਸਦ ਹੀ ਆਪਣੇ ਸਿਲੇਬਸ ਪੂਰਾ ਕੀਤਾ ਸੀ।" ਡਾ. ਰਾਫ਼ਤ ਸ੍ਰੀਨਗਰ ਦੇ ਡਾਊਨ-ਟਾਊਨ ਇਲਾਕੇ ਵਿੱਚ ਰਹਿੰਦੀ ਹੈ, ਉਨ੍ਹਾਂ ਦੀ ਬੇਟੀ 11ਵੀਂ ਕਲਾਸ ਵਿੱਚ ਹੈ।ਉਹ ਆਪਣੀ ਬੇਟੀ ਦੀ ਪੜ੍ਹਾਈ ਨੂੰ ਲੈ ਕੇ ਚਿੰਤਤ ਹਨ। ਉਨ੍ਹਾਂ ਦਾ ਕਹਿਣਾ ਹੈ, "ਮੇਰੀ ਬੇਟੀ ਨੇ ਦਸੰਬਰ ਵਿੱਚ 11ਵੀਂ ਪਾਸ ਕੀਤੀ ਸੀ। ਜਨਵਰੀ ਤੇ ਫਰਵਰੀ ਸਰਦੀਆਂ ਦੀਆਂ ਛੁੱਟੀਆਂ ਸਨ ਤੇ ਫਿਰ ਮਾਰਚ ਵਿੱਚ ਕਲਾਸਾਂ ਸ਼ੁਰੂ ਹੋਈਆਂ ਸਨ। ਅਜਿਹੇ 'ਚ ਉਹ 5 ਮਹੀਨਿਆਂ ਦੇ ਘੱਟ ਸਮੇਂ 'ਚ ਕਿਵੇਂ ਆਪਣਾ ਸਿਲੇਬਸ ਮੁਕੰਮਲ ਕਰ ਸਕਦੇ ਸਨ।" "ਹੁਣ ਸਰਕਾਰ ਕਹਿ ਰਹੀ ਹੈ ਕਿ 80 ਫੀਸਦ ਸਿਲੇਬਸ ਮੁੰਕਮਲ ਹੈ। ਇਸ ਲਈ ਵਿਦਿਆਰਥੀ ਪ੍ਰੀਖਿਆ ਦੇ ਸਕਦੇ ਹਨ, ਇਹ ਕੀ ਹੈ ? ਕੀ ਇਹ ਉਨ੍ਹਾਂ ਦੀ ਮਜ਼ਬੂਰੀ ਹੈ ਜਾਂ ਕੀ ਤੁਸੀਂ ਵਿਦਿਆਰਥੀਆਂ ਦੇ ਭਵਿੱਖ ਬਾਰੇ ਸੱਚਮੁਚ ਚਿੰਤਤ ਹੋ ? ਜੇ ਤੁਸੀਂ ਚਿੰਤਤ ਹੋ ਤਾਂ ਦੇਖੋ ਕਿ 80 ਫੀਸਦ ਸਿਲੇਬਸ ਪੂਰਾ ਹੋ ਗਿਆ ਹੈ। ਇਹ ਸਿੱਖਿਆ ਪ੍ਰਣਾਲੀ ਦਾ ਮਖੌਲ ਹੈ। ਵਿਦਿਆਰਥੀਆਂ ਨੇ ਜੋ ਵੀ ਸਿੱਖਿਆ ਹੈ ਉਹ ਉਨ੍ਹਾਂ ਨੇ ਆਪਣੇ ਘਰਾਂ 'ਚ ਹੀ ਸਿੱਖਿਆ ਹੈ।" ਮੁਤਾਹਿਰ ਜ਼ੁਬੈਰ ਕਸ਼ਮੀਰ ਵਿੱਚ ਇੱਕ ਨਿੱਜੀ ਸਕੂਲ ਦੇ ਪ੍ਰਿੰਸੀਪਲ ਹਨ, ਉਹ ਪਿਛਲੇ 7 ਸਾਲਾਂ ਤੋਂ ਘਾਟੀ ਵਿੱਚ ਸਿੱਖਿਆ ਦੇ ਖੇਤਰ ਵਿੱਚ ਹਨ। ਉਨ੍ਹਾਂ ਦਾ ਕਹਿਣਾ ਹੈ, "ਜਦੋਂ ਅਸੀਂ ਪਹਿਲੇ ਕੁਝ ਮਹੀਨਿਆਂ ਵਿੱਚ ਸੈਸ਼ਨ ਦੀ ਸ਼ੁਰੂਆਤ ਕੀਤੀ ਤਾਂ ਰਫ਼ਤਾਰ ਥੋੜ੍ਹੀ ਹੌਲੀ ਸੀ ਅਤੇ ਸਮੇ ਦੇ ਨਾਲ-ਨਾਲ ਉਹ ਵਧ ਰਹੀ ਸੀ ਅਤੇ ਅਖ਼ੀਰਲੇ ਤਿੰਨਾਂ ਮਹੀਨਿਆਂ ਵਿੱਚ ਇਸ ਦੀ ਰਫ਼ਤਾਰ ਵਿੱਚ ਕਾਫੀ ਵਾਧਾ ਹੋ ਜਾਂਦਾ ਹੈ ਪਰ ਸਾਡੇ ਕੋਲੋਂ ਉਹ ਤਿੰਨ ਮਹੀਨੇ ਖੋਹ ਲਏ ਗਏ ਅਤੇ ਹੁਣ ਵਿਦਿਆਰਥੀਆਂ ਵੱਲੋਂ ਪ੍ਰੀਖਿਆ ਵਿੱਚ ਬੈਠਣ ਦੀ ਆਸ ਕੀਤੀ ਜਾ ਰਹੀ ਹੈ। ਮੁਤਾਹਿਰ ਕਹਿਦੇ ਹਨ ਕਿ ਅਜਿਹੇ ਹਾਲਾਤ ਪ੍ਰੀਖਿਆਵਾਂ ਕਰਵਾਉਣੀਆਂ ਮਹਿਜ਼ ਰਸਮਾਂ ਪੂਰੀਆਂ ਕੀਤੀਆਂ ਜਾ ਰਹੀਆਂ। ਕਾਨੂੰਨੀ ਤੌਰ 'ਤੇ 180 ਤੋਂ ਵੱਧ ਵਰਕਿੰਗ ਡੇਅ ਹੋਣੇ ਚਾਹੀਦੇ ਹਨ, ਮੈਨੂੰ ਨਹੀਂ ਲਗਦਾ ਹੈ ਕਿ ਸਾਡੇ ਬੱਚਿਆਂ ਨੂੰ 150 ਦਿਨ ਵੀ ਮਿਲੇ ਹੋਣਗੇ।ਭਾਰਤ ਸ਼ਾਸਿਤ ਕਸ਼ਮੀਰ ਵਿੱਚ ਪ੍ਰੀਖਿਆ ਦੇ ਇਸ ਸੈਸ਼ਨ ਵਿੱਚ 10ਵੀਂ, 12ਵੀਂ ਦੇ ਕਰੀਬ 1,60,000 ਵਿਦਿਆਰਥੀ ਬੈਠਣ ਵਾਲੇ ਹਨ। 5 ਅਗਸਤ ਤੋਂ ਵਧੇਰੇ ਸਕੂਲ ਬੰਦ ਹਨ। ਹਾਲਾਂਕਿ ਸਰਕਾਰ ਨੇ ਸਕੂਲਾਂ ਨੂੰ 19 ਅਗਸਤ ਤੋਂ 8ਵੀਂ ਤੱਕ ਅਤੇ ਬਾਅਦ ਵਿੱਚ 12ਵੀਂ ਤੱਕ ਦੇ ਵਿਦਿਆਰਥੀਆਂ ਲਈ ਖੋਲ੍ਹਣ ਦੇ ਆਦੇ ਦੇ ਦਿੱਤੇ ਗਏ ਪਰ ਬੱਚੇ ਨਾ ਦੇ ਬਰਾਬਰ ਆਏ।ਅੱਜ ਵੀ ਵਧੇਰੇ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਜ਼ੀਰੋ ਦੇ ਬਰਾਬਰ ਹੈ। ਕੇਂਦਰੀ ਕਸ਼ਮੀਰ ਵਿੱਚ ਬੜਗਾਮ ਜ਼ਿਲ੍ਹੇ ਦੀ ਪਲਾਜ਼ ਨਾਜ਼ ਕਸ਼ਮੀਰ ਦੇ ਇੱਕ ਮੁੱਖ ਨਿੱਜੀ ਸਕੂਲ ਵਿਚ ਪੜ੍ਹਦੀ ਹੈ। ਉਹ ਕਹਿੰਦੀ ਹੈ, "ਸਰਕਾਰ ਨੇ ਕਿਹਾ ਹੈ ਕਿ ਸਕੂਲ ਵਿਦਿਆਰਥੀਆਂ ਲਈ ਖੁਲ੍ਹੇ ਹਨ। ਉਨ੍ਹਾਂ ਨੇ ਕੇਵਲ ਕਿਹਾ ਹੈ ਪਰ ਇਸ ਨੂੰ ਲਾਗੂ ਨਹੀਂ ਕੀਤਾ ਗਿਆ। ਮਾਪਿਆਂ ਲਈ ਟਰਾਂਸਪੋਰਟ ਮੁਹੱਈਆ ਨਹੀਂ ਹੈ ਅਤੇ ਮਾਪੇ ਆਪਣੇ ਬੱਚਿਆਂ ਦੀ ਜ਼ਿੰਦਗੀ ਦਾਅ 'ਤੇ ਨਹੀਂ ਲਗਾਉਣਾ ਚਾਹੁੰਦੇ। ਹਰ ਪਾਸੇ ਸੈਨਾ ਖੜ੍ਹੀ ਹੈ। ਤੁਸੀਂ ਤੈਅ ਨਹੀਂ ਕਰ ਸਕਦੇ ਕਿ ਕੀ ਹੋਣ ਵਾਲਾ ਹੈ।" 5 ਅਗਸਤ ਤੋਂ ਪਲਕ ਦੋ ਵਾਰ ਅਸਾਈਨਮੈਂਟ ਲੈਣ ਸਕੂਲ ਗਈ ਸੀ ਪਰ ਇਸ ਵਾਰ ਇਹ ਸੌਖਾ ਨਹੀਂ ਸੀ। ਇਹ ਕਹਿੰਦੀ ਹੈ, "ਮੈਨੂੰ ਲਗਦਾ ਹੈ ਕਿ ਉਸ ਦਿਨ 3 ਅਕਤੂਬਰ ਸੀ ਜਦੋਂ ਕੁਝ ਮੁੰਡੇ ਸਾਡੇ ਸਕੂਲ 'ਚ ਆ ਵੜੇ ਅਤੇ ਅਧਿਆਪਕਾਂ ਨੂੰ ਸਭ ਬੰਦ ਕਰਨ ਦੀ ਧਮਕੀ ਦਿੱਤੀ ਸੀ।" ਪਲਕ ਹੁਣ ਚਿੰਤਤ ਹੈ ਅਤੇ ਕਹਿੰਦੀ ਹੈ, "ਬੀਤੇ ਦੋ ਮਹੀਨਿਆਂ ਦੌਰਾਨ ਅਸੀਂ ਆਪਣੇ ਘਰੋਂ ਬਾਹਰ ਨਹੀਂ ਨਿਕਲੇ, ਸੰਚਾਰ ਦਾ ਕੋਈ ਸਾਧਨ ਨਹੀਂ ਸੀ, ਉਹ ਭਿਆਨਕ ਸੀ। ਮੈਂ ਸੋਚਦੀ ਹਾਂ ਕਿ ਅੱਗੇ ਕੀ ਹੋਵੇਗਾ" ਹਾਲਾਂਕਿ ਸਰਕਾਰ ਨੇ ਸਕੂਲ ਖੋਲ੍ਹਣ ਦੇ ਆਦੇਸ਼ ਤਾਂ ਦੇ ਦਿੱਤੇ ਹਨ ਪਰ ਕਾਲਜ ਅਤੇ ਯੂਨੀਵਰਸਿਟੀ ਅਜੇ ਵੀ ਬੰਦ ਹੈ।

# ਇਸ ਪੰਜਾਬਣ ਕੁੜੀ ਦੀ ਪੂਰੇ ਪਾਕਿਸਤਾਨ ਵਿਚ ਚਰਚਾ



HINA MUNAWAR

ਪਾਕਿਸਤਾਨ ਦੇ ਕੱਟੜਵਾਦ ਤੋਂ ਪ੍ਰਭਾਵਿਤ ਸਵਾਤ ਜ਼ਿਲ੍ਹੇ ਵਿੱਚ ਇੱਕ ਔਰਤ ਹਿਨਾ ਮੁਨੱਵਰ ਨੂੰ ਪਹਿਲੀ ਵਾਰ ਫਰੰਟੀਅਰ ਕਾਂਸਟੇਬੁਲਰੀ ਵਿੱਚ ਜ਼ਿਲ੍ਹਾ ਅਧਿਕਾਰੀ ਵਜੋਂ ਤਾਇਨਾਤ ਕੀਤਾ ਗਿਆ ਹੈ।ਹਿਨਾ ਮੁਨੱਵਰ ਕਹਿੰਦੀ ਹੈ ਕਿ ਇੱਕ ਔਰਤ ਵਜੋਂ, ਉਨ੍ਹਾਂ ਨੂੰ ਆਪਣੀ ਡਿਊਟੀ ਨੂੰ ਪੂਰਾ ਕਰਨ ਵਿੱਚ ਕੋਈ ਔਖ ਨਹੀਂ ਦਿਸਦੀ ਹੈ। ਭਾਵੇਂ ਉਨ੍ਹਾਂ ਨੂੰ ਫੀਲਡ 'ਚ ਜਾਣਾ ਹੋਵੇ ਜਾਂ ਦਫ਼ਤਰ 'ਚ ਕੰਮ ਕਰਨਾ ਹੋਵੇ।ਪੰਜਾਬ ਦੇ ਸ਼ਹਿਰ ਫ਼ੈਸਲਾਬਾਦ ਦੀ ਹਿਨਾ ਮੁਨੱਵਰ ਦਾ ਕਹਿਣਾ ਹੈ ਕਿ ਫਰੰਟੀਅਰ ਕਾਂਸਟੇਬੁਲਰੀ ਸਵਾਤ ਵਿੱਚ ਨਿਯੁਕਤ ਕੀਤਾ ਜਾਣਾ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ ਕਿਉਂਕਿ ਉਹ ਇਲਾਕੇ ਦੀ ਬਿਹਤਰੀ ਲਈ ਬਹੁਤ ਕੁਝ ਕਰ ਸਕਦੀ ਹੈ।ਪਾਕਿਸਤਾਨ ਵਿੱਚ ਸੀਐੱਸਐੱਸ ਪ੍ਰੀਖਿਆ ਪਾਸ ਕਰਨ ਤੋਂ ਬਾਅਦ, ਪੁਲਿਸ ਸੇਵਾ ਵਿੱਚ ਤਾਇਨਾਤ 7 ਔਰਤਾਂ ਨੂੰ ਇੱਕ ਸਾਲ ਲਈ ਫਰੰਟੀਅਰ ਕਾਂਸਟੇਬੁਲਰੀ 'ਚ ਤਾਇਨਾਤ ਕੀਤਾ ਜਾਵੇਗਾ।ਉਨ੍ਹਾਂ ਵਿਚੋਂ ਦੋ ਖ਼ੈਬਰ ਪਖ਼ਤੂਨਖਵਾਂ, 4 ਨੂੰ ਇਸਲਾਮਾਬਾਦ ਅਤੇ ਇੱਕ ਨੂੰ ਗਿਲਗਿਤ 'ਚ ਤਾਇਨਾਤ ਕੀਤਾ ਗਿਆ ਹੈ।ਇਨ੍ਹਾਂ ਔਰਤਾਂ ਦੀ ਰੈਂਕ ਮੁੱਖ ਤੌਰ 'ਤੇ ਏਐੱਸਪੀ ਦੀ ਹੈ ਪਰ ਫਰੰਟੀਅਰ ਕਾਂਸਟੇਬੁਲਰੀ ਵਿੱਚ ਇਨ੍ਹਾਂ ਨੂੰ ਏਡੀਓ ਜਾਂ ਸਹਾਇਕ ਜ਼ਿਲ੍ਹਾ ਅਧਿਕਾਰੀ ਕਿਹਾ ਜਾਂਦਾ ਹੈ।ਹਿਨਾ ਮੁਨੱਵਰ ਨੇ ਆਪਣੀ ਐੱਮਫਿਲ ਦੀ ਡਿਗਰੀ ਡੈਵਲਪਮੈਂਟ ਇਕੋਨਾਮਿਕਸ ਵਿੱਚ ਕੀਤੀ ਹੈ, ਜਿਸ ਤੋਂ ਬਾਅਦ ਉਨ੍ਹਾਂ ਨੇ ਸੀਐੱਸਐੱਸ ਦੀ ਪ੍ਰੀਖਿਆ ਪਾਸ ਕੀਤੀ ਅਤੇ ਪੁਲਿਸ ਸੇਵਾ ਨੂੰ ਪਹਿਲ ਦਿੱਤੀ ਅਤੇ ਉਨ੍ਹਾਂ ਨੂੰ ਪਾਕਿਸਤਾਨ ਦੀ ਪੁਲਿਸ ਸੇਵਾ (ਪੀਪੀਐੱਸ) 'ਚ ਅਧਿਕਾਰੀ ਨਿਯੁਕਤ ਕੀਤਾ ਗਿਆ। ਉਨ੍ਹਾਂ ਨੇ ਕਿਹਾ ਹੈ ਕਿ ਖ਼ੁਸ਼ ਹੈ ਕਿ ਜ਼ਿਲ੍ਹੇ ਵਿੱਚ ਪੀਪੀਐੱਸ ਦੀ ਅਗਵਾਈ ਕਰਨ ਵਾਲੀ ਉਹ ਪਹਿਲੀ ਔਰਤ ਅਧਿਕਾਰੀ ਹੈ। ਹਿਨਾ ਨੇ ਬੀਬੀਸੀ ਨੂੰ ਦੱਸਿਆ ਹੈ ਕਿ ਇੱਕ ਔਰਤ ਵਜੋਂ ਉਨ੍ਹਾਂ ਨੂੰ ਮਹਿਸੂਸ ਨਹੀਂ ਹੋਇਆ ਕਿ ਉਨ੍ਹਾਂ ਨੂੰ ਇਸ ਭੂਮਿਕਾ 'ਚ ਕੋਈ ਔਖ ਨਹੀਂ ਆ ਸਕਦੀ ਹੈ ਕਿਉਂਕਿ ਉਹ ਆਪਣੀ ਖ਼ੁਸ਼ੀ ਅਤੇ ਇੱਛਾ ਨਾਲ ਇਸ ਇਲਾਕੇ ਵਿੱਚ ਆਈ ਸੀ।

### ਕੱਟੜਪੰਥੀ ਘਟਨਾਵਾਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਇਲਾਕਾ

ਖ਼ਾਨ ਨੇ ਕਿਹਾ ਕਿ ਫਰੰਟੀਅਰ ਕਾਂਸਟੇਬੁਲਰੀ ਵਿੱਚ ਔਰਤਾਂ ਦੇ ਉੱਚ ਅਹੁਦਿਆਂ 'ਤੇ ਆਉਣ ਨਾਲ ਇਸ ਦੀ ਕਾਰਜਸ਼ੈਲੀ ਵਿੱਚ ਸੁਧਾਰ ਹੋਣ ਦੀ ਆਸ ਹੈ। ਉਨ੍ਹਾਂ ਮੁਤਾਬਕ, ਔਰਤਾਂ ਕਰਮਚਾਰੀ ਰਿਕਾਰਡ ਅਤੇ ਤਨਖ਼ਾਹ ਰਿਕਾਰਡ ਤੋਂ ਇਲਾਵਾ ਫਰੰਟੀਅਰ ਕਾਂਸਟੇਬੁਲਰੀ ਵਿੱਚ ਦਫ਼ਤਰੀ ਕਾਰਜਾਂ ਨੂੰ ਬਿਹਤਰ ਢੰਗ ਨਾਲ ਕਰ ਸਕਦੀਆਂ ਹਨ। ਉਨ੍ਹਾਂ ਨੇ ਕਿਹਾ ਹੈ ਕਿ ਐੱਫਸੀ ਵਿੱਚ ਕੋਈ ਔਰਤ ਸਿਪਾਹੀ ਨਹੀਂ ਹੈ, ਪਰ ਹੁਣ ਔਰਤਾਂ ਅਧਿਕਾਰੀ ਵੱਡੀ ਗਿਣਤੀ ਵਿੱਚ ਆ ਰਹੀਆਂ ਹਨ ਅਤੇ ਕਿਉਂਕਿ ਪੁਲਿਸ ਦੀ ਡਿਊਟੀ ਹੈ, ਇਸ ਲਈ ਐਮਰਜੈਂਸੀ ਹਾਲਾਤ ਵਿੱਚ ਔਰਤਾਂ ਨੂੰ ਭਾਰੀ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਪੈਂਦਾ ਹੈ।ਪਿਛਲੇ ਕੁਝ ਸਮੇਂ ਤੋਂ ਸਵਾਤ ਸਣੇ ਖ਼ੈਬਰ ਪਖ਼ਤੂਨਖਵਾਂ ਦੇ ਵਧੇਰੇ ਜ਼ਿਲ੍ਹੇ ਕੱਟੜਪੰਥੀ ਘਟਨਾਵਾਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਰਹੇ ਹਨ। ਕੱਟੜਪੰਥ ਦੇ ਖ਼ਿਲਾਫ਼ ਯੁੱਧ ਦੌਰਾਨ, ਨਾਗਰਿਕਾਂ ਅਤੇ ਹੋਰਨਾਂ ਸੈਨਾ ਦੇ ਕਰਮੀਆਂ ਅਤੇ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਚਾਰ ਫਰੰਟੀਅਰ ਕਾਂਸਟੇਬੁਲਰੀ ਪੁਲਿਸ ਅਧਿਕਾਰੀਆਂ ਸਣੇ ਕੁੱਲ 360 ਜਵਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ। ਫਰੰਟੀਅਰ ਕਾਂਸਟੇਬੁਲਰੀ ਦੀ ਸਥਾਪਨਾ 1915 ਵਿੱਚ ਸਰਹੱਦ ਮਿਲਟਰੀ ਪੁਲਿਸ ਅਤੇ ਸਮਾਨਾ ਰਾਈਫਲ ਦੇ ਏਕੀਕਰਨ ਦੇ ਨਾਲ ਕੀਤੀ ਗਈ ਸੀ। ਅੰਗਰੇਜ਼ਾਂ ਦੇ ਵੇਲੇ ਇਨ੍ਹਾਂ ਬਲਾਂ ਦਾ ਕੰਮ ਸਰਹੱਦ ਦੀ ਰੱਖਿਆ ਕਰਨਾ ਸੀ। ਇਸ ਬਲ ਨੂੰ ਮੁੱਖ ਤੌਰ 'ਤੇ ਖ਼ੈਬਰ ਪਖ਼ਤੂਨਖਵਾਂ ਦੀ ਸੀਮਾ ਨਾਲ ਲੱਗੇ ਕਬਾਇਲੀ ਇਲਾਕਿਆਂ ਦੀ ਰੱਖਿਆ ਲਈ ਬਣਾਇਆ ਗਿਆ ਸੀ, ਪਰ ਇਨ੍ਹਾਂ ਨੂੰ ਪਾਕਿਸਤਾਨ ਦੇ ਵਿਭਿੰਨ ਹਿੱਸਿਆਂ ਵਿੱਚ ਤਾਇਨਾਤ ਕੀਤਾ ਗਿਆ ਹੈ।

# ਏਅਰ ਇੰਡੀਆ ਵੱਲੋਂ ਜਹਾਜ਼ 'ਤੇ "ੴ" ਲਿਖੇ ਜਾਣ ਬਾਰੇ ਕੌਣ ਕੀ ਕਹਿ ਰਿਹਾ




ਏਅਰ ਇੰਡੀਆ ਨੇ ਆਪਣੇ ਮੁੰਬਈ-ਅੰਮ੍ਰਿਤਸਰ-ਸਟਾਸਟਡ ਦੇ ਰੂਟ 'ਤੇ ਉਡਾਣ ਭਰਨ ਵਾਲੇ ਬੋਇੰਗ 787 ਡਰੀਮ ਲੈਂਡਰ ਜਹਾਜ਼ ਦੀ ਪੂਛ 'ਤੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਦੇ ਜਸ਼ਨਾਂ ਦੇ ਹਿੱਸੇ ਵਜੋਂ ਇੱਕ ਓਅੰਕਾਰ (ੴ) ਲਿਖਿਆ ਹੈ। ਸੋਸ਼ਲ ਮੀਡੀਆ 'ਤੇ ਲੋਕ ਇਸ ਬਾਰੇ ਆਪਣੀ ਰਾਇ ਜ਼ਾਹਰ ਕਰ ਰਹੇ ਹਨ ਜਿਨ੍ਹਾਂ ਵਿੱਚੋਂ ਬਹੁਤੇ ਇਸ ਬਾਰੇ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹਨ।

**ਕੌਣ ਕੀ ਕਹਿ ਰਿਹਾ**

ਇਸਲਾਮ ਤੇ ਯਹੂਦੀ ਧਰਮਾਂ ਅੰਦਰ ਮਾਸ ਖਾਣ ਸਬੰਧੀ ਵੱਖ ਵੱਖ ਨਿਯਮ ਨਿਰਧਾਰਤ ਕੀਤੇ ਹੋਏ ਹਨ। ਉਹ ਹਲਾਲ ਤੇ ਕੋਸ਼ਰ ਮਾਸ ਦਾ ਹੀ ਸੇਵਨ ਕਰਦੇ ਹਨ। ਸਿੱਖਾਂ ਅੰਦਰ ਉਪਰੋਕਤ ਪ੍ਰੰਪਰਾਵਾਂ ਦੇ ਮੁਕਾਬਲੇ , ਇਹ ਫੈਸਲਾ ਹੈ ਕਿ ਕੁੱਠਾ ਨਹੀਂ ਖਾਣਾ। ਕੁੱਠਾਨਾਂਵ ਮੁਸਲਮਾਨੀ ਪ੍ਰਪੰਰਾ ਅਨੁਸਾਰ ਬਣੇ ਮਾਸ ਨੂੰ ਕਿਹਾ ਜਾਂਦਾ ਹੈ। ਜਦੋਂ ਖਾਲਸਾ ਪੰਥ ਦੇ ਮੁੱਖੀਆਂ ਜਾਂ ਵਿਦਵਾਨਾਂ ਨੇ ਸਿੱਖ ਰਹਿਤ ਮਰਯਾਦਾ ਬਣਾਈ, ਉਨ੍ਹਾਂ ਨੂੰ ਉਸ ਸਮੇਂ ਯਹੂਦੀਆਂ ਦੀ ਕੋਸ਼ਰ ਮਾਸ ਪ੍ਰੰਪਰਾ ਬਾਰੇ ਇਲਮ ਨਹੀਂ ਹੋਵੇਗਾ, ਜਿਸ ਕਰਕੇ , ਇਸ ਬਾਰੇ ਉਲੇਖ ਨਹੀਂ ਹੋਇਆ। ਗੁਰੂ ਨਾਨਕ ਸਾਹਿਬ ਦੇ ਉਪਦੇਸ਼ਾਂ ਨੂੰ ਨਾ ਸਮਝਣ ਕਾਰਨ ਅਸੀ ਮਾਸ ਖਾਣ ਸਬੰਧੀ ਆਪ ਮੁਹਾਰੇ ਵਹਿਮ- ਭਰਮ ਵਿੱਚ ਉਲਝ ਜਾਂਦੇ ਹਾਂ। ਉਨ੍ਹਾਂ ਨੇ ਬ੍ਰਾਹਮਣ ਨੂੰ ਨਿਧੱੜਕ ਹੋਕੇ ਆਖਿਆ ਸੀ,

ਮਾਸਹੁ ਨਿੰਮੇ, ਮਾਸਹੁ ਜੰਮੇ , ਹਮ ਮਾਸੈ
ਕੇ ਭਾਂਡੇ ॥
ਗਿਆਨੁ ਧਿਆਨੁ ਕੁਝ ਸੂਝੈ
ਨਾਹੀ ਚਤੁਰ ਕਹਾਵੈ ਪਾਂਡੇ ॥

ਸਾਡਾ ਮੁੱਢ ਮਾਸ ਤੋਂ ਹੀ ਬੱਝਾ , ਅਸੀਂ ਮਾਸ ਤੋਂ ਹੀ ਪੈਦਾ ਹੋਏ। ਮਾਸ ਤੋਂ ਤਿਆਗੀ ਪੰਡਿਤ ਮਾਸ ਦੀ ਚਰਚਾ ਛੇੜਕੇ ਐਂਵੇ ਆਪਣੇ ਆਪ ਨੂੰ ਸਿਆਣਾ ਅਖਵਾਂਦਾ ਹੈ। ਅਸਲ ਵਿੱਚ ਇਸਨੂੰ ਨਾ ਸਮਝ ਹੈ, ਨਾ ਸੁਰਤਿ ਹੈ। 20 ਸਤੰਬਰ 2016 ਨੂੰ ਖਾਲਸਾ ਨਿਊਜ਼ ਤੇ ਸ੍ਰ. ਅਰਮਿੰਦਰ ਸਿੰਘ ਜੀ ਦੇ ਲੇਖ ਧਾਰਮਿਕ ਅਨਪੜ੍ਹ ਵਿਚੋਂ ਵਿਚਾਰ ਸਾਂਝੇ ਕਰਦਾ ਹਾਂ। ਮਾਸ ਤੇ ਸਾਗ ਨੂੰ ਧਰਮ ਦਾ ਹਿੱਸਾ ਬਣਾਕੇ ਪੇਸ਼ ਕਰਨ ਵਾਲੇ ਵੱਡੇ ਗੁਨਾਹਗਾਰ ਹਨ। ਅੱਜ ਸਿੱਖਾਂ ਦਾ ਵੱਡਾ ਕੀਮਤੀ ਸਮਾਂ ਆਪਸ ਵਿੱਚ ਇਸੀ ਬਹਿਸ ਲੜਾਈ ਵਿੱਚ ਖੱਚਿਤ ਹੋ ਰਿਹਾ ਹੈ ਕਿ ਕੀ ਮਾਸ ਖਾਣਾ ਹੈ ਜਾਂ ਨਹੀਂ ਖਾਣਾ। ਗੁਰਬਾਣੀ ਦੇ ਵੱਖ ਵੱਖ ਸ਼ਬਦਾਂ ਨੂੰ ਆਪਣੇ ਮਤਲਬ ਲਈ ਵਰਤਕੇ ਇਹ ਅਣਥੱਕ ਵਿਦਵਾਨ ਆਪਣੀ ਵਿਦਵਤਾ ਦੇ ਡੰਡੇ ਵਜਾ ਰਹੇ ਹਨ। ਜੀਵਨ ਤਾਂ ਦੋਹਾਂ ਵਿੱਚ ਹੀ ਹੈ, ਫਰਕ ਕੇਵਲ ਇਤਨਾ ਹੈ ਕਿ ਮਨੁੱਖ ਦੇ ਕੰਨ ਸ਼ਾਇਦ ਇਸ ਕਾਬਲ ਨਹੀਂ ਅਨਪੜ੍ਹਤਾ ਦੇ ਸ਼ਿਕਾਰ ਕੇਵਲ ਅਨਪੜ੍ਹ ਹੀ ਨਹੀਂ ਹੁੰਦੇ , ਸਗੋਂ ਪੜ੍ਹੇ ਲਿਖੇ ਤੇ ਆਪਣੇ ਆਪ ਨਨੂੰ ਵਿਦਵਾਨ ਕਹਾਉਣ ਵਾਲੇ ਤੇ ਆਮ ਜਨਤਾ ਨੂੰ ਸਾਗ ਮਾਸ ਦੇ ਝਗੜੇ ਵਿੱਚ ਪਾਉਣ ਵਾਲੇ ਜਿਆਦਾ ਧਾਰਮਿਕ ਅਨਪੜ੍ਹ ਹਨ। ਚਿੰਤਾ ਕਰਨੀ ਹੈ ਤਾਂ ਉਵਾਂ ਮਨੁੱਖਾਂ ਦੀ ਕਰੋਂ, ਜਿਨ੍ਹਾਂ ਨੂੰ ਇਕ ਡੰਗ ਦੀ ਰੋਟੀ (ਨਾ ਸਾਗ, ਨਾ ਮਾਸ ਨਾਲ) ਵੀ ਨਸੀਬ ਨਹੀਂ ਹੁੰਦੀ।

ਇਥੇ ਮੈਂ ਕੁੱਝ ਹਿੰਦੂ ਧਰਮ ਜਦੇ ਵਿਦਵਾਨਾਂ ਦੇ ਵਿਚਾਰਾਂ ਦੀ ਸਾਝ ਕਰਾਂਗਾ, ਜੋ ਉਨ੍ਹਾਂ ਨੇ ਮਾਸ ਖਾਣ ਸਬੰਧੀ ਦਿੱਤੇ ਹਨ। ਪਹਿਲੇ , ਆਰੀਆ ਸਮਾਜ ਦੇ ਬਾਨੀ , ਸਵਾਮੀ ਦਿਆਨੰਦ ਸਰਸਵਤੀ , ਜਿਨ੍ਹਾਂ ਨੇ ਲਿਖਿਆ ਹੈ ਕਿ ਸ਼ਰਾਧ ਵੇਲੇ ਮਾਸ ਆਦਿ ਦੀ ਹਵਨ ਵਿੱਚ ਅਹੂਤੀ ਦੇਣ ਮਗਰੋਂ , ਉਸਨੂੰ ਖਾਧਾ ਜਾਵੇ। ਦੂਜੇ, ਸਵਾਮੀ ਵਿਵੇਕਾਨੰਦ , ਉਨ੍ਹਾਂ ਨੇ ਆਪਣੀ ਜੀਵਨੀ ਵਿੱਚ ਲਿਖਿਆ, ਕਿ ਪ੍ਰਚੀਨ ਕਰਮ ਕਾਂਡ ਮੁਤਾਬਕ ਉਹ ਆਦਮੀ ਚੰਗਾ ਹਿੰਦੂ ਨਹੀਂ, ਜੋ ਗਊ ਮਾਸ ਨਹੀਂ ਖਾਂਦਾ। (ਨਵਾਂ ਜਮਾਨਾ, ਅਪਰੈਲ 1995 , ਡਾ. ਸੁਰਿੰਦਰ ਅਜਨਾਤ) ਡਾਕਟਰ ਸੁਰਿੰਦਰ ਅਜਨਾਤ ਅੱਗੇ ਲਿੱਖਦੇ ਹਨ ਕਿ ਸਾਨੂੰ ਬਹੁਤ ਉਦਾਰ ਨੀਤੀ ਅਪਣਾਉਣੀ ਚਾਹੀਦੀ ਹੈ। ਉਹ ਕ੍ਰਾਂਤੀਕਾਰੀ ਚੰਦਰ ਸ਼ੇਖਰ ਆਜ਼ਾਦ ਦੀ ਉਦਾਹਰਣ ਦਿੰਦੇ ਹਨ, ਜੋ ਬ੍ਰਾਹਮਣ ਸਨ ਤੇ ਮਾਸਾਹਾਰੀ ਨਹੀਂ ਸਨ। ਜਦੋਂ ਕਦੀ ਉਨ੍ਹਾਂ ਦੀ ਦਾਲ ਵਿੱਚ ਮਾਸ ਦਾ ਇਕ ਅੱਧਾ ਟੁਕੜਾ ਡਿਗ ਪੈਂਦਾ , ਉਸ ਨੂੰ ਹੱਥ ਨਾਲ ਚੁੱਕ ਕੇ ਇਕ ਪਾਸੇ ਰੱਖ ਦਿੰਦੇ ਤੇ ਚੁੱਪ - ਚਾਪ ਦਾਲ ਨਾਲ ਰੋਟੀ ਖਾ ਲੈਂਦੇ ਸਨ।

ਅੱਜ ਸਾਡੇ ਵਿੱਚ ਅਜੇਹੀ ਸਹਿਨਸ਼ੀਲਤਾ ਦੀ ਅਣਹੋਂਦ ਹੈ। ਸਾਡੇ ਮਹਾਨ ਲੇਖਕ ਵਿਦਵਾਨ , ਜੋ ਕਹਿਣੀ ਤੇ ਕਰਣੀ ਵਾਲੇ ਸਨ, ਸਭ ਮਾਸ ਦਾ ਸੇਵਨ ਕਰਦੇ ਸਨ। ਅਕਾਲੀ ਕੌਰ ਸਿੰਘ ਜੀ ਨਿਹੰਗ, ਜਿਥੇ ੍ਹਹ ਆਤਮਕ ਤੌਰ ਤੇ ਉੱਚੇ ਸਨ, ਨਾਲ ਹੀ ਬਹੁਤ ਵਿਦਵਾਨ ਸਨ, ਉਨ੍ਹਾਂ ਦੀ ਸੋਚ ਸੀ ਕਿ ਸਿੱਖਾਂ ਵਿੱਚ ਝਟਕਾ ਮਾਸ ਖਾਣ ਦੀ ਖੁੱਲ੍ਹ ਜਰੂਰੀ ਹੈ। ਜਿਵੇਂ ਅੰਡੇਮਾਨ ਜੇਲ੍ਹ 'ਚ ਬਾਬਾ ਵਿਸਾਖਾ ਸਿੰਘ ਜੀ ਗਦਰੀ, ਬੀਮਾਰ ਹੋ ਗਏ। ਜਦੋਂ ਡਾਕਟਰਾਂ ਨਾਲ ਸਲਾਹ ਕੀਤੀ ਗਈ , ਤਾਂ ਉਨ੍ਹਾਂ ਕਿਹਾ ਕਿ ਉਹ ਤੰਦਰੁਸਤ ਹੋ ਸਕਦੇ ਹਨ ਜੇਕਰ ਮੱਛੀ ਦੀ ਤਰੀ ਲੈਣ। ਉਨ੍ਹਾਂ ਪਹਿਲਾਂ ਕੋਰਾ ਇਨਕਾਰ ਕਰ ਦਿੱਤਾ। ਜਦੋਂ ਭਾਈ ਜਵਾਲਾ ਸਿੰਘ ਹੋਰਾਂ ਕਿਹਾ ਕਿ ਹੱਠ ਨਾ ਕਰੋਂ , ਤਾਂ ਮੰਨ ਗਏ। ਤੰਦਰੁਸਤ ਹੋ ਕੇ ਕਿਰਤੀ ਲੱਹਰ 'ਚ ਸਰਗਰਮ ਰਹੇ।

ਮਾਸ ਖਾਣਾ, ਜਾਂ ਨਾ ਖਾਣਾ , ਹਰ ਇਕ ਦਾ ਨਿਜ਼ੀ ਫੈਸਲਾ ਹੈ। ਸਾਨੂੰ ਮਾਸ ਜਾਂ ਹੋਰ ਚੀਜ਼ਾਂ ਦਾ ਚਸਕਾ ਨਹੀਂ ਲੱਗਣਾ ਚਾਹੀਦਾ। ਕਿਸੇ ਨੂੰ ਸਬਜ਼ੀਆਂ ਜਾਂ ਦਾਲਾਂ ਵੀ ਮੁਆਫ਼ਕ ਨਹੀਂ ਹੁੰਦੀਆਂ। ਸਾਡੇ ਬਹੁਤ ਲੋਕ ਜੋ ਆਪਣੇ ਆਪ ਨੂੰ ਸ਼ਾਕਾਹਾਰੀ ਅਖਵਾਉਂਦੇ ਹਨ, ਦੁੱਧ (ਚਿੱਟਾ ਮਾਸ) ਪੀਣ ਤੋਂ ਪਰਹੇਜ਼ ਨਹੀਂ ਕਰਦੇ , ਦੂਜੇ ਪਾਸੇ ਆਂਡੇ ਨੂੰ ਮਾਸ ਅਹਾਰ ਵਿੱਚ ਸ਼ਾਮਿਲ ਕਰ ਲੈਂਦੇ ਹਨ। ਦਹੀ ਨੂੰ ਖਾਣ ਤੋਂ ਕਦੀ ਸੰਕੋਚ ਨਹੀਂ ਕੀਤਾ ਜਾਂਦਾ, ਹਲਾਂਕਿ 'ਦਹੀ' ਜੀਵਤ ਬੈਕਟੀਰੀਆਂ ਨਾਲ ਭਰਪੂਰ ਹੁੰਦਾ ਹੈ। ਭਾਰਤ ਅੰਦਰ ਗਊ ਦੀ ਪਵਿੱਤਰਤਾ ਨੂੰ ਅਧਾਰ ਬਣਾਕੇ ਬਹੁਤ ਲੋਕਾਂ ਨੂੰ ਸ਼ੱਕ ਪੈਣ ਤੇ ਕਤਲ ਕੀਤਾ ਗਿਆ ਕਿ ਉਹ ਗਊ ਮਾਸ ਲੈਕੇ ਜਾ ਰਹੇ ਸਨ। ਇਹ ਵੀ ਸਪਸ਼ਟ ਹੈ ਕਿ ਭਾਰਤ ਬਾਹਰਲੇ ਦੇਸ਼ਾਂ ਨੂੰ ਗਊ ਜਾਂ ਮੱਝਾਂ ਦਾ ਮਾਸ ਬਰਾਮਦ ਕਰਕੇ ਅਧਿਕ ਮੁਦਰਾ ਕਮਾਉਂਦਾ ਹੈ ਤੇ ਸਾਰੇ ਵੱਡੇ ਬੁੱਚੜਖਾਨੇ ਬ੍ਰਾਹਮਣਾਂ ਦੇ ਹਨ। ਅਜੇਹੀ ੈਕੜਬਾਜ਼ੀ ਨਾਲ ਲੋਕਾਂ ਉਤੇ ਜ਼ੁਲਮ ਕਰਨੇ ਬਹੁਤ ਮਾੜਾ ਵਰਤਾਰਾ ਹੈ ਅਤੇ ਕੋਮਾਂ ਦਾ ਆਪਸੀ ਵੈਰ-ਵਿਰੋਧ ਵਧੇਗਾ ਤੇ ਭਾਈਚਾਰਕ ਸਾਂਝ ਵਿੱਚ ਪੱਕੀਆਂ ਤ੍ਰੇੜਾਂ ਪੈ ਜਾਣਗੀਆਂ। ਜਿਵੇਂ ਉਪਰ ਉਲੇਖ ਕੀਤਾ ਹੈ ਕਿ ਮਾਸਾਹਾਰੀ ਜਾਂ ਸ਼ਾਕਾਹਾਰੀ ਹੋਣ, ਹਰ ਵਿਅਕਤੀ ਦੀ ਨਿਜ਼ੀ ਪਸੰਦ ਹੈ ਅਤੇ ਮਾਸ ਖਾਣ ਜਾਂ ਨਾ ਖਾਣ ਦਾ ਧਰਮ ਜਾਂ ਅਧਰਮ ਨਾਲ ਕੋਈ ਖਾਣ ਜਾਂ ਇਸ ਚੀਜ਼ ਦਾ ਮਾਸ ਖਾਣ ਦੇ ਸੰਬੇਧ ਵਿੱਚ ਕੋਈ ਕਲੇਸ਼ ਜਾਂ ਝਗੜਾ ਨਹੀਂ ਸੁਣਦੇ। ਭਾਰਤ ਅੰਦਰ ਜਦੋਂ ਸੁਣਦੇ ਹਾਂ ਕਿ ਅਸੀਂ ਆਪਣੀਂ ਨਿਜੀ ਪਸੰਦ , ਦੂਜੇ ਉਤੇ ਡੋਸਦੇ ਹਾਂ ,ਜਾਂ ਧੱਕੇ ਨਾਲ ਧਾਰਮਿਕ ਰੀਤਾਂ ਜ਼ਬਰੀ ਠੋਸਦੇ ਹਾਂ ਤਾਂ ਇਹ ਬਦਮਾਸ਼ੀਪੁਣਾ ਜਾਂ ਹੈਕੜਬਾਜ਼ੀ ਹੈ । ਸੱਚਾ ਸੁੱਚਾ ਧਰਮੀ ਵਿਅੱਕਤੀ , ਉਹੀ ਹੋ ਸਕਦਾ ਹੈ, ਜਿਸ ਵਿੱਚ ਸ਼ਹਿਨਸ਼ੀਲਤਾ ਹੋਵੇ, ਸਭ ਮਨੁੱਖਾਂ ਅੰਦਰ ਰੱਬੀ ਜੋਤਿ ਦੇਖੇ। ਆਓ, ਅਸੀਂ ਗੁਰੂ ਨਾਨਕ ਸਾਹਿਬ ਜੀ ਦੇ ਮਹਾਨ ਉਪਦੇਸ਼ਾਂ ਨੂੰ ਮੰਨੀਏ ਅਤੇ ਖਾਣ ਪੀਣ ਸਬੰਧੀ ਝਗੜੇ ਨਾ ਕਰੀਏ।

**ਡਾ. ਪੂਰਨ ਸਿੰਘ**

# ਆਰ . ਐਸ . ਐਸ . ਦੀ ਸਿਆਸਤ ਅਤੇ ਨਾਗਰਿਕ ਰਜਿਸਟਰ




ਕੌਮੀ ਨਾਗਰਿਕ ਰਜਿਸਟਰ (ਐਨ. ਆਰ. ਸੀ.) ਸਿਆਸੀ ਹਲਕਿਆਂ ਵਿਚ ਵਿਵਾਦ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਦੁਆਲੇ ਵਿਵਾਦ ਇਸ ਕਰਕੇ ਤਿੱਖਾ ਹੋਇਆ, ਕਿਉਂਕਿ ਕੇਂਦਰ ਸਰਕਾਰ ਨੇ ਇਸ ਨੂੰ ਫਿਰਕੂ ਰੰਗਤ ਦੇ ਕੇ ਜਿਥੇ ਇਸ ਨੂੰ ਚੋਣ ਪੈਂਤੜੇ ਵਜੋਂ ਵਰਤਿਆ ਹੈ, ਉਥੇ ਇਸ ਨੂੰ ਆਪਣੇ ਫਾਸ਼ੀ ਹੱਲ ਦਾ ਏਜੰਡਾ ਬਣਾ ਲਿਆ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅਸਾਮ ਐਨ.ਆਰ.ਸੀ. ਬਾਰੇ ਕਿਹਾ ਕਿ ਪੂਰੇ ਦੇਸ਼ ਵਿਚ ਇਹ ਰਜਿਸਟਰ ਬਣਾਇਆ ਜਾਵੇਗਾ ਅਤੇ ਦੇਸ਼ ਵਿਚ ਇਕ ਵੀ ਘੁਸਪੈਠੀਆ ਨਹੀਂ ਰਹਿਣ ਦਿੱਤਾ ਜਾਵੇਗਾ।

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਹਰਿਆਣਾ ਵਿਚ ਰਜਿਸਟਰ ਤਿਆਰ ਕਰਨ ਦਾ ਐਲਾਨ ਕਰ ਦਿੱਤਾ। ਆਰ.ਐਸ਼ਐਸ਼ ਵਲੋਂ ਗਿਣੇ ਮਿਥੇ ਢੰਗ ਨਾਲ ਇਹ ਪ੍ਰਵਚਨ ਪ੍ਰਚੱਲਿਤ ਕੀਤਾ ਜਾ ਰਿਹਾ ਹੈ ਕਿ ਦੇਸ਼ ਵਿਚ ਵੱਡੀ ਗਿਣਤੀ ਵਿਚ ਗੈਰ ਕਾਨੂੰਨੀ ਤੌਰ 'ਤੇ ਮੁਸਲਮਾਨਾਂ ਨੇ ਘੁਸਪੈਠ ਕਰ ਲਈ ਹੈ, ਉਹ ਦੇਸ਼ ਦੇ ਵਸੋਂ-ਮੁਹਾਂਦਰੇ (ਡੈਮੋਗ੍ਰਾਫੀ) ਨੂੰ ਬਦਲਣਾ ਚਾਹੁੰਦੇ ਹਨ ਜਿਸ ਨਾਲ ਹਿੰਦੂ ਘੱਟ ਗਿਣਤੀ ਵਿਚ ਰਹਿ ਜਾਣਗੇ।

ਭਾਜਪਾ-ਸੰਘ ਦੀ ਇਸ ਯੋਜਨਾ ਦਾ ਉਦੇਸ਼ ਜਿਥੇ ਇਹ ਖਤਰਾ ਦਿਖਾ ਕੇ ਹਿੰਦੂਆਂ ਨੂੰ ਗੋਲਬੰਦ ਕਰਕੇ ਆਪਣਾ ਵੋਟ ਬੈਂਕ ਪੱਕਾ ਕਰਨਾ ਹੈ, ਉਥੇ ਮੁਲਕ ਭਰ ਵਿਚ ਮੁਸਲਮਾਨਾਂ ਅਤੇ ਹੋਰ ਘੱਟ ਗਿਣਤੀਆਂ ਦੇ ਦਿਲਾਂ ਵਿਚ ਦਹਿਸ਼ਤ ਪੈਦਾ ਕਰਨਾ ਹੈ।

ਸੰਘ ਲਈ ਅਸਾਮ ਐਨ.ਆਰ.ਸੀ. ਅਸਾਮ ਲਈ ਨਹੀਂ ਬਲਕਿ ਬੰਗਾਲ ਵਿਚ ਆਪਣਾ ਹਿੰਦੂ ਵੋਟ ਬੈਂਕ ਗੋਲਬੰਦ ਕਰਨ ਵੱਲ ਸੇਧਿਤ ਸੀ; ਕਿਉਂਕਿ ਬੰਗਲਾਦੇਸ਼ ਵਿਚੋਂ ਲੋਕ ਪੱਛਮੀ ਬੰਗਾਲ ਵਿਚ ਵੀ ਆਏ ਹਨ ਅਤੇ ਪੱਛਮੀ ਬੰਗਾਲ ਵਿਚ ਸੰਘ ਇਕ ਅਰਸੇ ਤੋਂ ਵਸੋਂ-ਮੁਹਾਂਦਰੇ ਦੀ ਤਬਦੀਲੀ ਦਾ ਹਊਆ ਖੜ੍ਹਾ ਕਰਕੇ ਆਪਣਾ ਹਿੰਦੂ ਵੋਟ ਬੈਂਕ ਤਿਆਰ ਕਰਨ ਵਿਚ ਲੱਗਿਆ ਹੋਇਆ ਹੈ। ਅਸਾਮ ਵਿਚ ਐਨ.ਆਰ.ਸੀ. ਲਾਗੂ ਕਰਕੇ ਇਹ ਬੰਗਾਲ ਵਿਚ ਹਿੰਦੂਆਂ ਨੂੰ ਸੰਦੇਸ਼ ਦੇਣਾ ਚਾਹੁੰਦਾ ਸੀ ਕਿ ਬੰਗਾਲ ਵਿਚ ਐਨ.ਆਰ.ਸੀ. ਲਾਗੂ ਕਰਕੇ ਇਥੋਂ ਵੀ ਬੰਗਲਾਦੇਸ਼ੀਆਂ ਨੂੰ ਕੱਢਿਆ ਜਾਵੇਗਾ।

ਕੇਂਦਰ ਸਰਕਾਰ ਨੇ ਸਰਹੱਦ ਪਾਰੋਂ ਪਰਵਾਸ ਦੇ ਮਸਲੇ ਨੂੰ ਨੰਗੇ ਚਿੱਟੇ ਰੂਪ ਵਿਚ ਫਿਰਕੂ ਬਣਾ ਧਰਿਆ, ਜਦੋਂ ਉਸ ਨੇ ਇਹ ਐਲਾਨ ਕੀਤਾ ਕਿ ਪਰਵਾਸ ਕਰਕੇ ਆਏ ਹਿੰਦੂਆਂ ਨੂੰ ਵਾਪਿਸ ਨਹੀਂ ਭੇਜਿਆ ਜਾਵੇਗਾ, ਬਲਕਿ ਮੁਸਲਮਾਨਾਂ ਤੇ ਹੋਰਾਂ ਨੂੰ ਵਾਪਿਸ ਭੇਜਿਆ ਜਾਵੇਗਾ। ਇਸ ਪਿੱਛੇ ਦਲੀਲ ਇਹ ਹੈ ਕਿ ਭਾਰਤ ਹਿੰਦੂਆਂ ਦਾ ਆਪਣਾ ਮੁਲਕ ਹੈ। ਇਉਂ ਭਾਜਪਾ ਸਰਕਾਰ ਨੇ ਸੰਵਿਧਾਨ ਵਿਚ 'ਧਰਮ ਨਿਰਪੱਖ' ਸ਼ਬਦ ਅਤੇ ਇਸ ਦੀ ਰੂਹ ਨੂੰ ਮਨਮਾਨੇ ਢੰਗ ਨਾਲ, ਬਿਨਾ ਸੰਵਿਧਾਨ ਵਿਚ ਸੋਧ ਕੀਤਿਆਂ ਹੀ ਕੁਚਲ ਦਿੱਤਾ ਹੈ ਅਤੇ ਭਾਜਪਾ ਦੀ ਦਲੀਲ ਅਨੁਸਾਰ ਭਾਰਤ ਹਿੰਦੂ ਮੁਲਕ ਹੈ।

ਸੰਘ ਨੇ ਅਸਾਮ ਵਿਚ ਪਰਵਾਸੀ ਬੰਗਲਾਦੇਸ਼ੀ ਮੁਸਲਮਾਨਾਂ ਦਾ ਬਹੁਤ ਵੱਡਾ ਖਤਰਾ ਖੜ੍ਹਾ ਕਰ ਦਿੱਤਾ। ਕਦੀ ਕਿਹਾ ਜਾਂਦਾ ਹੈ ਕਿ 80 ਲੱਖ ਬੰਗਲਾਦੇਸ਼ੀ ਮੁਸਲਮਾਨ ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ ਹਨ ਅਤੇ ਕਦੀ ਇਹ ਅੰਕੜਾ ਇਕ ਕਰੋੜ ਤੱਕ ਵੀ ਪਹੁੰਚਾ ਦਿੱਤਾ ਜਾਂਦਾ ਹੈ। ਇਹ ਆਮ ਅਸਾਮੀ ਦੇ ਮਨ ਵਿਚ ਡਰ ਬਿਠਾਉਣ ਲਈ ਕਾਫੀ ਸੀ। ਇਸ ਪੈਂਤੜੇ 'ਤੇ ਸੰਘ ਨੇ ਚੋਣਾਂ ਜਿਤ ਕੇ ਅਸਾਮ ਵਿਚ ਸਰਕਾਰ ਬਣਾ ਲਈ ਪਰ ਹਕੀਕਤ ਵਿਚ ਜਦ ਕੌਮੀ ਨਾਗਰਿਕ ਰਜਿਸਟਰ ਬਣਨਾ ਸ਼ੁਰੂ ਹੋਇਆ ਅਤੇ ਇਸ ਦੇ ਨਤੀਜੇ ਸਾਹਮਣੇ ਆਏ ਤਾਂ ਸਾਰੇ ਕੂੜ-ਪ੍ਰਚਾਰ ਦੀ ਫੂਕ ਨਿਕਲ ਗਈ।

ਰਜਿਸਟਰ ਦਾ ਖਰੜਾ ਤਿਆਰ ਹੋਇਆ ਤਾਂ ਇਸ ਤੋਂ ਬਾਹਰ ਰਹਿ ਗਏ ਲੋਕਾਂ ਦੀ ਗਿਣਤੀ 40 ਲੱਖ ਸੀ। ਇਸ ਤੇ ਅਸਾਮ ਵਿਚ ਕਾਫੀ ਰੌਲਾ ਹੋਇਆ। ਇਥੋਂ ਤੱਕ ਕਿ ਭਾਰਤੀ ਜਨਤਾ ਪਾਰਟੀ ਦੀ ਅਸਾਮ ਇਕਾਈ ਨੇ ਵੀ ਇਸ ਦਾ ਵਿਰੋਧ ਕੀਤਾ। ਸਿੱਟੇ ਵਜੋਂ ਇਤਰਾਜ਼ ਮੰਗੇ ਗਏ। ਨਾਗਰਿਕਾਂ ਦੀ ਜੋ ਅੰਤਿਮ ਸੂਚੀ ਤਿਆਰ ਹੋਈ, ਉਸ ਅਨੁਸਾਰ ਬਾਹਰ ਰਹਿ ਗਏ ਲੋਕਾਂ ਦੀ ਗਿਣਤੀ 19 ਲੱਖ ਹੈ। ਪਹਿਲਾਂ ਤਾਂ ਇਹੀ ਝੂਠ ਬੇਨਕਾਬ ਹੋਇਆ: ਕਿਥੇ 80 ਲੱਖ ਜਾਂ ਇਕ ਕਰੋੜ, ਤੇ ਕਿਥੇ 19 ਲੱਖ! ਉਂਜ, ਸਭ ਤੋਂ ਦਿਲਚਸਪ ਗੱਲ ਹੈ ਕਿ ਇਸ ਵਿਚ ਬਹੁਗਿਣਤੀ ਬੰਗਲਾਦੇਸ਼ੀ ਮੁਸਲਮਾਨਾਂ ਦੀ ਨਹੀਂ ਬਲਕਿ ਹਿੰਦੂਆਂ ਦੀ ਹੈ। ਇਸ ਵਿਚੋਂ 13 ਲੱਖ ਹਿੰਦੂ ਹਨ। ਰਜਿਸਟਰ ਤੋਂ ਬਾਹਰ ਰਹਿ ਗਏ 19,06,657 ਲੋਕਾਂ ਵਿਚ 6.7 ਲੱਖ ਨਾ ਤਾਂ ਮੁਸਲਮਾਨ ਹਨ ਅਤੇ ਨਾ ਹੀ ਬੰਗਾਲੀ ਹਨ। ਬਾਹਰ ਰਹਿ ਗਏ ਲੋਕਾਂ ਵਿਚੋਂ 4,30,000 ਲੋਕ ਉਹ ਹਨ ਜੋ ਕਿਸੇ ਖਾਸ ਗਰੁੱਪ ਦੀ ਗਿਣਤੀ ਵਿਚ ਨਹੀਂ ਆਉਂਦੇ। ਇਸ ਮਾਮਲੇ ਨਾਲ ਜੁੜੇ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਲੋਕ ਉਹ ਹਨ ਜੋ ਬਾਕੀ ਭਾਰਤ 'ਚੋਂ ਆ ਕੇ ਇਥੇ ਵਸ ਗਏ ਹਨ।

ਸੰਘ ਅਤੇ ਅਸਾਮ ਵਿਚ ਇਸ ਦੀ ਭਾਈਵਾਲ ਆਸੂ (ਆਲ ਅਸਾਮ ਸਟੂਡੈਂਟਸ ਯੂਨੀਅਨ) ਇਹ ਪ੍ਰਚਾਰਦੇ ਰਹੇ ਹਨ ਕਿ ਕਰੋੜ ਦੇ ਕਰੀਬ ਬੰਗਲਾਦੇਸ਼ੀ ਮੁਸਲਮਾਨ ਚੋਰੀ ਛਿਪੇ ਘੁਸਪੈਠ ਕਰਕੇ ਅਸਾਮ ਵਿਚ ਵਸ ਗਏ ਹਨ। ਹੁਣ ਸਾਹਮਣੇ ਆਇਆ ਹੈ ਕਿ ਬੰਗਲਾਦੇਸ਼ੀ ਮੁਸਲਮਾਨਾਂ ਦੀ ਗਿਣਤੀ ਸਿਰਫ 4 ਲੱਖ 86 ਹਜ਼ਾਰ ਹੈ। ਇਸ ਤੋਂ ਇਕ ਵਾਰੀ ਫਿਰ ਸਪਸ਼ਟ ਹੋ ਜਾਂਦਾ ਹੈ ਕਿ ਇਹ ਪ੍ਰਚਾਰ ਹਿਟਲਰ ਤੇ ਉਸ ਦੇ ਪ੍ਰਚਾਰ ਮੰਤਰੀ ਗੋਇਬਲਜ਼ ਦੇ ਸਿਧਾਂਤ 'ਤੇ ਆਧਾਰਿਤ ਹੈ ਕਿ ਲੋਕਾਂ ਵਿਚ ਦੱਬ ਕੇ ਝੂਠ ਪ੍ਰਚਾਰੀ ਜਾਓ, ਝੂਠ ਫੜਿਆ ਵੀ ਜਾਵੇ, ਮੰਨੋ ਨਾ ਬਲਕਿ ਉਸੇ ਝੂਠ ਨੂੰ ਦੱਬ ਕੇ ਪ੍ਰਚਾਰੋ।

ਇਹ ਸੰਘ ਹੀ ਹੈ ਜਿਸ ਨੇ ਇਸ ਮੁੱਦੇ ਨੂੰ ਫਿਰਕੂ ਰੰਗਤ ਦਿੱਤੀ ਹੈ। ਉਂਜ ਇਹ ਮਸਲਾ ਕਾਫੀ ਪੁਰਾਣਾ ਹੈ। ਅਸਾਮ ਵਿਚ ਪਹਿਲਾ ਨਾਗਰਿਕ ਰਜਿਸਟਰ 1951 ਵਿਚ ਬਣਾਇਆ ਗਿਆ ਸੀ ਪਰ ਇਸ ਨੂੰ ਬਿਨਾ ਲਾਗੂ ਕੀਤੇ ਹੀ ਕੂੜੇ ਦੇ ਢੇਰ ਵਿਚ ਦਬਾ ਦਿੱਤਾ ਗਿਆ। ਉਂਜ, ਅਸਾਮੀ ਹਾਕਮ ਜਮਾਤ ਇਸ ਨੂੰ ਸੁਲਗਾਉਂਦੀ ਰਹੀ ਹੈ। 1979 ਵਿਚ ਇਸ ਤੇ ਵੱਡਾ ਅੰਦੋਲਨ ਸ਼ੁਰੂ ਹੋਇਆ। ਇਹ ਅੰਦੋਲਨ 1979 ਤੋਂ 1983 ਤੱਕ ਆਲ ਅਸਾਮ ਸਟੂਡੈਂਟਸ ਯੂਨੀਅਨ ਦੀ ਅਗਵਾਈ ਵਿਚ ਚੱਲਿਆ।

ਇਹ ਅੰਦੋਲਨ ਭਾਵੇਂ ਪਰਵਾਸੀਆਂ ਨੂੰ ਬਾਹਰ ਕੱਢਣ ਦੇ ਮਸਲੇ ਨੂੰ ਲੈ ਕੇ ਸ਼ੁਰੂ ਹੋਇਆ ਸੀ ਪਰ ਜਲਦੀ ਹੀ ਇਹ ਬੰਗਾਲੀ ਵਿਰੋਧੀ ਰੁਖ ਵੀ ਅਖਤਿਆਰ ਕਰ ਗਿਆ, ਬੰਗਾਲੀ ਸਕੂਲਾਂ ਨੂੰ ਅੱਗਾਂ ਲਾ ਦਿੱਤੀਆਂ ਗਈਆਂ। ਬੰਗਾਲੀਆਂ ਦੇ ਵਪਾਰਕ ਅਦਾਰਿਆਂ 'ਤੇ ਹਮਲੇ ਕੀਤੇ ਗਏ। ਇਹੀ ਨਹੀਂ, ਬੰਗਾਲੀਆਂ 'ਤੇ ਜਿਸਮਾਨੀ ਹਮਲੇ ਵੀ ਕੀਤੇ ਗਏ। ਇਸ ਅੰਦੋਲਨ ਦਾ ਸ਼ਾਵਨੀ ਰੁਖ ਇਥੇ ਹੀ ਨਹੀਂ ਰੁਕਿਆ, ਕੋਕਰਾਝਾੜ ਜ਼ਿਲ੍ਹੇ ਵਿਚ ਝਾਰਖੰਡ ਤੋਂ ਜਾ ਕੇ ਵਸੇ ਕਬਾਇਲੀਆਂ 'ਤੇ ਹਮਲੇ ਹੋਣ ਲੱਗੇ। ਕਬਾਇਲੀਆਂ ਨਾਲ ਇਸ ਦਾ ਟਕਰਾਅ ਵੀ ਹੋਇਆ। ਮੁਸਲਿਮ-ਵਿਰੋਧੀ ਤਾਂ ਇਹ ਸ਼ੁਰੂ ਤੋਂ ਸੀ।

ਇਹੀ ਨਹੀਂ, ਇਸ ਨੇ ਦਹਿਸ਼ਤੀ ਰੁਖ ਵੀ ਅਖਤਿਆਰ ਕਰ ਲਿਆ। 18 ਫਰਵਰੀ 1983 ਨੂੰ ਨੌਗਾਉਂ ਜ਼ਿਲ੍ਹੇ ਦੀ ਨੈਲੀ ਨਾਮ ਦੀ ਜਗ੍ਹਾ 'ਤੇ ਬਹੁਤ ਭਿਆਨਕ ਕਤਲੇਆਮ ਹੋਇਆ। ਇਸ ਵਿਚ 14 ਪਿੰਡਾਂ ਦੇ ਮੁਸਲਮਾਨਾਂ ਨੂੰ ਸ਼ਿਕਾਰ ਬਣਾਇਆ ਗਿਆ। ਸਰਕਾਰੀ ਅੰਕੜਿਆਂ ਅਨੁਸਾਰ ਇਸ ਕਤਲੇਆਮ ਵਿਚ ਮਰਨ ਵਾਲਿਆਂ ਦੀ ਗਿਣਤੀ 2191 ਸੀ ਪਰ ਗੈਰ ਸਰਕਾਰੀ ਤੌਰ 'ਤੇ ਮਾਰੇ ਗਏ ਲੋਕਾਂ ਦੀ ਗਿਣਤੀ 10,000 ਦੇ ਆਸਪਾਸ ਸੀ।

ਅੰਤ ਵਿਚ ਆਲ ਅਸਾਮ ਸਟੂਡੈਂਟਸ ਯੂਨੀਅਨ ਅਤੇ ਕੇਂਦਰ ਸਰਕਾਰ ਵਿਚਕਾਰ ਸਮਝੌਤਾ ਹੋਇਆ ਜੋ ਅਸਾਮ ਸਮਝੌਤੇ ਵਜੋਂ ਜਾਣਿਆ ਜਾਂਦਾ ਹੈ। ਇਸ ਸਮਝੌਤੇ ਅਨੁਸਾਰ 26 ਮਾਰਚ 1971, ਜਦੋਂ ਬੰਗਲਾਦੇਸ਼ ਬਣਿਆ, ਨੂੰ ਵੰਡ ਰੇਖਾ ਮੰਨ ਲਿਆ ਗਿਆ। ਇਸ ਤੋਂ ਬਾਅਦ ਆਏ ਬੰਗਲਾਦੇਸ਼ੀਆਂ ਨੂੰ ਅਸਾਮ ਵਿਚੋਂ ਕੱਢਿਆ ਜਾਣਾ ਸੀ।

ਸੰਘ ਅਤੇ ਆਸੂ ਦੋਵੇਂ ਸ਼ਾਵਨਵਾਦੀ ਜਥੇਬੰਦੀਆਂ ਹਨ। ਇਸੇ ਆਧਾਰ 'ਤੇ ਇਨ੍ਹਾਂ ਦਾ ਗਠਜੋੜ ਹੋਇਆ ਹੈ। ਹੁਣ ਇਨ੍ਹਾਂ ਐਨ.ਆਰ.ਸੀ. ਨੂੰ ਆਪਣੇ ਅਸਲ ਏਜੰਡੇ ਨੂੰ ਲਾਗੂ ਕਰਨ ਦਾ ਸੰਦ ਬਣਾਇਆ ਹੋਇਆ ਹੈ।

ਅਸਾਮ ਵਿਚ ਭਾਸ਼ਾਈ-ਨਸਲੀ ਮਾਮਲਾ ਇਤਿਹਾਸ ਦੀ ਪੈਦਾਵਾਰ ਹੈ। ਇਸ ਵਿਚ ਸੰਘ ਨੇ ਧਰਮ ਵੀ ਸ਼ਾਮਿਲ ਕਰ ਲਿਆ ਹੈ। ਇਤਿਹਾਸ ਵਿਚ ਸਬੂਤ ਮੌਜੂਦ ਹਨ ਕਿ ਅਸਾਮ ਵਿਚ ਸਦੀਆਂ ਤੋਂ ਮੁਸਲਮਾਨ ਵਸ ਰਹੇ ਹਨ। ਅਹੋਮ ਕਬੀਲਾ ਜਿਸ ਦੇ ਨਾਂ 'ਤੇ ਇਸ ਖੇਤਰ ਦਾ ਨਾਂ ਅਹੋਮ ਪਿਆ (ਜੋ ਬਸਤੀਵਾਦ ਦੌਰਾਨ ਅਸਾਮ ਹੋ ਗਿਆ), 1228 ਵਿਚ ਇਥੇ ਆ ਕੇ ਵਸਿਆ ਸੀ। ਮੁਸਲਮਾਨਾਂ ਦੇ ਇਸ ਤੋਂ ਪਹਿਲਾਂ ਵੀ ਵਸੇਬੇ ਦੇ ਸਬੂਤ ਹਨ।

ਹੇਠਲੇ ਅਸਾਮ ਦਾ ਖੇਤਰ ਬ੍ਰਹਮਪੁੱਤਰ ਵਾਦੀ ਦਾ ਖੇਤਰ ਹੈ। ਇਥੇ ਸੇਮ ਅਤੇ ਛੰਭ ਬਹੁਤ ਵਿਸ਼ਾਲ ਖੇਤਰ ਵਿਚ ਫੈਲੇ ਹੋਏ ਸਨ। ਇਸ ਜ਼ਮੀਨ ਵਿਚ ਕੋਈ ਖੇਤੀ ਨਹੀਂ ਹੋ ਰਹੀ ਸੀ। ਪੂਰਬੀ ਬੰਗਾਲ (ਹੁਣ ਬੰਗਲਾਦੇਸ਼) ਦੇ ਮੁਸਲਮਾਨ ਕਿਸਾਨ ਅਜਿਹੇ ਖੇਤਰ ਵਿਚ ਖੇਤੀ ਕਰਨ ਦੇ ਮਾਹਿਰ ਸਨ ਕਿਉਂਕਿ ਉਹ

ਪਹਿਲਾਂ ਹੀ ਧਾਨ, ਪਟਸਨ ਅਤੇ ਪਾਣੀਵਿਰੋਧ ਦੀ ਨੀਂਹ ਹੋਰ ਪੱਕੀ ਹੋ ਗਈ।
ਵਾਲੀਆਂ ਹੋਰ ਫ਼ਸਲਾਂ ਦੀ ਖੇਤੀ ਕਰਦੇ1947 ਵਿਚ ਪਾਕਿਸਤਾਨ ਬਣਾਉਣ ਲਈ
ਸਨ। ਪੰਜਾਬ ਅਤੇ ਬੰਗਾਲ ਨੂੰ ਵੰਡ ਦਿੱਤਾ
ਇਹ ਕਿਸਾਨ ਜ਼ਿਆਦਾਤਰ ਘੁਮੰਤਰੂ ਸਨ ਗਿਆ। ਪੰਜਾਬ ਵਿਚ ਵੱਡੀ ਪੱਧਰ 'ਤੇ
ਇਹ 12ਵੀਂ ਸਦੀ ਦੇ ਅਖੀਰ ਅਤੇ 13ਵੀਂਵਸੋਂ ਦਾ ਤਬਾਦਲਾ ਹੋਇਆ। ਪੰਜਾਬ ਵਿਚ
ਸਦੀ ਦੇ ਆਰੰਭ ਵਿਚ ਹੇਠਲੇ ਅਸਾਮ ਵਿਚਭਿਆਨਕ ਕਤਲੇਆਮ ਹੋਇਆ ਜਿਸ
ਆ ਕੇ ਵਸਦੇ ਰਹੇ। 1826 ਵਿਚ ਅਸਾਮਵਿਚ 10 ਲੱਖ ਹਿੰਦੂ, ਮੁਸਲਮਾਨ ਅਤੇ
ਬਰਤਾਨਵੀ ਰਾਜ ਤਹਿਤ ਆ ਗਿਆ।ਸਿੱਖ ਪੰਜਾਬੀ ਮਾਰੇ ਗਏ। ਤਕਰੀਬਨ ਇਸੇ
ਬਸਤੀਵਾਦੀ ਹਾਕਮਾਂ ਨੇ ਆਪਣਾ ਮਾਲੀਅਸਮੇਂ ਪੂਰਬ ਵਿਚ ਹੇਠਲੇ ਅਸਾਮ ਵਿਚ
ਵਧਾਉਣ ਲਈ ਹੇਠਲੇ ਅਸਾਮ ਦੇ ਬੇਆਬਾਦਮੁਸਲਮਾਨ ਵਿਰੋਧੀ ਦੰਗੇ ਭੜਕ ਪਏ ਅਤੇ
ਖੇਤਰ ਵਿਚ ਯੋਜਨਾਬੱਧ ਢੰਗ ਨਾਲ ਪੂਰਬੀਵੱਡੀ ਗਿਣਤੀ ਵਿਚ ਮੁਸਲਮਾਨ ਮਾਰੇ
ਬੰਗਾਲ ਦੇ ਮੁਸਲਮਾਨ ਕਿਸਾਨਾਂ ਨੂੰਗਏ। ਡਰਦੇ ਮਾਰੇ ਮੁਸਲਮਾਨ ਲੋਅਰ
ਵਸਾਉਣਾ ਸ਼ੁਰੂ ਕਰ ਦਿੱਤਾ। ਪੂਰਬੀ ਬੰਗਾਲਅਸਾਮ 'ਚੋਂ ਪੂਰਬੀ ਪਾਕਿਸਤਾਨ ਚਲੇ ਗਏ
ਵਿਚ ਜਗੀਰਦਾਰੀ ਦਮਨ ਅਤੇ ਹੇਠਲੇਪਰ ਪੰਜਾਬ ਤੋਂ ਉਲਟ ਨਹਿਰੂ-ਲਿਆਕਤ
ਅਸਾਮ ਵਿਚ ਮੁਫਤ ਮਿਲਦੀ ਜ਼ਮੀਨ ਕਾਰਨਪੈਕਟ ਤਹਿਤ ਇਨ੍ਹਾਂ ਨੂੰ ਵਾਪਸ ਲਿਆਂਦਾ
ਇਸ ਦੌਰ ਵਿਚ ਵੀ ਹੇਠਲੇ ਅਸਾਮ ਵਿਚਗਿਆ। ਉਂਜ, ਇਸ ਤੋਂ ਮੁਸਲਮਾਨਾਂ ਅਤੇ
ਵੱਡੀ ਪੱਧਰ 'ਤੇ ਆ ਕੇ ਵਸੇ। ਅਸਾਮੀਆਂ ਵਿਚ ਦਰਾੜ ਪੈ ਗਈ।
ਬਸਤੀਵਾਦੀਆਂ ਨੇ ਅਸਾਮ ਵਿਚ ਚਾਹ ਦੀ1947 ਤੋਂ ਬਾਅਦ ਵਿਰੋਧ ਤਿੱਖੇ ਹੁੰਦੇ ਗਏ।
ਖੇਤੀ ਸ਼ੁਰੂ ਕੀਤੀ। ਚਾਹ ਦੇ ਬਾਗ਼ਾਂ ਵਿਚਇਸ ਵਿਚ ਕੇਂਦਰ ਸਰਕਾਰ ਦੀ ਵੀ ਅਸਾਮੀ
ਜ਼ਿਆਦਾਤਰ ਕਬਾਇਲੀ ਅਤੇ ਚੀਨੀਹਾਕਮ ਜਮਾਤਾਂ ਨੂੰ ਸ਼ਹਿ ਸੀ। ਇਹ ਅੰਤਰ-
ਮਜ਼ਦੂਰ ਕੰਮ ਕਰਦੇ ਸਨ ਪਰ ਉਨ੍ਹਾਂ ਦੇ ਬਾਗੀਵਿਰੋਧ 1979 ਵਿਚ ਅੰਦੋਲਨ ਦਾ ਰੂਪ ਲੈ
ਰੁਖ ਨੂੰ ਦੇਖਦਿਆਂ ਬਸਤੀਵਾਦੀਆਂ ਨੇਗਈ ਜੋ ਬਾਅਦ ਵਿਚ ਫਿਰਕੂ ਅਤੇ
ਯੋਜਨਾਬੱਧ ਢੰਗ ਨਾਲ ਹਟਾ ਕੇ ਉਨ੍ਹਾਂ ਦੀਸ਼ਾਵਨਵਾਦੀ ਰੁਖ ਅਖਤਿਆਰ ਕਰ
ਥਾਂ ਬੰਗਾਲੀ ਮਜ਼ਦੂਰਾਂ ਅਤੇ ਸੰਥਾਲਾਂ ਨੂੰਗਿਆ।
ਕੰਮ 'ਤੇ ਲਾਇਆ। ਅਸਾਮੀ ਲੋਕ ਪੜ੍ਹੇਪਰਵਾਸ ਭੂਮੰਡਲੀ ਵਰਤਾਰਾ ਹੈ। ਇਸ ਦਾ
ਲਿਖੇ ਨਾ ਹੋਣ ਕਰਕੇ ਬਸਤੀਵਾਦੀਆਂ ਨੇਮਕਸਦ ਚਾਹੇ ਲਾਲਚ ਹੋਵੇ ਜਾਂ ਕਾਰਨ
ਪੜ੍ਹੇ-ਲਿਖੇ ਬੰਗਾਲੀਆਂ ਨੂੰ ਲਿਆ ਕੇ ਉਨ੍ਹਮਜਬੂਰੀ ਹੋਵੇ, ਪਰਵਾਸ ਦੇ ਕਾਰਨ ਆਮ
ਨੂੰ ਸਿਲਹਟ ਵਿਚ ਵਸਾਇਆ ਅਤੇਤੌਰ 'ਤੇ ਆਰਥਿਕ ਹੁੰਦੇ ਹਨ। ਪੂੰਜੀਵਾਦ
ਨੌਕਰੀਆਂ 'ਤੇ ਲਾਇਆ। ਹੇਠਲੇ ਅਸਾਮਦੇ ਵਧਾਰੇ ਅਤੇ ਗਲੋਬਲੀ ਪ੍ਰਬੰਧ ਹੋਣ ਕਰਕੇ
ਜੋ ਪੂਰਬੀ ਬੰਗਾਲ ਨਾਲ ਲੱਗਦਾ ਸੀਪ੍ਰਰਵਾਸ ਵਿਚ ਵਧੇਰੇ ਤੇਜ਼ੀ ਆਈ ਹੈ।
ਬੰਗਾਲੀ ਸਕੂਲ ਖੋਲ੍ਹੇ ਗਏ। ਸਰਕਾਰੀਕੈਨੇਡਾ, ਅਮਰੀਕਾ, ਆਸਟਰੇਲੀਆ ਆਦਿ
ਨੌਕਰੀਆਂ ਵਿਚ ਕਿਉਂਕਿ ਬੰਗਾਲੀ ਲੋਕਾਂਵਿਚ ਪਰਵਾਸੀ ਭਾਰੂ ਹਨ, ਉਹੀ ਰਾਜ ਕਰਦੇ
ਦੀ ਭਰਮਾਰ ਸੀ, ਇਸ ਕਰਕੇ 1836 ਵਿਚਹਨ, ਉਨ੍ਹਾਂ ਦਾ ਮੁਲਕ ਹੈ, ਉਨ੍ਹਾਂ ਦੀ ਭਾਸ਼ਾ।
ਬਰਤਾਨਵੀ ਸ਼ਾਸਕਾਂ ਨੇ ਬੰਗਾਲੀ ਭਾਸ਼ਾ ਨੂੰਮੂਲ-ਨਿਵਾਸੀ ਘੱਟ ਗਿਣਤੀ (ਕੈਨੇਡਾ
ਸਰਕਾਰੀ ਭਾਸ਼ਾ ਐਲਾਨ ਦਿੱਤਾ ਅਤੇਵਿਚ 7 ਪ੍ਰਤੀਸ਼ਤ ਮੂਲਵਾਸੀ) ਅਤੇ
ਅਸਾਮੀ ਨੂੰ ਬੰਗਾਲੀ ਦੀ ਉਪ-ਭਾਸ਼ਾ ਕਰਾਰਅਪ੍ਰਸੰਗਿਕ ਹਨ। ਪਰਵਾਸ ਦੇ ਵਰਤਾਰੇ ਨੂੰ
ਦੇ ਦਿੱਤਾ। ਇਸ ਨਾਲ ਅਸਾਮੀ-ਬੰਗਾਲੀਉਲਟ-ਗੇੜਾ ਨਹੀਂ ਦਿੱਤਾ ਜਾ ਸਕਦਾ ਪਰ

ਪੱਛਮ ਵਿਚ ਮੁੜ ਉੱਭਰ ਰਿਹਾ ਨਵ-ਫਾਸ਼ੀਵਾਦ, ਪਰਵਾਸੀਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਫਾਸ਼ੀਵਾਦ ਦੀ ਜ਼ਮੀਨ ਆਰਥਿਕ ਸੰਕਟ ਹੁੰਦਾ ਹੈ ਅਤੇ ਉਹ ਪਰਵਾਸੀਆਂ ਨੂੰ ਇਸ ਦਾ ਕਾਰਨ ਦੱਸਦੇ ਹਨ ਕਿ ਪਰਵਾਸੀ ਸਾਡੀਆਂ ਨੌਕਰੀਆਂ ਖਾ ਗਏ, ਸਾਡਾ ਧਨ ਆਪਣੇ ਮੁਲਕਾਂ ਨੂੰ ਭੇਜ ਰਹੇ ਹਨ। ਡੋਨਾਲਡ ਟਰੰਪ ਵਲੋਂ ਚਾਰ ਗੈਰ-ਗੋਰੀਆਂ ਪਾਰਲੀਮੈਂਟ ਮੈਂਬਰਾਂ ਨੂੰ ਆਪਣੇ ਦੇਸ਼ ਚਲੇ ਜਾਣ ਦੀ ਸਲਾਹ ਫਾਸ਼ੀ ਟਿੱਪਣੀ ਸੀ। ਭਾਰਤ ਵਿਚ ਸੰਘ ਫਾਸ਼ੀਵਾਦ ਪਰਵਾਸੀਆਂ ਦੇ ਨਾਂ 'ਤੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਭਾਰਤੀ ਸਟੇਟ ਤੱਤ ਵਿਚ ਏਕਾਤਮਕ ਅਤੇ ਰੂਪ ਵਿਚ ਸੰਘਾਤਮਕ ਹੈ। ਰੂਪ ਵਿਚ ਇਹ ਰਾਜਾਂ ਦੀ ਯੂਨੀਅਨ ਹੈ ਅਤੇ ਇਹ ਰਾਜ ਭਾਸ਼ਾਈ ਸੂਬੇ ਹਨ। ਇਸ ਕਰਕੇ ਉਨ੍ਹਾਂ ਦੀ ਭਾਸ਼ਾਈ ਪਛਾਣ ਜ਼ਰੂਰੀ ਹੈ। ਵਰਤਮਾਨ ਪ੍ਰਸੰਗ ਵਿਚ ਕਿਸੇ ਖੇਤਰ ਦੀ ਵਸੋਂ ਬਣਤਰ ਜਾਂ ਵਸੋਂ-ਮੁਹਾਂਦਰਾ ਨਹੀਂ ਬਦਲੀ ਜਾਣੀ ਚਾਹੀਦੀ। ਭਾਰਤ ਵਿਚ ਵਸਣ ਵਾਲੇ ਸਭ ਲੋਕਾਂ ਨੂੰ ਨਾਗਰਿਕ ਅਧਿਕਾਰ ਮਿਲਣੇ ਚਾਹੀਦੇ ਹਨ ਪਰ ਇਸ ਨਾਲ ਕਿਸੇ ਇਕ ਰਾਜ ਦਾ ਵਸੋਂ-ਮੁਹਾਂਦਰਾ ਅਤੇ ਭਾਸ਼ਾਈ ਮੁਹਾਂਦਰਾ ਨਾ ਬਦਲੇ, ਇਸ ਲਈ ਪਰਵਾਸੀਆਂ ਨੂੰ ਵੱਖ ਵੱਖ ਖੇਤਰਾਂ ਵਿਚ ਵੰਡ ਕੇ ਵਸਾਇਆ ਜਾਣਾ ਚਾਹੀਦਾ ਹੈ।

**ਸਰਦਾਰਾ ਸਿੰਘ ਮਾਹਿਲ**
ਫੋਨ: +91-98152-11079

# ਬੱਚਿਆਂ ਦੇ ਜਜ਼ਬਾਤਾਂ ਦੀ ਕਦਰ ਕਰੋ

ਬੱਚੇ ਕੱਚੀ ਮਿੱਟੀ ਦੀ ਤਰ੍ਹਾਂ ਹੁੰਦੇ ਹਨ। ਉਨ੍ਹਾਂ ਨੂੰ ਮਾਪੇ ਜਿਸ ਤਰ੍ਹਾਂ ਦਾ ਰੂਪ ਦੇਣਾ ਚਾਹੁਣ, ਦੇ ਸਕਦੇ ਹਨ। ਹਰ ਇਨਸਾਨ ਦੀ ਇਹ ਦਿਲੀ ਤਮੰਨਾ ਹੁੰਦੀ ਹੈ ਕਿ ਉਸ ਦੇ ਬੱਚੇ ਜ਼ਿੰਦਗੀ ਵਿਚ ਵਧੀਆ ਇਨਸਾਨ ਬਣਨ ਅਤੇ ਕਾਮਯਾਬੀ ਉਨ੍ਹਾਂ ਦੇ ਕਦਮ ਚੁੰਮੇ। ਕਈ ਵਾਰ ਮਾਪੇ ਆਪਣੇ ਬੱਚਿਆਂ ਤੋਂ ਉਨ੍ਹਾਂ ਸੁਪਨਿਆਂ ਨੂੰ ਪੂਰਾ ਕਰਨ ਦੀ ਆਸ ਰੱਖ ਲੈਂਦੇ ਹਨ, ਜੋ ਸਪਨੇ ਉਹ ਖੁਦ ਕਿਸੇ ਕਾਰਨ ਪੂਰੇ ਨਹੀਂ ਕਰ ਸਕੇ ਸਨ। ਸਾਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਹਰ ਇਕ ਇਨਸਾਨ ਦਾ ਸੋਚਣ, ਸਮਝਣ ਅਤੇ ਜ਼ਿੰਦਗੀ ਜਿਊਣ ਦਾ ਨਜ਼ਰੀਆ ਵੱਖਰਾ ਹੁੰਦਾ ਹੈ ਅਤੇ ਇਹ ਜ਼ਰੂਰੀ ਨਹੀਂ ਕਿ ਜੋ ਮਾਪਿਆਂ ਨੂੰ ਪਸੰਦ ਹੋਵੇ, ਉਹ ਹੀ ਬੱਚਿਆਂ ਨੂੰ ਵੀ ਪਸੰਦ ਆਵੇ। ਜ਼ਿਆਦਾਤਰ ਮਾਪੇ ਆਪਣੇ ਬੱਚਿਆਂ ਨੂੰ ਆਪਣੀ ਮਰਜ਼ੀ ਦੇ ਵਿਸ਼ੇ ਪੜ੍ਹਨ, ਰੁਜ਼ਗਾਰ ਚੁਣਨ ਅਤੇ ਆਪਣੀ ਮਰਜ਼ੀ ਦੇ ਕੰਮ ਕਰਨ ਲਈ ਮਜਬੂਰ ਕਰਦੇ ਹਨ, ਜਿਸ ਦੇ ਨਤੀਜੇ ਵਿਚ ਬੱਚੇ ਵਧੀਆ ਨਹੀਂ ਕਰ ਪਾਉਂਦੇ, ਕਿਉਂਕਿ ਉਨ੍ਹਾਂ ਦੀ ਦਿਲਚਸਪੀ ਉਸ ਕੰਮ ਵਿਚ ਨਹੀਂ ਹੁੰਦੀ। ਕਈ ਵਾਰ ਮਾਪੇ ਦੂਜੇ ਬੱਚਿਆਂ ਦੀ ਤਰੱਕੀ ਨੂੰ ਦੇਖ ਕੇ ਆਪਣੇ ਬੱਚਿਆਂ ਨੂੰ ਬੁਰਾ-ਭਲਾ ਕਹਿੰਦੇ ਹਨ, ਜਿਸ ਦਾ ਉਨ੍ਹਾਂ ਦੇ ਕੋਮਲ ਮਨ ਉੱਤੇ ਬੁਰਾ ਅਸਰ ਪੈਂਦਾ ਹੈ। ਇਹ ਇਕ ਸੱਚਾਈ ਹੈ ਕਿ ਕੋਈ ਵੀ ਦੋ ਬੱਚੇ ਇਕੋ ਪ੍ਰਕਾਰ ਦੇ ਨਹੀਂ ਹੁੰਦੇ, ਫਿਰ ਭਾਵੇਂ ਉਹ ਸਕੇ ਭੈਣ-ਭਰਾ ਹੀ ਕਿਉਂ ਨਾ ਹੋਣ। ਹਰ ਇਕ ਦੀ ਕੰਮ ਕਰਨ ਦੀ ਆਪਣੀ ਤਾਕਤ ਹੁੰਦੀ ਹੈ। ਸਾਨੂੰ ਆਪਣੇ ਬੱਚਿਆਂ ਦੇ



ਜਜ਼ਬਾਤਾਂ ਦੀ ਕਦਰ ਕਰਨੀ ਚਾਹੀਦੀ ਹੈ, ਤਾਂ ਜੋ ਉਹ ਆਪਣੀ ਜ਼ਿੰਦਗੀ ਵਿਚ ਸਫ਼ਲਤਾ ਪ੍ਰਾਪਤ ਕਰ ਸਕਣ। ਬੱਚੇ ਕਿਸੇ ਵੀ ਪਰਿਵਾਰ ਲਈ ਖੁਸ਼ੀਆਂ ਦਾ ਖਜ਼ਾਨਾ ਹੁੰਦੇ ਹਨ। ਮਾਪੇ ਜਦ ਕੰਮ ਤੋਂ ਥੱਕ-ਟੁੱਟ ਕੇ ਘਰ ਆਉਂਦੇ ਹਨ ਤਾਂ ਬੱਚਿਆਂ ਦੇ ਹੱਸਦੇ ਚਿਹਰੇ ਦੇਖ ਕੇ ਉਨ੍ਹਾਂ ਦੀ ਥਕਾਵਟ ਉੱਤਰ ਜਾਂਦੀ ਹੈ। ਮਾਪਿਆਂ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਰੁਝੇਵਿਆਂ ਵਿਚੋਂ ਕੁਝ ਸਮਾਂ ਜ਼ਰੂਰ ਆਪਣੇ ਬੱਚਿਆਂ ਨਾਲ ਬਿਤਾਉਣ। ਨਾਲੋ-ਨਾਲ ਮਾਪਿਆਂ ਨੂੰ ਆਪਣੇ ਫੈਸਲੇ ਆਪਣੇ ਬੱਚਿਆਂ ਉੱਤੇ ਥੋਪਣੇ ਨਹੀਂ ਚਾਹੀਦੇ, ਸਗੋਂ ਬੱਚਿਆਂ ਦੀ ਦਿਲਚਸਪੀ ਅਨੁਸਾਰ ਉਨ੍ਹਾਂ ਨੂੰ ਕੰਮ ਕਰਨ ਦੇਣਾ ਚਾਹੀਦਾ ਹੈ, ਤਾਂ ਜੋ ਉਹ ਜ਼ਿੰਦਗੀ ਵਿਚ ਕੁਝ ਵਧੀਆ ਪ੍ਰਾਪਤੀ ਕਰ ਸਕਣ। ਜ਼ਿਆਦਾਤਰ ਬੱਚੇ ਘਰ ਵਿਚ ਸ਼ਰਾਰਤਾਂ ਕਰਦੇ ਰਹਿੰਦੇ ਹਨ ਅਤੇ ਉਨ੍ਹਾਂ ਦੀਆਂ ਹਰਕਤਾਂ ਦੇਖ ਕੇ ਕਈ ਵਾਰ ਮਾਪਿਆਂ ਨੂੰ ਗੁੱਸਾ ਵੀ ਆਉਂਦਾ ਹੈ ਪਰ ਕਈ ਵਾਰ ਮਾਪੇ ਬੱਚਿਆਂ ਉੱਤੇ ਲੋੜ ਤੋਂ ਵੱਧ ਸਖਤੀ ਵਿਖਾਉਂਦੇ ਹਨ, ਜਿਸ ਨਾਲ ਬੱਚਿਆਂ ਦਾ ਮਨ ਟੁੱਟ ਜਾਂਦਾ ਹੈ ਅਤੇ ਉਹ ਚਿੜਚਿੜੇ ਹੋ ਜਾਂਦੇ ਹਨ। ਕਿਸੇ ਵੀ ਤਰ੍ਹਾਂ ਦੀ ਸਥਿਤੀ ਵਿਚ ਮਾਪਿਆਂ ਨੂੰ ਬੱਚਿਆਂ ਨੂੰ ਪਿਆਰ ਨਾਲ ਸਮਝਾਉਣਾ ਚਾਹੀਦਾ ਹੈ। ਅੱਜ ਦੇ ਭੱਜ-ਦੌੜ ਦੇ ਯੁੱਗ ਵਿਚ ਇਨਸਾਨ ਕੋਲ ਆਪਣੇ ਬੱਚਿਆਂ ਤੱਕ ਲਈ ਸਮਾਂ ਨਹੀਂ ਹੈ। ਕਈ ਵਾਰ ਮਾਪੇ ਇਹ ਸੋਚ ਲੈਂਦੇ ਹਨ ਕਿ ਪੈਸੇ ਨਾਲ ਖਰੀਦੀ ਜਾ ਸਕਣ ਵਾਲੀ ਹਰ ਸੁੱਖ ਸਹੂਲਤ ਬੱਚਿਆਂ ਨੂੰ ਦੇ ਰੱਖੀ ਹੈ ਪਰ ਉਹ ਇਹ ਭੁੱਲ ਜਾਂਦੇ ਹਨ ਕਿ ਬੱਚਿਆਂ ਨੂੰ ਮਾਂ-ਬਾਪ ਦੇ ਪਿਆਰ ਦੀ ਬਹੁਤ ਜ਼ਰੂਰਤ ਹੁੰਦੀ ਹੈ ਤੇ ਕੋਈ ਵੀ ਦੁਨਿਆਵੀ ਚੀਜ਼ ਉਸ ਦੀ ਭਰਪਾਈ ਨਹੀਂ ਕਰ ਸਕਦੀ। ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਮਾਂ ਜ਼ਰੂਰ ਦੇਣਾ ਚਾਹੀਦਾ ਹੈ। ਮਾਪਿਆਂ ਨੂੰ ਬੱਚੇ ਦੀ ਗੱਲ ਧਿਆਨ ਨਾਲ ਸੁਣਨੀ ਚਾਹੀਦੀ ਹੈ। ਮਾਪਿਆਂ ਨੂੰ ਇਸ ਗੱਲ ਦੀ ਕਾਹਲੀ ਹੁੰਦੀ ਹੈ ਕਿ ਬੱਚੇ ਜਲਦੀ-ਜਲਦੀ ਸਾਰੀਆਂ ਜ਼ਿੰਮੇਵਾਰੀਆਂ ਸੰਭਾਲ ਲੈਣ ਅਤੇ ਉਹ ਕਈ ਵਾਰ ਉਨ੍ਹਾਂ ਦੀ ਉਮਰ ਤੋਂ ਵੱਡੀਆਂ ਜ਼ਿੰਮੇਵਾਰੀਆਂ ਥੋਪ ਦਿੰਦੇ ਹਨ, ਜਿਸ ਨਾਲ ਬੱਚੇ ਪ੍ਰੇਸ਼ਾਨੀ ਦੇ ਆਲਮ ਵਿਚ ਆ ਜਾਂਦੇ ਹਨ। ਮਾਪਿਆਂ ਨੂੰ ਬੱਚਿਆਂ ਨੂੰ ਪਹਿਲਾਂ ਛੋਟੀਆਂ ਜ਼ਿੰਮੇਵਾਰੀਆਂ ਦੇਣੀਆਂ ਚਾਹੀਦੀਆਂ ਹਨ ਅਤੇ ਲੋੜ ਪੈਣ 'ਤੇ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ। ਬੱਚੇ ਜ਼ਿਆਦਾਤਰ ਘੁੰਮਣ-ਫਿਰਨ ਦੇ ਸ਼ੌਕੀਨ ਹੁੰਦੇ ਹਨ ਪਰ ਮਾਪਿਆਂ ਦੇ ਰੁਝੇਵਿਆਂ ਕਰਕੇ ਅਕਸਰ ਸਮਾਂ ਨਹੀਂ ਮਿਲ ਪਾਉਂਦਾ। ਮਾਪਿਆਂ ਨੂੰ ਆਪਣੇ ਰੁਝੇਵਿਆਂ ਵਿਚੋਂ ਕੁਝ ਸਮਾਂ ਕੱਢ ਕੇ ਪਰਿਵਾਰ ਨਾਲ ਘੁੰਮਣ ਜ਼ਰੂਰ ਜਾਣਾ ਚਾਹੀਦਾ ਹੈ, ਤਾਂ ਜੋ ਬੱਚੇ ਆਪਣੇ ਮਾਪਿਆਂ ਨਾਲ ਕੁਦਰਤ ਦੇ ਨਜ਼ਾਰਿਆਂ ਦਾ ਅਨੰਦ ਮਾਣ ਸਕਣ। ਇਸ ਪ੍ਰਕਾਰ ਦੀਆਂ ਗੱਲਾਂ ਦਾ ਧਿਆਨ ਰੱਖ ਕੇ ਅਸੀਂ ਬੱਚਿਆਂ ਦਾ ਚੰਗੀ ਤਰ੍ਹਾਂ ਪਾਲਣ-ਪੋਸ਼ਣ ਕਰ ਸਕਦੇ ਹਾਂ ਅਤੇ ਮਾਪਿਆਂ ਵਲੋਂ ਮਿਲੇ ਸਹਿਯੋਗ ਦੇ ਸਦਕਾ ਇਹੀ ਬੱਚੇ ਜ਼ਿੰਦਗੀ ਵਿਚ ਕਾਮਯਾਬੀ ਦੀਆਂ ਬੁਲੰਦੀਆਂ ਛੂਹ ਲੈਂਦੇ ਹਨ। ਆਓ, ਅਸੀਂ ਮਿਲ ਕੇ ਬੱਚਿਆਂ ਦੇ ਜਜ਼ਬਾਤਾਂ ਦੀ ਕਦਰ ਕਰੀਏ।

# ਸਚੈ ਮਾਰਗਿ ਚਲਦਿਆਂ ਉਸਤਤਿ ਕਰੈ ਜਹਾਨੁ ਸੇਵਾ ਸੁਸਾਇਟੀ

**ਪਿੰਡ ਫਿਰੋਜ਼ਸ਼ਾਹ (ਜ਼ਿਲ੍ਹਾ ਫਿਰੋਜ਼ਪੁਰ)** ਮੁੱਖ ਸੇਵਾਦਾਰ ਬਾਬਾ ਹਰਜਿੰਦਰ ਸਿੰਘ ਫਿਰੋਜ਼ਸ਼ਾਹ ਮੋ: 98785-40570

## ਸੱਚਖੰਡ ਵਾਸੀ ਸੰਤ ਬਾਬਾ ਅਮਰਜੀਤ ਸਿੰਘ ਜੀ ਦੀ ਯਾਦ ਨੂੰ ਸਮਰਪਿਤ

# 16ਵਾਂ ਸਲਾਨਾ ਧਾਰਮਿਕ ਸਮਾਗਮ







## 11 ਗਰੀਬ ਅਤੇ ਲੋੜਵੰਦ ਲੜਕੀਆਂ ਦੇ ਸਮੂਹਿਕ ਅਨੰਦ ਕਾਰਜ

**ਮਿਤੀ 15 ਦਸੰਬਰ 2019 ਦਿਨ ਐਤਵਾਰ (30 ਮੱਘਰ)**
**ਸ਼ੁਭ ਅਨੰਦ ਕਾਰਜ ਦੀ ਰਸਮ ਦੁਪਹਿਰ 1:15 ਵਜੇ**

## ਸਥਾਨ : ਪਿੰਡ ਫਿਰੋਜ਼ਸ਼ਾਹ (ਜ਼ਿਲ੍ਹਾ ਫਿਰੋਜ਼ਪੁਰ)

ਵਿਖੇ ਬੜੀ ਸ਼ਰਧਾ ਅਤੇ ਭਾਵਨਾ ਨਾਲ ਕੀਤੇ ਜਾ ਰਹੇ ਹਨ। ਇਹ ਸਮਾਗਮ ਸਮੂਹ ਸਾਧ-ਸੰਗਤ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ। ਸਹਿਯੋਗ ਭੇਜਣ ਦੇ ਲਈ

ਖਾਤਾ ਨੰ: HDFC Bank, Branch : Ghal Khurd, A/c No. 50100038874475, IFSC : 0003452



ਸੰਤ ਰਿਸ਼ੀ ਰਾਮ

ਆਸ਼ੀਰਵਾਦ ਦੇਣ ਲਈ ਪਹੁੰਚ ਰਹੇ ਮਹਾਂਪੁਰਸ਼



ਸੰਤ ਬਾਬਾ ਰੇਸ਼ਮ ਸਿੰਘ

ਮੁੱਖ ਮਹਿਮਾਨ



ਵਿਸ਼ੇਸ਼ ਸਹਿਯੋਗੀ



ਵਿਸ਼ੇਸ਼ ਸਹਿਯੋਗੀ NRI



1) ਵਿਆਹ ਵਾਲੀਆਂ ਲੜਕੀਆਂ ਦੇ ਨਾਮ ਦਰਜ ਕਰਵਾਉਣ ਦੀ ਅੰਤਿਮ ਮਿਤੀ 1 ਨਵੰਬਰ ਤੋਂ 1 ਦਸੰਬਰ ਤੱਕ ਹੋਵੇਗੀ।
2) ਲੜਕੀਆਂ ਦੀ ਉਮਰ 18 ਸਾਲ ਤੋਂ ਉਪਰ ਹੋਣੀ ਚਾਹੀਦੀ ਹੈ।
3) ਵਿਆਹ ਵਾਲੀਆਂ ਲੜਕੀਆਂ ਨੂੰ ਲੋੜੀਂਦਾ ਸਮਾਨ ਮੌਕੇ ਤੇ ਹੀ ਦਿੱਤਾ ਜਾਵੇਗਾ, ਜਿਸ ਵਿੱਚ ਪੇਟੀ, ਬੈੱਡ, ਬਿਸਤਰੇ, ਕੁਰਸੀਆਂ, ਮੇਜ, ਸਟੈਂਡ ਵਾਲਾ ਪੱਖਾ, ਬਰਤਨ ਭਾਂਡੇ, ਸੂਟ ਕੱਪੜੇ, ਲੜਕੀਆਂ ਨੂੰ ਪਜੇਬਾਂ, ਲੜਕੇ ਅਤੇ ਲੜਕੀ ਨੂੰ ਘੜੀ ਪਾਈ ਜਾਵੇਗੀ।

## ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਲੜਕੀਆਂ ਨੂੰ ਆਸ਼ੀਰਵਾਦ ਦੇਣ ਲਈ ਪਹੁੰਚ ਰਹੇ ਪੰਜਾਬੀ ਲੋਕ ਗਾਇਕ ਅਤੇ ਗੀਤਕਾਰਾਂ ਦਾ ਵਿਸ਼ੇਸ਼ ਸਨਮਾਨ



ਸਾਬੂ ਪਨਗੋਟਾ ਗੀਤਕਾਰ | ਜੇਰਾ ਗਿੱਲ ਮਹਿਣਾ ਗੀਤਕਾਰ | ਹਰਮਿਲਾਪ ਗਿੱਲ ਪੰਜਾਬੀ ਲੋਕ ਗਾਇਕ | ਜੱਸ ਸਿੱਧੂ ਪੰਜਾਬੀ ਲੋਕ ਗਾਇਕ

ਸਹਿਯੋਗੀ ਸੱਜਣ



ਸਟੇਜ ਸੈਕਟਰੀ



ਗੁਰਪ੍ਰੀਤ ਸਿੰਘ

STAR WORLD IMMIGRATION CONSULTANT
Mb. 98148-46333
ਵਿਦੇਸ਼ ਜਾਣ ਲਈ ਮਿਲੋ।
Harindra Nagar,
Near Gate of Gurdwara Sahib,
Kotkapura Road, FARIDKOT



Navneet S. Maan, M.D.

ਸੰਪਰਕ ਬਾਬਾ ਜੀ 98785-40570
ਡਾ. ਜੇ.ਐਸ. ਸੀਰਾ (ਚੱਕ ਸੈਦੋਂਕੇ) 62807-45635
ਹਰਬੰਸ ਸਿੰਘ ਸੋਨਾ (ਸਾਦਿਕ) 98147-28134
ਡਾ. ਓਮ ਪ੍ਰਕਾਸ਼ ਹਿਸਾਨਵਾਲਾ 98778-60071

ਵਿਸ਼ੇਸ਼ ਸਹਿਯੋਗੀ ਪਿੰਡ ਫਿਰੋਜ਼ਸ਼ਾਹ





ਮੁੱਖ ਸੇਵਾਦਾਰ: ਬਾਬਾ ਹਰਜਿੰਦਰ ਸਿੰਘ ਫਿਰੋਜ਼ਸ਼ਾਹ

PREETNAMA
ਪ੍ਰੀਤਨਾਮਾ
ਖਰਾ ਸੱਚ
Online and Print Media

# Newspaper Classifieds

MATRIMONIAL
PROPERTY
RECRUITMENT
NAME OF CHANGE
BUSINESS

It's time to
Grow your Business
Advertise with us...

## 24 ਘੰਟੇ ਆਨਲਾਈਨ ਪੜ੍ਹੋ
## www.preetnama.com
ਲੇਖ, ਰਚਨਾਵਾਂ, ਕਾਵਿ ਕਿਆਰੀ, ਅਤੇ ਹੋਰ ਚਲੰਤ ਮਸਲੇ

ਜੇਕਰ ਤੁਸੀਂ ਵੀ ਆਪਣੇ ਵਪਾਰ
ਨੂੰ ਵਧਾਉਣਾ ਚਾਹੁੰਦੇ ਹੋ ਤਾਂ
ਅੱਜ ਹੀ ਸਾਡੇ ਨਾਲ ਜੁੜੋ

PREETNAMA
ਪ੍ਰੀਤਨਾਮਾ
ਖਰਾ ਸੱਚ
Online and Print Media

preetnamausa@gmail.com
Contact : +1 201-312-4180



# ਪਰਿਵਾਰਕ ਰਿਸ਼ਤਿਆਂ ਦੀ ਅਹਿਮੀਅਤ ਤੇ ਸਮਾਜਿਕ ਕਦਰਾਂ ਕੀਮਤਾਂ ਦੀ ਗੱਲ ਕਰਦੀ ਖ਼ੂਬਸੂਰਤ ਫ਼ਿਲਮ ਹੋਵੇਗੀ ਨਾਨਕਾ ਮੇਲ

ਵਿਆਹ ਵਿੱਚ ਨਾਨਕਾ ਮੇਲ ਦੀ ਆਪਣੀ ਹੀ ਟੌਹਰ ਹੁੰਦੀ ਹੈ। ਅਨੇਕਾਂ ਬੋਲੀਆਂ ਗੀਤ ਇਸ ਰਿਸ਼ਤੇ ਅਧਾਰਤ ਪ੍ਰਚੱਲਤ ਹਨ ਪਰ ਇਸ ਫ਼ਿਲਮ ਵਿਚ ਰਿਸ਼ਤਿਆਂ 'ਚ ਪਈ ਤਰੇੜ ਸਦਕਾ ਇਹ ਰਿਸ਼ਤੇ ਫਿੱਕੇ ਫਿੱਕੇ ਲੱਗਦੇ ਹਨ। ਕਿਵੇਂ ਪਰਿਵਾਰਕ ਸਾਂਝਾਂ ਇੰਨ੍ਹਾ ਰਿਸ਼ਤਿਆਂ ਨੂੰ ਮੁੜ ਸੁਰਜੀਤ ਕਰਦੇ ਹਨ ਇਹ ਇਸ ਫ਼ਿਲਮ ਰਾਹੀਂ ਦਰਸਾਇਆ ਗਿਆ ਹੈ। ਰਿਸ਼ਤਿਆਂ ਦੀ ਸਰਹੱਦ 'ਤੇ ਮੋਹ ਦੀ ਦਸਤਕ ਦਿੰਦੀ ਪੰਜਾਬ ਦੀ ਧਰਾਤਲ ਨਾਲ ਜੁੜੀ ਫ਼ਿਲਮ 'ਨਾਨਕਾ ਮੇਲ' ਅਜੋਕੇ ਦੌਰ ਦੇ ਪੰਜਾਬੀ ਸਿਨੇਮੇ ਵਿਚ ਵਿਸ਼ੇਸ ਅਹਿਮੀਅਤ ਰੱਖਦੀ ਹੈ। ਪੈਸੇ ਦੇ ਹੰਕਾਰ ਅਤੇ ਸਮੇਂ ਦੀ ਚਾਲ ਨੇ ਮਾਮੇ-ਮਾਸੀਆਂ ਦੇ ਰਿਸ਼ਤਿਆਂ ਨੂੰ ਫਿੱਕੇ ਕਰ ਦਿੱਤਾ ਹੈ। ਇਹ ਫ਼ਿਲਮ ਅਜਿਹੇ ਪਰਿਵਾਰਾਂ ਦੀ ਕਹਾਣੀ ਹੈ ਜੋ ਪੀੜ੍ਹੀ ਦਰ ਪੀੜ੍ਹੀ ਆਪਣੇ ਰਿਸ਼ਤੇਦਾਰਾਂ ਨਾਲ ਨਹੀਂ ਵਰਤਦੇ। ਇਸ ਫ਼ਿਲਮ ਦਾ ਨਾਇਕ ਰੌਸ਼ਨ ਪ੍ਰਿੰਸ਼ ਹੈ ਤੇ ਨਾਇਕਾ ਰੂਬੀਨਾ ਬਾਜਵਾ। ਜਦ ਰੌਸ਼ਨ ਪ੍ਰਿੰਸ ਦੇ ਵਿਆਹ ਦੀ ਗੱਲ ਤੁਰਦੀ ਹੈ ਤਾਂ ਰਿਸ਼ਤਾ ਕਰਨ ਆਇਆ ਪਰਿਵਾਰ ਦਾ ਮੁਖੀ ਕਹਿੰਦਾ ਹੈ ਕਿ ਸਾਡੀ ਇੱਛਾ ਹੈ ਕਿ ਜਿੱਥੇ ਅਸੀਂ ਆਪਣੀ ਲਾਡਲੀ ਦਾ ਰਿਸ਼ਤਾ ਕਰੀਏ ਉਨ੍ਹਾਂ ਦਾ ਨਾਨਕਾ ਪਰਿਵਾਰ ਬਹੁਤ ਵੱਡਾ ਹੋਵੇ। ਪਰ ਮੁੰਡੇ ਦਾ ਬਾਪ ਆਪਣੇ ਸਹੁਰਿਆਂ ਨਾਲ ਨਾ ਵਰਤਦਾ ਹੋਣ ਕਰਕੇ ਰਿਸ਼ਤਾ ਅੱਧ ਵਿਚਕਾਰ ਹੀ ਅਟਕ ਜਾਂਦਾ ਹੈ। ਇਸ ਤਰਾਂ ਇਹ ਫ਼ਿਲਮ ਰਿਸ਼ਤਿਆਂ ਦੀ ਅਹਿਮੀਅਤ ਅਤੇ ਸਮਾਜਿਕ ਕਦਰਾਂ ਕੀਮਤਾਂ ਦੀ ਗੱਲ ਕਰਦੀ ਇਕ ਖ਼ੂਬਸੂਰਤ ਪਰਿਵਾਰਕ ਫ਼ਿਲਮ ਹੈ।

ਕਾਰ ਪ੍ਰੋਡਕਸ਼ਨ ਦੇ ਬੈਨਰ ਹੇਠ ਬਣੀ ਨਿਰਮਾਤਾ ਅਮਿਤ ਕੁਮਾਰ ਚੌਧਰੀ ਅਤੇ ਰਾਹੁਲ ਚੌਧਰੀ ਦੀ ਇਸ ਫ਼ਿਲਮ ਦੀ ਕਹਾਣੀ ਪ੍ਰਿੰਸ਼ ਕੰਵਲਜੀਤ ਸਿੰਘ ਨੇ ਲਿਖੀ ਹੈ।

ਜਦਕਿ ਫ਼ਿਲਮ ਦਾ ਨਿਰਦੇਸ਼ਨ ਸਿਮਰਜੀਤ ਸਿੰਘ ਹੁੰਦਲ ਅਤੇ ਪ੍ਰਿੰਸ ਕੇ ਜੀ ਸਿੰਘ ਨੇ ਦਿੱਤਾ ਹੈ। ਫ਼ਿਲਮ ਵਿਚ ਰੌਸ਼ਨ ਪ੍ਰਿੰਸ, ਰੁਬੀਨਾ ਬਾਜਵਾ, ਸਰਦਾਰ ਸੋਹੀ , ਹੌਬੀ ਧਾਲੀਵਾਲ, ਨਿਰਮਲ ਰਿਸ਼ੀ, ਸੁਨੀਤਾ ਧੀਰ, ਮਹਾਂਵੀਰ ਭੁੱਲਰ, ਗੁਰਮੀਤ ਸਾਜਨ, ਮਲਕੀਤ ਰੌਣੀ, ਰਾਣਾ ਜੰਗ ਬਹਾਦਰ,ਪ੍ਰਿੰਸ਼ ਕੇਜੀ ਸਿੰਘ, ਹਰਬੀ ਸੰਘਾ, ਰੁਪਿੰਦਰ ਕੌਰ, ਹਰਿੰਦਰ ਭੁੱਲਰ, ਮੋਹਨੀ ਤੂਰ, ਸੁਖਵਿੰਦਰ ਚਹਿਲ, ਹਰਦੀਪ ਗਿੱਲ, ਵਿਜੇ ਟੰਡਨ ਅਤੇ ਸਿਮਰਨ ਸਹਿਜਪਾਲ ਆਦਿ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦਾ ਸੰਗੀਤ ਗੁਰਮੀਤ ਸਿੰਘ, ਦੇਸੀ ਕਰਿਊ, ਮਿਊਜ਼ਿਕ ਇੰਮਪਾਇਰ ਨੇ ਦਿੱਤਾ ਹੈ। ਇਹ ਫ਼ਿਲਮ ੮ ਨਵੰਬਰ ਨੂੰ ਰਿਲੀਜ਼ ਹੋਵੇਗੀ।

**ਹਰਜਿੰਦਰ ਸਿੰਘ ਜਵੰਦਾ**
**94638 28000**



# ਯਾਮੀ ਗੌਤਮ ਪੁਆੜੇ ਨੰਬਰ ਦੇ

ਬਿਲਾਸਪੁਰ ਦੀਆਂ ਰਮਣੀਕ ਥਾਵਾਂ 'ਤੇ ਜਗਾਈਆਂ ਮੋਮਬੱਤੀਆਂ ਤੇ ਦੀਵੇ ਯਾਮੀ ਗੌਤਮ ਨੂੰ ਅੱਜ ਵੀ ਯਾਦ ਹਨ ਜਦ ਉਹ ਹਿੰਦੀ ਫ਼ਿਲਮ ਨਗਰੀ ਦੀ ਕਹਿੰਦੀ-ਕਹਾਉਂਦੀ ਨਾਇਕਾ ਹੈ ਤੇ ਦੱਖਣ ਦੀ ਸੁਪਰ-ਸਟਾਰ ਅਭਿਨੇਤਰੀ ਹੈ ਜਦ ਕਿ 'ਜੀ ਆਇਆਂ ਨੂੰ' ਉਸ ਲਈ ਪਾਲੀਵੁੱਡ ਨੇ ਵੀ ਹਮੇਸ਼ਾ ਸ਼ਬਦ ਵਰਤਿਆ ਹੈ। ਪੰਜਾਬੀ ਪਿਤਾ ਮੁਕੇਸ਼ ਗੌਤਮ ਦੀ ਇਹ ਅਭਿਨੇਤਰੀ ਬੇਟੀ ਨੂੰ ਪਹਾੜਨ ਮਾਂ ਦੀ ਗੁੜ੍ਹਤੀ ਨੇ ਸੁਭਾਅ ਦੀ ਤਰ੍ਹਾਂ ਹੀ ਰਮਣੀਕ ਬਣਾਇਆ ਹੈ। 'ਮਾਂ ਅੰਜਲੀ ਗੌਤਮ ਨਾਲ, ਦੀਦੀ ਸੁਰੀਲੀ ਨਾਲ ਚਾਹੇ ਕਈ 'ਦੀਵਾਲੀਆਂ' ਉਹ ਨਹੀਂ ਮਨਾ ਸਕੀ ਪਰ ਸੰਦੇਸ਼ ਦੇ ਇਸ ਜ਼ਮਾਨੇ 'ਚ 'ਵੀਡੀਓ ਕਾਲਿੰਗ' ਤੇ ਹੋਰ ਕਈ ਤਰ੍ਹਾਂ ਨਾਲ ਇਸ ਦਿਨ ਉਹ ਪਰਿਵਾਰ ਨਾਲ ਜੁੜੀ ਜ਼ਰੂਰ ਹੈ। ਪੁਲਿਸ ਦੀ ਥਾਣੇਦਾਰਨੀ ਬਣਨ ਦਾ ਸੁਪਨਾ, ਕਾਨੂੰਨ ਦੀ ਲਈ ਡਿਗਰੀ ਪਰ ਮਨ ਲੈ ਆਇਆ ਅਭਿਨੈ ਦੀ ਫੁਲਵਾੜੀ 'ਚ ਫੁੱਲ ਚਮੇਲੀ ਦਾ ਬਣ-ਮਹਿਕਣ ਲਈ। ਯਾਮੀ ਅੱਜ ਰਿਤਿਕ ਰੌਸ਼ਨ ਜਿਹੇ ਸੁਪਰ ਸਿਤਾਰੇ ਦੀ ਹੀਰੋਇਨ ਬਣ ਚੁੱਕੀ ਹੈ। ਪਹਾੜੀ ਭਾਸ਼ਾ ਤੇ ਪੰਜਾਬੀ ਉਸ ਦੀਆਂ ਘਰੇਲੂ ਭਾਸ਼ਾਵਾਂ ਤੇ ਹਿੰਦੀ, ਤਾਮਿਲ ਤੇ ਤੇਲਗੂ 'ਚ ਵੀ ਉਸ ਦੀ ਪਕੜ ਮਜ਼ਬੂਤ ਹੈ। ਤੈਰਾਕੀ, ਘਰ 'ਚ ਕੀਤਾ ਯੋਗਾ, ਕਲਰਜ਼ ਚੈਨਲ ਨਾਲ ਬਿਤਾਏ ਸੰਘਰਸ਼ ਦੇ ਦਿਨ ਕਦੇ ਉਹ ਭੁਲਾ ਸਕੇਗੀ, ਜਵਾਬ ਨਹੀਂ ਹੈ। 'ਵਿੱਕੀ ਡੋਨਰ' ਨਾਲ ਤਾਂ ਉਹ ਸਨਮਾਨ ਵੀ ਲੈ ਗਈ। 'ਉਰੀ' ਯਾਮੀ ਦੀ ਇਹ ਫ਼ਿਲਮ ਐਤਕਾਂ ਦਾ 'ਨੈਸ਼ਨਲ ਫ਼ਿਲਮ ਐਵਾਰਡ' ਲੈ ਕੇ ਉਸ ਦੀ ਦੀਵਾਲੀ ਸ਼ੁੱਭ ਬਣਾ ਚੁੱਕੀ ਹੈ। ਰਾਹੁਲ ਮਿਰਜ਼ਾ ਨੇ ਆਪਣੀ ਨਵੀਂ ਫ਼ਿਲਮ 'ਚ ਸ਼ਿਲਪਾ ਸ਼ੈਟੀ ਤੇ ਦਿਲਜੀਤ ਦੋਸਾਂਝ ਨਾਲ ਯਾਮੀ ਗੌਤਮ ਨੂੰ ਲਿਆ ਹੈ। ਯਾਮੀ ਲਈ ਮੁਸੀਬਤ ਤਾਂ ਪਿਛਲੇ ਦਿਨੀਂ ਘਰੇ ਆਈ ਜਦ ਇਕ 'ਐਪ' ਦੀ ਗੜਬੜੀ ਕਾਰਨ ਉਸ ਦਾ ਪਰਸਨਲ (ਨਿੱਜੀ) ਨੰਬਰ ਜਨਤਕ ਹੋ ਗਿਆ।

## ਸਿੱਧੂ ਮੂਸੇਵਾਲਾ ਨੇ ਫਿਰ ਬੋਲਿਆ ਵਿਵਾਦਿਤ ਗੀਤ

ਸ੍ਰੀ ਅਕਾਲ ਤਖਤ ਸਾਹਿਬ ਤੋਂ ਹੱਥ ਲਿਖਤ ਜਾਰੀ ਪ੍ਰੈੱਸ ਬਿਆਨ ਰਾਹੀਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਗਾਇਕ ਸਿੱਧੂ ਮੂਸੇ ਵਾਲਾ, ਜਿਸ ਨੇ ਗਾਣੇ ਵਿੱਚ ਸਤਿਕਾਰਯੋਗ ਮਾਤਾ ਭਾਗ ਕੌਰ ਜੀ ਦੇ ਨਾਂ ਦੀ ਦੁਰਵਰਤੋਂ ਕੀਤੀ ਸੀ ਤੇ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਵੀ ਕਾਰਵਾਈ ਚੱਲ ਰਹੀ ਹੈ ਪਰ ਹਾਲੇ ਤੱਕ ਕਾਰਵਾਈ ਮੁਕੰਮਲ ਨਹੀਂ ਹੋ ਸਕੀ। ਉੱਧਰ ਸਿੱਧੂ ਮੂਸੇਵਾਲਾ ਨੇ ਹੁਣ ਵਿਦੇਸ਼ ਵਿੱਚ ਉਹੀ ਗਾਣਾ ਦੁਬਾਰਾ ਬੋਲਿਆ ਹੈ ਜਿਸ ਨਾਲ ਸਿੱਖ ਸੰਗਤਾਂ ਦੇ ਹਿਰਦੇ ਨੂੰ ਗਹਿਰੀ ਠੇਸ ਪਹੁੰਚੀ ਹੈ। ਇਸ ਲਈ ਸਿੰਘ ਸਾਹਿਬ ਨੇ ਇਸ ਮਾਮਲੇ 'ਤੇ ਸ਼੍ਰੋਮਣੀ ਕਮੇਟੀ ਨੂੰ ਤੁਰੰਤ ਸਖ਼ਤ ਕਾਰਵਾਈ ਕਰਨ ਦੇ ਹੁਕਮ ਦਿੱਤੇ ਹਨ। ਇਸ ਤੋਂ ਇਲਾਵਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦਿੱਲੀ ਤੋਂ ਪੁੱਜੀ ਇਕ ਹੋਰ ਸ਼ਿਕਾਇਤ ਬਾਰੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਪੱਤਰ ਲਿਖ ਕੇ ਗੁਰਦੁਆਰਾ ਸਿੰਘ ਸਭਾ ਭੋਗਲ ਦਿੱਲੀ ਵਿਖੇ ਵਿਵਾਦਤ ਬਾਬਾ ਰਾਮਪਾਲ ਦੇ ਚੇਲਿਆਂ ਵੱਲੋਂ ਕੀਤੀ ਗਈ ਮਰਿਆਦਾ ਦੀ ਉਲੰਘਣਾ ਦੀ ਡੂੰਘੀ ਪੜਤਾਲ ਕਰਕੇ ਸਖ਼ਤ ਕਾਰਵਾਈ ਕਰਨ ਦੇ ਹੁਕਮ ਜਾਰੀ ਕੀਤੇ ਹਨ।

# ਸ਼ਰਧਾ ਉਸਾਰੂ ਸੋਚ ਰੱਖੋ



ਬੇਟੀ ਵੀ ਬਾਪ ਲਈ ਆਪਣੇ ਕੁਝ ਫ਼ਰਜ਼ ਰੱਖਦੀ ਹੈ ਤੇ ਇਹ ਫ਼ਰਜ਼ ਸ਼ਰਧਾ ਕਪੂਰ ਨਿਭਾਅ ਰਹੀ ਹੈ। ਇਹ ਤੇ ਸਭ ਨੂੰ ਪਤਾ ਹੈ ਕਿ ਬਾਲੀਵੁੱਡ ਦੇ ਥੰਮ੍ਹ ਅਭਿਨੇਤਾ ਰਹੇ ਸ਼ਕਤੀ ਕਪੂਰ ਦੀ ਬੇਟੀ ਹੈ ਸ਼ਰਧਾ ਕਪੂਰ, ਜਿਸ ਨੇ 55 ਸਾਲ ਪੁਰਾਣੀ ਆਪਣੇ ਅਭਿਨੇਤਾ ਬਾਪ ਸ਼ਕਤੀ ਕਪੂਰ ਦੀ ਤਸਵੀਰ ਆਪਣੇ ਇੰਸਟਾਗ੍ਰਾਮ ਖਾਤੇ 'ਚ ਪਾ ਕੇ ਲੋਕਾਂ ਨੂੰ ਸਵਾਲ ਕੀਤਾ ਕਿ ਪਛਾਣੋ ਇਸ ਫੋਟੋ 'ਚ ਉਸ ਦੇ ਪਿਤਾ ਜੀ ਕਿਥੇ ਹਨ ਜਾਂ ਕੌਣ ਹਨ ? ਅਸਲ 'ਚ ਇਹ ਫੋਟੋ ਸ਼ਰਧਾ ਦੇ ਡੈਡੀ ਦੀ ਉਦੋਂ ਦੀ ਹੈ ਜਦ ਦਿੱਲੀ ਦੇ ਸਲਵਾਨ ਪਬਲਿਕ ਸਕੂਲ 'ਚ ਸਕੂਲ ਦੀ ਕ੍ਰਿਕਟ ਟੀਮ ਦੇ ਕਪਤਾਨ ਉਸ ਦੇ ਪਿਤਾ ਸ੍ਰੀ ਸ਼ਕਤੀ ਕਪੂਰ ਸਨ ਤੇ ਸਾਰੇ ਖਿਡਾਰੀਆਂ ਨਾਲ 'ਕਪਤਾਨ ਪਿਤਾ' ਦੀ ਫੋਟੋ ਹੈ। ਸ਼ਰਧਾ ਨੇ ਨਾਲ ਹੀ ਕਿਹਾ ਕਿ 700 ਫ਼ਿਲਮਾਂ 'ਚ ਕੰਮ ਕਰਨਾ, ਕਾਦਰ ਖ਼ਾਨ ਨਾਲ ਕਾਮੇਡੀ ਜੋੜੀ ਉਸ ਦੇ ਪਿਤਾ ਸ਼ਕਤੀ ਕਪੂਰ ਦੀਆਂ ਖ਼ੂਬੀਆਂ ਰਹੀਆਂ ਹਨ। ਨਕਾਰਾਤਮਕ ਪੱਖ ਕਦੇ ਆਪਣੇ 'ਤੇ ਭਾਰੂ ਨਾ ਹੋਣ ਦਿਓ, ਇਹ ਸਲਾਹ ਸ਼ਰਧਾ ਨੇ ਅੱਜ ਦੀਆਂ ਅਭਿਨੇਤਰੀਆਂ ਨੂੰ ਦਿੱਤੀ ਹੈ। 'ਛਿਛੋਰੇ', 'ਸਾਹੋ' ਸਫ਼ਲ ਫ਼ਿਲਮਾਂ ਹੁਣੇ ਜਿਹੇ ਹੀ ਆਈਆਂ ਹਨ ਸ਼ਰਧਾ ਦੀਆਂ। 'ਸਟੀਰਟ ਡਾਂਸਰ-3 ਡੀ' ਉਹ ਇਸ ਸਮੇਂ ਕਰ ਰਹੀ ਹੈ। ਸ਼ਰਧਾ ਕਹਿੰਦੀ ਹੈ ਕਿ ਦੀਵਾਲੀ ਆ ਰਹੀ ਹੈ ਤੇ ਮੈਂ ਇਸ ਮੌਕੇ 'ਤੇ ਦੇਸ਼ ਵਾਸੀਆਂ ਨੂੰ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਖੁਸ਼ੀ ਮਨਾਇਓ ਪਰ ਵਾਤਾਵਰਨ ਦਾ ਧਿਆਨ ਜ਼ਰੂਰ ਰੱਖਿਓ। ਹਵਾ ਗੰਦੀ ਨਾ ਹੋਵੇ ਤੇ ਕੰਨ ਸ਼ੋਰ ਨਾਲ ਨਾ ਦੁਖਣ।

# ਦਿਸ਼ਾ ਪਟਾਨੀ : 'ਰਾਧੇ' ਦਾ ਜਾਨਵਰ ਪ੍ਰੇਮ



ਦੀਵਾਲੀ 'ਤੇ ਲੋਕ ਆਤਿਸ਼ਬਾਜ਼ੀ ਖਰੀਦ ਕਰਦੇ ਹਨ ਜਾਂ ਫਿਰ ਹੋਰ ਚੀਜ਼ਾਂ ਪਰ ਅੱਜ ਦੇ ਫ਼ਿਲਮੀ ਸਿਤਾਰੇ ਦੀਵਾਲੀ ਦੇ ਨੇੜੇ-ਤੇੜੇ ਇਸ ਦੌੜ ਵਿਚ ਹਨ ਕਿ ਇੰਸਟਾਗ੍ਰਾਮ 'ਤੇ ਜ਼ਿਆਦਾ ਫੋਟੋਆਂ, ਪੋਸਟਾਂ ਤੇ ਦਿਲਚਸਪ ਪਲ ਕਿਹੜਾ ਸਿਤਾਰਾ ਜਾਂ ਹੀਰੋਇਨ ਪਾਉਂਦੀ ਹੈ। ਦਿਸ਼ਾ ਪਟਾਨੀ ਨੇ ਆਪ ਇਹ ਗੱਲ ਸਵੀਕਾਰ ਕੀਤੀ ਹੈ। ਦਿਸ਼ਾ ਨੇ ਇਕ ਵੀਡੀਓ ਲੱਭਿਆ ਜਾਂ ਬਣਾਇਆ, ਜਿਸ 'ਚ 36 ਘੰਟੇ ਤੱਕ ਰੇਲ ਦੀ ਪਟੜੀ 'ਤੇ ਜ਼ਖ਼ਮੀ ਪਿਆ ਹਾਥੀ ਦਿਖਾਇਆ ਗਿਆ ਹੈ। ਆਖਿਰ ਜਾਨਵਰਾਂ ਦੇ ਹਸਪਤਾਲ ਜਾ ਕੇ ਟਰੇਨ ਨਾਲ ਟੱਕਰ 'ਚ ਜ਼ਖ਼ਮੀ ਹੋਏ ਇਸ ਹਾਥੀ ਦੀ ਮੌਤ ਹੋ ਗਈ। ਦਿਸ਼ਾ ਬਹੁਤ ਰੋਈ ਤੇ ਉਸ ਨੇ ਲਿਖਿਆ ਕਿ 'ਬੇਜ਼ੁਬਾਨਿਆਂ' ਦੀ ਰੱਖਿਆ ਲਈ ਕੀ ਇਨਸਾਨ ਕਦੇ ਅੱਗੇ ਨਹੀਂ ਆਉਣਗੇ। ਖ਼ੈਰ ਦੀਵਾਲੀ 'ਤੇ ਦਿਸ਼ਾ ਪਟਾਨੀ ਨੇ ਇਨਸਾਨਾਂ ਨੂੰ ਇਹ ਸਵਾਲ ਕਰਕੇ ਲੋਕਾਂ ਦੀ ਡੂੰਘੀ ਹਮਦਰਦੀ ਪ੍ਰਾਪਤ ਕੀਤੀ ਹੈ। 'ਇੰਡੀਅਨ ਸੁਪਰ ਲੀਗ' ਦੀ ਸਟੇਜ 'ਤੇ ਪੁਰਾਣੇ ਮਿੱਤਰ ਟਾਈਗਰ ਸ਼ਰਾਫ਼ ਨਾਲ ਖੁੱਲ੍ਹ ਕੇ ਨੱਚਣ ਵਾਲੀ ਦਿਸ਼ਾ ਪਟਾਨੀ ਸਬੰਧੀ ਤਾਜ਼ਾ ਖ਼ਬਰ ਤੇ ਦਿਸ਼ਾ ਦੇ ਪ੍ਰਸ਼ੰਸਕਾਂ ਲਈ ਦੀਵਾਲੀ ਤੋਹਫ਼ਾ ਕਿ 2020 ਦੀ ਈਦ 'ਤੇ ਸਲਮਾਨ ਖ਼ਾਨ ਦੀ ਆ ਰਹੀ ਫ਼ਿਲਮ 'ਰਾਧੇ' ਦੇ ਇਕ ਖਾਸ ਗੀਤ 'ਚ ਜਾਨਵਰਾਂ ਦੀ ਹਮਦਰਦ ਦਿਸ਼ਾ ਨਜ਼ਰ ਆਏਗੀ। 'ਰਾਧੇ' ਦਾ ਨਿਰਦੇਸ਼ਕ ਪ੍ਰਭੂ ਦੇਵਾ ਹੈ। ਉਸ ਨੂੰ ਪ੍ਰਭਾਵਿਤ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਦਿਸ਼ਾ ਲਾ ਦੇਵੇਗੀ। ਪੁਰਾਣੇ ਸੱਜਣ ਕੰਮ ਆਏ ਤੇ ਟਾਈਗਰ ਹੀ ਦਿਸ਼ਾ ਨੂੰ 'ਡਾਂਸ' ਦੇ ਹੋਰ ਗੁਣ 'ਰਾਧੇ' ਫ਼ਿਲਮ ਲਈ ਸਿਖਾ ਰਿਹਾ ਹੈ। 'ਭਾਰਤ' ਵਾਲੀ 'ਰਾਧੇ' ਦਿਸ਼ਾ ਨੇ ਟਾਈਗਰ-ਰਿਤਿਕ ਦੀ 'ਵਾਰ' ਤੋਂ ਬਾਅਦ ਦੋਵਾਂ ਨੇ ਇੰਡਸਟਰੀ ਦੀ ਸੋਹਣੀ ਜੋੜੀ ਕਿਹਾ ਹੈ। ਟਾਈਗਰ ਨੂੰ ਫਿਰ ਉਹ ਮਨਾ ਰਹੀ ਹੈ ਤੇ ਰਿਤਿਕ ਦਾ ਸਾਥ ਉਸ ਨੂੰ ਮਿਲੇਗਾ ਹੀ... ਫਿਰ ਖਾਸ ਦੀਵਾਲੀ ਤਾਂ ਦਿਸ਼ਾ ਦੀ ਹੀ ਹੈ।

# ਆਪਣੀ ਗਾਇਕੀ ਨਾਲ ਪੂਰੀ ਦੁਨੀਆਂ ਵਿੱਚ ਆਪਣੇ ਨਾਂ ਦਾ ਡੰਕ੍ਹਾਂ ਵਜਾਉਣ ਵਾਲਾ ਗਾਇਕ ਅਵਤਾਰ ਚਮਕ ਅੱਜ ਪੈਸੇ-ਪੈਸੇ ਲਈ ਮੁਹਤਾਜ

ਬਠਿੰਡਾ (ਗੁਰਬਾਜ ਗਿੱਲ) -ਪੰਜਾਬੀ ਦੋਗਾਣਾ ਗਾਇਕੀ ਦੇ ਬਾਬਾ ਬੋਹੜ ਜਨਾਬ ਅਮਰ ਸਿੰਘ ਚਮਕੀਲਾ ਦੇ ਸਾਗਿਰਦ ਪ੍ਰਸਿੱਧ ਗਾਇਕ ਅਵਤਾਰ ਚਮਕ, ਕਿਸੇ ਵੇਲੇ ਆਪਣੀ ਜੀਵਨ ਸਾਥਣ ਗਾਇਕਾ ਅਮਨਜੋਤ ਨਾਲ ਮਾਲਵੇ ਦੀ ਪ੍ਰਸਿੱਧ ਦੋਗਾਣਾ ਜੋੜੀ ਵਜੋਂ ਆਪਣੇ ਚਹੇਤਿਆਂ ਦੇ ਦਿਲਾਂ 'ਤੇ ਰਾਜ ਕਰਦੀ ਸੀ। 'ਕੀ ਚਮਕੀਲਾ ਬਣਜੇਗਾ', 'ਬੋਲ ਚਮਕੀਲੇ ਦੇ', 'ਠੇਕਾ ਪਿਆਰ ਦਾ' ਅਤੇ 'ਸਾਂਝ ਪਿਆਰਾਂ ਦੀ' ਆਦਿ 40 ਦੇ ਕਰੀਬ ਐਲਬੰਮਾਂ ਮਾਰਕੀਟ ਦੇਣ ਵਾਲੀ ਇਸ ਜੋੜੀ ਵਿੱਚ ਐਸੀ ਤਰੇੜ੍ਹ ਪਈ ਕਿ ਦੋਹਾਂ ਦੇ ਰਸਤੇ ਵੱਖੋਂ-ਵੱਖ ਹੋ ਗਏ, ਸਰੋਤਿਆ ਦੇ ਦਿਲਾਂ 'ਤੇ ਇਹਨਾਂ ਦੀ ਬਣੀ ਛਾਪ ਹੋਲੀ-ਹੋਲੀ ਧੁੰਦਲੀ ਪੈ ਗਈ ਅਤੇ ਉਹ ਦੋਵੇਂ ਅਲੱਗ-ਅਲੱਗ ਹੋ ਕੇ ਗਾਇਕੀ ਖੇਤਰ ਵਿੱਚੋਂ ਇੱਕ ਤਰ੍ਹਾਂ ਨਾਲ ਅਲੋਪ ਹੋ ਗਏ। ਪਿਛਲੇ ਕੁਝ ਸਮੇਂ ਤੋਂ ਗਾਇਕ ਅਵਤਾਰ ਚਮਕ ਨੇ ਆਪਣੀ ਗਾਇਕੀ ਨੂੰ ਦੁਬਾਰਾ ਅੱਗੇ ਤੋਰਿਆ ਹੈ। ਪਰ ਹੁਣ ਉਹਦੇ ਘਰ ਦਾ ਮਾਹੌਲ ਪਹਿਲਾਂ ਵਰਗਾ ਨਹੀਂ, ਅੰਤਾਂ ਦੀ ਗਰੀਬੀ ਨਾਲ ਘੁਲ ਰਿਹਾ, ਦਲਦਲ ਵਿੱਚ ਘਿਰਿਆ ਗਾਇਕ ਅਵਤਾਰ ਚਮਕ ਅੱਜਕੱਲ੍ਹ ਆਪਣੀ ਮਾਂ ਮਨਜੀਤ ਕੌਰ ਨਾਲ ਬਠਿੰਡਾ ਦੇ ਮਾਡਲ ਟਾਊਨ ਵਿੱਚ ਰਹਿ ਰਿਹਾ, ਗੁਰਬਤ ਭਰੀ ਜ਼ਿੰਦਗੀ ਜੀਅ ਰਿਹਾ ਹੈ। ਬਦਕਿਸਮਤੀ ਨਾਲ ਪਿਛਲੇ ਦਿਨੀਂ ਗਾਇਕ ਅਵਤਾਰ ਚਮਕ ਆਪਣੇ ਜੂਨ-ਗੁਜ਼ਾਰੇ ਲਈ ਕਿਸੇ ਪ੍ਰਾਈਵੇਟ ਹਸਪਤਾਲ ਵਿੱਚੋਂ ਨੌਕਰੀ ਕਰਕੇ ਜਦੋਂ ਘਰ ਆ ਰਿਹਾ ਸੀ ਤਾਂ ਬਠਿੰਡਾ ਟੀਵੀ ਟਾਵਰ ਕੋਲ ਸੜਕ 'ਤੇ ਭਿੜ ਰਹੇ ਅਵਾਰਾ ਪਸ਼ੂਆਂ ਦੀ ਲਪੇਟ ਵਿੱਚ ਆ ਗਿਆ। ਉਸ ਸਮੇਂ ਗਾਇਕ ਬਲਵੀਰ ਚੋਟੀਆ ਅਤੇ ਲਛਮਣ ਧਾਲੀਵਾਲ ਨੇ ਟਰੀਟਮੈਂਟ ਕਰਵਾਇਆ, ਪਰ ਉਹਦੇ ਨਾਲ ਕੁਝ ਫਰਕ ਨਹੀਂ ਪਿਆ, ਦਰਦ ਜਿਉਂ ਦਾ



ਤਿਉਂ ਹੀ ਹੋ ਰਿਹਾ ਸੀ। ਫੇਰ ਜਦੋਂ ਇਸ ਗੱਲ ਦਾ ਗਾਇਕ ਬੂਟਾ ਸੋਨੀ ਨੂੰ ਪਤਾ ਲੱਗਿਆ ਤਾਂ ਉਹ ਉਹਨਾਂ ਨੂੰ ਸਿਵਲ ਹਸਪਤਾਲ ਬਠਿੰਡਾ ਲੈ ਆਇਆ, ਜਿੱਥੇ ਐਕਸਰਾ ਕਰਵਾਉਣ 'ਤੇ ਲੱਗਿਆ ਕਿ ਉਸ ਦੀ ਖੱਬੀ ਲੱਤ ਦਾ ਗਿੱਟਾ ਦੋ ਥਾਵਾਂ ਤੋਂ ਟੁੱਟ ਗਿਆ ਹੈ। ਤਦ ਹੀ ਉਹਨੇ ਐਂਕਰ ਯੂਨੀਅਨ ਬਠਿੰਡਾ ਦੇ ਚੇਅਰਮੈਨ ਸੋਨੂੰ ਅਰੋੜਾ, ਪ੍ਰਧਾਨ ਸੰਦੀਪ ਕੁਮਾਰ, ਜਨਰਲ ਸਕੱਤਰ ਮਾਸਟਰ ਦਾਨਵੀਰ, ਸਲਾਹਕਾਰ ਪ੍ਰਕਾਸ ਰੱਤੀ ਅਤੇ ਮੈਂਬਰਾਂ ਦੇ ਸਹਿਯੋਗ ਨਾਲ ਇਲਾਜ ਕਰਵਾਇਆ, ਜੋ ਹੁਣ ਕੁਝ ਠੀਕ ਹੈ। ਇੱਥੇ ਇਸ ਗੱਲ ਦਾ ਜ਼ਿਕਰ ਕਰਨਾ ਬਣਦਾ ਕਿ ਕਲਾਕਾਰਾਂ ਦੇ ਸ਼ਹਿਰ ਮੰਨੇ ਜਾਂਦੇ ਬਠਿੰਡਾ ਵਿੱਚ ਕਈ ਨਾਮਵਰ ਗਾਇਕ, ਗੀਤਕਾਰ, ਪੇਸ਼ਕਾਰ ਅਤੇ ਸੰਗੀਤਕਾਰਾਂ ਦੇ ਹੋਣ ਦੇ ਬਾਵਜੂਦ ਵੀ ਅੱਜ ਤੱਕ ਗਾਇਕ ਅਵਤਾਰ ਚਮਕ ਕੋਲ ਕੋਈ ਨਹੀਂ ਬਹੁੜਿਆ, ਜੋ ਬੜੇ ਦੁੱਖ ਦੀ ਗੱਲ ਐ। ਕਿਸੇ ਨੇ ਸਹੀ ਕਿਹਾ ਕਿ ਹਮੇਸਾਂ' ਚੜ੍ਹਦੇ ਸੂਰਜ ਨੂੰ ਸਲਾਮਾਂ ਹੁੰਦੀਆਂ ਨੇ, ਡੁੱਬਦੇ ਨੂੰ ਕੌਣ ਪੁਛਦੈ'। ਅੱਜ ਅਵਤਾਰ ਚਮਕ ਉਹ ਡੁੱਬਦਾ ਸੂਰਜ ਐ, ਜੋ ਕਿਸੇ ਸਹਾਰੇ ਨੂੰ ਉਡੀਕ ਰਿਹਾ। ਉਹਦੇ ਘਰ ਦੀ ਹਾਲਤ ਬੜੀ ਤਰਸਯੋਗ ਹੈ। ਆਪਣੀ ਗਾਇਕੀ ਨਾਲ ਪੂਰੀ ਦੁਨੀਆਂ ਵਿੱਚ ਆਪਣੇ ਨਾਂ ਦਾ ਡੰਕ੍ਹਾਂ ਵਜਾਉਣ ਵਾਲਾ ਗਾਇਕ ਅਵਤਾਰ ਚਮਕ ਅੱਜ ਪੈਸੇ-ਪੈਸੇ ਲਈ ਮੁਹਤਾਜ ਐ। ਪੰਜਾਬੀ ਸੰਗੀਤ ਨੂੰ ਪਿਆਰ ਕਰਨ ਵਾਲੇ ਅਤੇ ਉਹਦੇ ਫੈਨਜ਼ ਅੱਜ ਅਵਤਾਰ ਚਮਕ ਦਾ ਸਾਥ ਦੇਣ, ਉਹਦੀ ਮੱਦਦ ਕਰਨ ਤਾਂ ਕਿ ਉਹ ਆਪਣਾ ਅਤੇ ਆਪਣੀ ਮਾਂ ਦਾ ਸਹੀ ਤਰ੍ਹਾਂ ਗੁਜ਼ਾਰਾ ਕਰ ਸਕੇ। ਜੇਕਰ ਕੋਈ ਸੱਜਣ, ਉਹਨਾਂ ਨੂੰ ਚਾਹੁੰਣ ਵਾਲਾ ਮੱਦਦ ਕਰਨਾ ਚਾਹੁੰਦਾ ਹੈ ਤਾਂ ਉਹਨਾਂ ਦੀ ਮਾਤਾ ਜੀ ਦਾ ਸਟੇਟ ਬੈਂਕ ਆਫ ਇੰਡੀਆ ਦਾ ਅਕਾਊਂਟ ਨੰਬਰ 34779569558 ਹੈ ਅਤੇ ਅਗਰ ਕੋਈ ਵੀ ਗਾਇਕ ਅਵਤਾਰ ਚਮਕ ਨਾਲ ਸੰਪਰਕ ਕਰਨਾ ਚਾਹੁੰਦਾ ਤਾਂ 98769-60156 'ਤੇ ਉਹਨਾਂ ਨਾਲ ਗੱਲ ਕਰ ਸਕਦਾ ਹੈ।

# ਗ਼ਜ਼ਲ

ਮੈਂ ਉਸ ਰੱਬ ਦੇ ਨਾਂ ਨੂੰ ਸਿਜਦਾ ਕਰਦਾ ਹਾਂ
ਠੰਡੀ ਮਿੱਠੀ ਥਾਂ ਨੂੰ ਸਿਜਦਾ ਕਰਦਾ ਹਾਂ
ਜਿਹਦੀ ਬਦੌਲਤ ਇਥੇ ਤੱਕ ਹਾਂ ਪਹੁੰਚਿਆ ਮੈ
ਮੈਂ ਉਸ ਆਪਣੀ ਮਾਂ ਨੂੰ ਸਿਜਦਾ ਕਰਦਾ ਹਾਂ
ਮੇਰੀ ਖਾਤਰ ਆਪ ਉਹ ਦੁੱਖ ਹੰਡਾਉਂਦੀ ਰਹੀ
ਪਰ ਮੇਰੇ ਕੋਲੋ ਆਪਣਾ ਦਰਦ ਛੁਪਾਉਂਦੀ ਰਹੀ
ਅੱਜ ਮੈਂ ਉਹਦੇ ਲਈ ਲੱਖਾ ਪੀੜਾਂ ਜਰਦਾ ਹਾਂ
ਮੈਂ ਉਸ ਆਪਣੀ ਮਾਂ ਨੂੰ ਸਿਜਦਾ ਕਰਦਾ ਹਾਂ
ਹੁਣ ਮੈ ਹੋਇਆ ਜਵਾਨ ਉਹ ਬੁੱਢੀ ਹੋ ਗਈ ਏ
ਉਹ ਅੱਜ ਵੀ ਉਨਾ ਕਰਦੀ ਜਿੰਨੇ ਜੋਗੀ ਏ
ਉਹਦੇ ਮੂੰਹੋ ਨਿਕਲੇ ਬੋਲ ਨੂੰ ਮੈਂ ਪੂਰੇ ਕਰਦਾ ਹਾਂ
ਮੈਂ ਉਸ ਆਪਣੀ ਮਾਂ ਨੂੰ ਸਿਜਦਾ ਕਰਦਾ ਹਾਂ
ਰੱਬਾ ਰੱਖੀ ਸਲਾਮਤ ਸਾਰੀਆਂ ਮਾਂਵਾ ਨੂੰ
ਖੋਹਣ ਨਾ ਦੇਵੀ ਟੁੱਕੜੇ ਹੱਥੋ ਕਾਂਵਾ ਨੂੰ
ਨਿੱਤ ਹੱਥ ਜੋੜ ਗੁਰਭੈ ਅਰਦਾਸਾ ਕਰਦਾ ਹਾਂ
ਮੈ ਉਸ ਆਪਣੀ ਮਾਂ ਨੂੰ ਸਿਜਦਾ ਕਰਦਾ ਹਾਂ

**ਗੁਰਭੈ ਭਲਾਈਆਣਾ**
99154 47549

# ਤੇਰਾ ਤਸੱਵੁਰ...

ਤੇਰੇ ਅਸੂਲਾਂ ਤੇ,
ਖਰੇ ਉਤਰਨ ਦੀ ਕੋਸ਼ਿਸ਼ ਤੇ ਕਰ ਰਹੀ ਹਾਂ।
ਕਦੇ ਮੁਨਕਰ ਨਹੀਂ ਹੋਵੇਗੀ,
ਆਪਣਿਆ ਫਰਜਾ ਤੋਂ,
ਆਪਣੀਆ ਜ਼ਿੰਮੇਦਾਰੀਆਂ ਤੋਂ,
ਔਰਤ ਹਾਂ! ਸਹਿਜ ਹੋਣਾ ਤੇ ਜਾਣਦੀ ਹਾਂ.....
ਕਦੇ ਨਹੀਂ ਪਾਰ ਕਰਾਗੀ,
ਤੇਰੇ ਹੱਥਾਂ ਨਾਲ ਖਿੱਚੀ ਰੇਖਾ ਨੂੰ।
ਪੂਰੀ ਵਚਨਬੱਧ ਹਾਂ ਤੇਰੇ ਪ੍ਰਤੀ,
ਜਿਉ ਸਮੁੰਦਰ ਵਿੱਚ ਕਤਰਾ!
ਤੇ ਤੇਰੇ ਵਿਚ ਮੈਂ!
ਇਸ ਮੈਂ ਤੋਂ ਮੁਕਤ ਹੋਣਾ,
ਹੀ ਮੇਰੀ ਪਹਿਚਾਣ ਹੈ.......
ਕੀ ਹੁੰਦੀ ਐ ਖਵਾਇਸ਼?
ਖਵਾਇਸ਼ ਵਿਚ ਵੀ ਤੂੰ ਈ ਤੇ ਹੈ!
ਮੈਂ ਤੂੰ ਵਿਚ ਹਾਂ ਤੇ ਤੂੰ ਵਿਚ ਮੈਂ,!
ਫਿਰ ਭਲਾ ਸਿਕਵੇ-- ਸ਼ਿਕਾਇਤਾ,
ਵੀ ਕੀਹਦੇ ਨਾਲ....................

ਤੇਰਾ ਨਾਲ ਹੋਣਾ,
ਤੇਰੇ ਨਾਲ ਰਹਿਣ ਨਾਲੋਂ ਵੀ,
ਸੁਖਦ ਜਾਪਦਾ ਹੈ।
ਸ਼ਾਮ ਦੇ ਉਸ ਪਹਿਲੇ ਤਾਰੇ ਦੀ ਤਰ੍ਹਾਂ,
ਜ਼ੋ ਮੈਨੂੰ ਮੇਰੇ ਜਾਗਣ ਤੱਕ, ਸੁਰਿਖਆਤ ਰੱਖਦਾ ਹੈ.....
ਫਿਰ ਸੂਰਜ ਦੀ ਪਹਿਲੀ ਕਿਰਨ,
ਮੇਰੇ ਮੱਥੇ ਤੇ ਚੁੰਮਣ ਕਰਦੀ ਹੋਈ,
ਮੇਰੀ ਰੂਹ ਦੇ ਚੌਗਿਰਦੇ ਨੂੰ,
ਆਣ ਰੌਸ਼ਨ ਕਰਦੀ ਹੈ.......
ਓਸੇ ਹੀ ਪਲ ਮੇਰੀ ਤੜਫ,
ਸਾਂਤ ਹੋ ਜਾਂਦੀ ਹੈ।
ਕਈ ਦਿਨਾਂ ਦੀ ਪਿਆਸ,
ਮਿਟ ਜਾਂਦੀ ਹੈ।

ਭੁੱਖ ਰੱਜ ਵਿੱਚ, ਤਬਦੀਲ ਹੋ ਜਾਂਦੀ ਹੈ.......
ਇਕ ਅਜਿਹਾ ਕਰਿਸ਼ਮਾ,
ਜਿਓਂ ਕਿਸੇ ਬਾਂਝ ਨੂੰ,
ਗਰਭ ਠਹਿਰ ਜਾਵੇ!
ਜਿਓਂ ਕਿਸੇ ਮਛੀ ਨੂੰ,ਪਾਣੀ ਦਾ ਵਹਾਅ,
ਆਪਣੇ ਨਾਲ਼ ਲੈ ਤੁਰੇ ......
ਜਿਓਂ ਲਹਿਰਾਂ ਨੂੰ ,
ਕਿਨਾਰੇ ਦੀ ਸੋਅ।
ਜਿਓਂ ਪਰਬਤਾਂ ਤੇ,
ਬਰਫ ਦਾ ਪਿਘਲਣਾ।
ਤੇ ਨਦੀ ਦੀ ਗੋਦ ਵਿਚ ਸਮਾ ਜਾਣਾ....
ਜਿਓਂ ਹਵਾ ਦਾ,
ਪਤਿਆ ਵਿਚ ਰਿਦਮ ਛਿੜਨਾ।
ਜਿਓਂ ਫੁੱਲਾਂ ਉੱਤੇ,
ਤ੍ਰੇਲ ਦੇ ਹਾਸੇ।
ਕੁਝ ਇਓ ਹੀ ਹੈ, ਤੇਰਾ ਤਸੱਵੁਰ!
ਮੇਰੇ ਅਹਿਸਾਸਾਂ ਅੰਦਰ................
ਵੀਣਾ ਸਾਮਾ...

# ਰਾਹਗੀਰ ਜ਼ਿੰਦਗੀ ਦਾ

ਰਾਹਗੀਰ ਬਣ ਜਨਮ ਲਿਆ
ਜ਼ਿੰਦਗੀ ਦਾ ਸਫ਼ਰ ਬੜਾ ਨਿਰਾਲਾ
ਕੁਝ ਹੱਸ ਬਿਤਾ ਗਏ
ਕੁਝ ਬਿਤਾ ਗਏ ਕਿਸੇ ਨੂੰ ਹਸਾ
ਕੁਝ ਕੋਸਦੇ ਰਹਿੰਦੇ ਆਪਣਿਆਂ ਨੂੰ
ਕੁਝ ਬਣਾ ਗਏ ਦਿਲਾਂ ਵਿਚ ਥਾਂ...
ਧਾਰਾ ਪਾਣੀ ਦੀ ਵਾਂਗ
ਜ਼ਿੰਦਗੀ ਚਲਦੀ ਬਿਨਾਂ ਰੁਕੇ
ਉੱਚੇ ਨੀਵੇਂ ਪਾਰ ਕਰਦੀ ਰਹਿੰਦੀ ਪੜਾਅ
ਨੀਵਾਂ ਹੋ ਕੇ ਤੁਰਿਆ ਜੋ ਤਰ ਜਾਂਦਾ
ਭੇਦ ਜਿਊਣ ਦਾ ਰਾਹੇ ਪਾ ਜਾਂਦਾ...
ਹਿੰਮਤ ਤੇ ਚੰਗੀ ਸੋਚ
ਦੋ ਮੁਨਾਰੇ ਰੌਸ਼ਨ ਕਰਦੇ
ਹਰ ਇਨਸਾਨ ਦਾ ਦੁੱਖ ਹਰਦੇ
ਸੋਚਾਂ ਵਿਚ ਨਾ ਗੁਜਾਰ ਦਿਨ ਤੇ ਰਾਤ
ਕਿਰਤ ਕਰ ਫਲ਼ ਮਿਹਨਤ ਦਾ ਪਾ
ਜ਼ਿੰਦਗੀ ਦਾ ਹਰ ਪਲ ਲੈ ਹੰਢਾ...
ਸੋਚ ਕਰੀਂ ਕਿਸੇ ਜੀਵ ਨੂੰ ਹਰਜਾ
ਤੈਨੂੰ ਜੀਵਨ ਦੇਣ ਵਾਲਾ ਵਸਦਾ
ਹਰ ਕਣ - ਕਣ ਵਿਚ ਅਗਾਧ
ਰੱਬ ਜੋਤੀ ਸਰੂਪ ਦਿਸਦਾ
ਹਰ ਦੁਖਿਆਰੇ ਦੀ ਮਦਦ ਨੂੰ
ਹੱਥ ਆਪਣਾ ਵਧਾ....
ਰਹਿਮਤ ਤੇਰੀ ਬਰਸੀ ਰੱਬਾ
ਤਾਂ ਹੀ ਪਿਆ ਧਰਤੀ ਦੀ ਰਾਹ
ਰਾਹਗੀਰ ਹਾਂ ਤੁਰਿਆ ਜਾਂਦਾ
" ਪ੍ਰੀਤ " ਪਾ ਲਈ ਜ਼ਿੰਦਗੀ ਦੀ ਰਾਹ

**ਪ੍ਰੀਤ ਰਾਮਗੜ੍ਹੀਆ**
+918427174139

# ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਤੇ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ
ਜਪੁ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ
ਹੋਸੀ ਭੀ ਸਚੁ
ੴ ਦਾ ਮਤਲਬ ਹੈ ਇੱਕ,
ਰੱਬ ਸੱਚਾ, ਜਿਸ ਸਾਜੀ ਖ਼ਲਕਤ।
ਨਾ ਉਹ ਡਰਾਵੇ,ਨਾ ਹੀ ਡਰਦਾ,
ਨਾ ਕਿਸੇ ਨਾਲ ਵੈਰ ਉਹ ਕਰਦਾ।
ਉਸ ਦੀ ਮਹਿਮਾ ਅਪਰੰਮਪਾਰ,
ਨਾ ਉਹ ਜੰਮਦਾ,ਨਾ ਹੀ ਮਰਦਾ।
ਜੁੱਗੋ-ਜੁੱਗ ਅਟੱਲ ਨੂੰ ਧਿਆਲੈ,
ਇੱਕ ਰੱਬ ਸੱਚੇ ਦੀ ਮਹਿਮਾ ਗਾ ਲੈ।
ਵਾਹਿਗੁਰੂ ਕਹਿ ਲੈ,ਰਾਮ-ਰਾਮ ਕਹਿ,
ਗੌਡ ਕਹੇ, ਕੋਈ ਅੱਲਾ ਕਹਿੰਦਾ ਏ।
ਬਾਬੇ ਨਾਨਕ ਦੱਸਿਆ ਜੱਗ ਨੂੰ,
ਰੱਬ ਦਿਲਾਂ ਵਿੱਚ ਰਹਿੰਦਾ ਏ।
ਡੇਰੇ-ਸਮਾਧੀਂ ਰੱਬ ਨਹੀਂ ਮਿਲਣਾ,
ਰੱਬ ਆਪਣੇ ਅੰਦਰੋਂ ਟੋਹਲੀਦਾ।
ਕਾਰਜ ਕਰ ਲੈ ਰਾਸ ਆਪਣੇ,
ਵਾਹਿਗੁਰੂ ਵਾਹਿਗੁਰੂ ਬੋਲੀ ਜਾਹ।
ਕਰੇਂਗਾ ਤਰੱਕੀ ਮਿਹਨਤ ਕਰਕੇ,
ਕੋਈ ਵਿਹਲਿਆਂ ਨੂੰ ਨਾ ਦਿੰਦਾ ਏ।
ਬਾਬੇ ਨਾਨਕ ਦੱਸਿਆ ਜੱਗ ਨੂੰ,
ਰੱਬ ਦਿਲਾਂ ਵਿੱਚ ਰਹਿੰਦਾ ਏ।
ਵੈਰ-ਵਿਰੋਧ, ਈਰਖ਼ਾ,ਨਫ਼ਰਤ,
ਸਾੜੇਂ ਆਪਣਾ ਹੀ ਅੰਦਰ ਤੂੰ।
ਮੱਸਿਆ ਮੇਲੇ ਘੁੰਮ ਲਏ ਸਾਰੇ,
ਨਾ ਟੋਹਿਆ ਰੂਹ ਦੇ ਮੰਦਰ ਨੂੰ।
ਇਸ ਮੰਦਰ ਵਿੱਚ ਜੋਤ ਜਗਾ ਰੱਖ,
ਜੋ ਲੋਅ ਜ਼ਿੰਦਗੀ ਨੂੰ ਦਿੰਦਾ ਏ।
ਬਾਬੇ ਨਾਨਕ ਦੱਸਿਆ ਜੱਗ ਨੂੰ,
ਰੱਬ ਦਿਲਾਂ ਵਿੱਚ ਰਹਿੰਦਾ ਏ।
ਸਾਂਭੋ ਆਪਣੀ ਬੋਲੀ ਤੇ ਵਿਰਸਾ,
ਸਾਰੇ ਧਰਮ ਗ੍ਰੰਥਾਂ ਤੇ ਬਾਣੀ ਨੂੰ।
ਗੰਢ ਲਓ ,ਟੁੱਟਿਆ ਤੰਦ ਜੋ ਹਾਲੇ,
ਨਾ ਟੁੱਟਣ ਦਿਓ ਤਾਣੀ ਨੂੰ।
ਭਾਈਚਾਰੇ ਵਿੱਚ ਪਿਆਰ ਮੁਹੱਬਤ,
ਸਭ ਕੰਮ ਸਵਾਰ ਦਿੰਦਾ ਏ।
ਬਾਬੇ ਨਾਨਕ ਹੋਕਾ ਦਿੱਤਾ,
ਰੱਬ ਦਿਲਾਂ ਵਿੱਚ ਰਹਿੰਦਾ ਏ।
ਮਨ ਤੜਪਾ ਕੇ ਦੂਜਿਆਂ ਦੇ,
ਕਦੇ ਮਨ ਨੂੰ ਸ਼ਾਂਤੀ ਰਹਿੰਦੀ ਨਾ
ਕਰਦਾ ਰਹਿਨੈਂ ਮੇਰੀ - ਮੇਰੀ,
ਫਿਰ ਵੀ ਪੂਰੀ ਪੈਂਦੀ ਨਾ।
ਤੋਟ ਕੋਈ ਨਾ ਆਵੇਂ'ਸੰਘਾ',
ਜੋ ਸਾਰ ਦੁਖੀ ਦੀ ਲੈਂਦਾ ਏ।
ਬਾਬੇ ਨਾਨਕ ਦੱਸਿਆ ਜੱਗ ਨੂੰ,
ਰੱਬ ਦਿਲਾਂ ਵਿੱਚ ਰਹਿੰਦਾ ਏ।

**ਗੁਰਮੇਲ ਕੌਰ ਸੰਘਾ(ਥਿੰਦ) ਲੰਡਨ**

# ਕਵਿਤਾ

ਧੂੜ-ਮਿੱਟੀ ਪੱਟੀ,ਅਸੀਂ ਖੱਟੀ ਇੱਕੋ ਖੱਟੀ
ਆਪਣਿਆਂ ਬ਼ਗੈਰ,ਨਹੀਓਂ ਕਿਸੇ ਕੰਮ ਦੇ
ਸਾਂਭ ਲਈਏ ਜੇ ਸਾਂਭਣਾ,ਵਿਰਸਾ ਆਪਣਾ
ਦੁਨੀਆਂ ਤਾਂ ਪਾਉਂਦੀ ,ਸਿਰਫ ਮੁੱਲ ਚੰਮ ਦੇ
ਬਚਦਾ ਤੇ ਬਚਾ ਲਓ...
ਬਚਦਾ ਤੇ ਬਚਾ ਲਓ,ਪੰਜਾਬ ਓਏ ਪੰਜਾਬੀਓ
ਮੁਰਝਾ ਨਾ ਜਾਵੇ ਕਿਤੇ ਸੋਹਣਾ,ਫੱਲ ਗੁਲਾਬ ਓਏ ਪੰਜਾਬੀਓ
ਬਚਦਾ ਤੇ ਬਚਾ ਲਓ...
ਲੱਗ ਗਿਆ ਘੁਣਾ ਇਹਨੂੰ,ਨਸ਼ੇ ਦੇ ਕੋਹੜ ਦਾ
ਰੁਲਦਾ ਜਾਵੇ ਨਾਮ ਮਿੱਟੀ 'ਚ,ਬਾਬੇ ਬੋਹੜ ਦਾ
ਹੁੰਦਾ ਸੀ ਮਸ਼ਹੂਰ ਜਿਹੜਾ,ਬੇਹਿਸਾਬ ਓਏ ਪੰਜਾਬੀਓ
ਬਚਦਾ ਤੇ ਬਚਾ ਲਓ...
ਤਕੜੇ-ਤਕੜੇ ਸਭ,ਨਸ਼ੇ ਦੀ ਭੇਂਟ ਚੜ ਗਏ
ਰਹਿੰਦੇ-ਖੂੰਹਦੇ,ਮਹਿੰਗਾਈਆਂ 'ਚ ਵੜ ਗਏ
ਰਹਿੰਦੀ ਦੁਨੀਆਂ ਤੱਕ,ਕਰਦੇ ਮੌਜ਼-ਮੇਲੇ
ਜੇ ਰੱਖਦੇ ਹੱਥ 'ਚ,ਆਪਾਂ ਰਕਾਬ ਓਏ ਪੰਜਾਬੀਓ
ਬਚਦਾ ਤੇ ਬਚਾ ਲਓ...
ਦਿਨੋ-ਦਿਨ ਜਾਵੇ,ਰੇਗਿਸਤਾਨ ਦਾ ਰੂਪ ਧਾਰ ਦਾ
ਭੁੱਖਾ ਨਾ ਮਰ ਜਾਏ,ਰਿਹਾ ਹੋਰਾਂ ਨੂੰ ਜੋ ਪਾਲ ਦਾ
ਹਰ ਕੋਈ ਹੋਇਆ,ਫਿਰਦਾ ਕਰਜ਼ਾਈ ਏ
ਲੁੱਟਣ ਲਈ ਸਮੇਂ ਦੇ ਹਾਕਮਾਂ,ਖੇਡ ਰਚਾਈ ਏ
ਮੁੱਕ ਗਿਆ ਪਾਣੀ,ਤਾਂ ਹੋ ਜਾਊ ਖਤਮ ਕਹਾਣੀ
ਸਭ ਬਰਬਾਦ ਓਏ ਪੰਜਾਬੀਓ
ਬਚਦਾ ਤੇ ਬਚਾ ਲਓ...
ਮਾਵਾਂ ਦੇ ਕੀਰਨੇ,ਨਿੱਤ ਹੀ ਕੁਰਲਾਉਂਦੇ ਨੇ
ਭੈਣਾਂ ਤੋਂ ਰੱਖੜੀ ਬਨਾਉਣ ਵਾਲੇ,ਭਾਈ ਨਾ ਕਿਤੇ ਥਿਆਉਂਦੇ ਨੇ
ਛੋਟੇ ਹੁੰਦਿਆਂ ਜੋ ਡਰਦੇ ਸੀ ਸੂਈਆਂ ਤੋਂ
ਬਾਪੂ ਦਾ ਹੱਥ ਫੜਨ ਵਾਲੇ,ਬਾਪੂ ਨੂੰ ਹੀ ਡਰਾਉਂਦੇ ਨੇ
ਲੜਦੇ ਸੀ ਜਿਹੜੇ ਆਜਾਦੀਆਂ ਲਈ
ਬਣ ਗੁਲਾਮ ਟੁੱਟਦਾ ਦਿਸੇ,ਅੱਜ ਖਾਬ ਓਏ ਪੰਜਾਬੀਓ
ਬਚਦਾ ਤੇ ਬਚਾ ਲਓ...
ਹੋ ਚੱਲੀ ਖਤਮ ਮਰਿਯਾਦਾ, ਜੀਣ-ਜਿਉਣ ਦੀ
ਮਿਟਦੀ ਜਾਂਦੀ ਸਾਂਝ,ਰਿਸ਼ਤੇ ਨਿਭਾਉਣ ਦੀ
ਪਿਆਰ ਦੇ ਨਾਮ ਦਾ,ਮਤਲਬ ਹੀ ਬਦਲ ਗਿਆ
ਕੋਲ ਬੈਠਿਆਂ ਵੀ ਆਵੇ ਨਾ,ਓਹ ਸਵਾਦ ਓਏ ਪੰਜਾਬੀਓ
ਬਚਦਾ ਤੇ ਬਚਾ ਲਓ...
ਬਣਕੇ ਸੇਜ ਸਟੇਜਾਂ ਦੀ,ਸੱਭਿਆਚਾਰ ਰਹਿ ਗਿਆ
ਓਹ ਵੀ ਹੋਈ ਜਾਵੇ ਗੁੰਮ,ਮਹਿਲ ਆਸਾਂ ਉਮੀਦਾਂ ਦਾ ਢਹਿ ਗਿਆ
ਹੁੰਦਾ ਸੀ ਸਾਰੀ ਕਾਇਨਾਤ ਦਾ,ਜੋ ਤਾਜ ਓਏ ਪੰਜਾਬੀਓ
ਬਚਦਾ ਤੇ ਬਚਾ ਲਓ...
'ਗੁਰੂਆਂ ਦੀ ਗੁਰਬਾਣੀ' ਕੋਈ,ਮਨ ਲਾ ਕੇ ਨਹੀਂ ਸੁਣਦਾ
ਪੁੱਠੇ ਕੰਮਾਂ ਤੇ ਗ਼ੇਮਾਂ ਵਿੱਚ,ਫਸ ਗਿਆ ਨੌਜਵਾਨ ਹੁਣ ਦਾ
ਆਪਣੀਆਂ-ਆਪਣੀਆਂ ਸਾਰੇ,ਸਮਝੀਏ ਜ਼ਿੰਮੇਵਾਰੀਆਂ
ਦੇਸ਼ਾਂ-ਵਿਦੇਸ਼ਾਂ 'ਚ ਵੱਸਦੇ,ਸਭੇ ਜਨਾਬ ਓਏ ਪੰਜਾਬੀਓ
ਬਚਦਾ ਤੇ ਬਚਾ ਲਓ...
ਗੱਲ ਹੁਣ ਦੱਸੋ ਕਾਹਦਾ,ਕਰੂਗਾ ਵਪਾਰ
ਆਪਣੇ ਹੀ ਘਰ ਵਿੱਚ,ਹੋ ਗਈ ਆਪਣੀ ਹਾਰ
ਜਿੱਥੇ ਜਾ ਕੇ ਸਾਰੇ,ਦੁੱਖ ਰੋ ਲਈਏ
ਨੇੜੇ-ਤੇੜੇ ਵੀ ਦਿਸਦੀ ਨਾ ਕਿਤੇ,ਓਹ ਢਾਬ ਓਏ ਪੰਜਾਬੀਓ
ਬਚਦਾ ਤੇ ਬਚਾ ਲਓ...
ਪਰੀਤਨਾਮਾ ਦੇਵੇ,ਸਦਾ ਸੁਨੇਹਾ ਸੱਚ ਦਾ
ਜਿਹੜੇ ਕਰਦੇ ਨੇ ਜ਼ੁਲਮ,ਉਹਨਾਂ ਨੂੰ ਨਹੀਂ ਏਹ ਪਚ ਦਾ
ਘਰਾਂ ਵਿੱਚ ਬੋਲੋ ਸਦਾ 'ਮਾਂ ਬੋਲੀ'
ਆਪਣੇ ਵਤਨ ਦੀ ਮਹਿਕ ਆਵੇ
ਜਿੱਦਾਂ ਘੁਲੇ ਨੇ ਪੰਜਾਬ ਦੀ ਮਿੱਟੀ 'ਚ
ਸਤਲੁਜ ਬਿਆਸ ਰਾਵੀ
ਜ਼ੇਹਲਮ,ਚਨਾਬ ਓਏ ਪੰਜਾਬੀਓ
ਬਚਦਾ ਤੇ ਬਚਾ ਲਓ...
ਨੱਥੂਵਾਲੀਆ ਕਿਹੜੀ-ਕਿਹੜੀ,ਗੱਲ ਦੱਸੇ ਲਿਖ ਕੇ
ਬਚਾਉਣਾ ਚਾਹੁੰਦਾ ਜਤਿੰਦਰਜੀਤ,ਆਪਣਾ-ਆਪ ਵਿਕ ਕੇ
ਹਟ ਨਾ ਜਾਣ ਕਿਤੇ ਕਹਿਣੋਂ ਸਾਨੂੰ,ਦੁਨੀਆਂ ਵਾਲੇ
ਸਰਦਾਰ-ਸਾਬ ਓਏ ਪੰਜਾਬੀਓ
ਬਚਦਾ ਤੇ ਬਚਾ ਲਓ ਪੰਜਾਬ ਓਏ ਪੰਜਾਬੀਓ
ਮੁਰਝਾ ਨਾ ਜਾਵੇ ਕਿਤੇ ਸੋਹਣਾ ਫੱਲ
ਗੁਲਾਬ ਓਏ ਪੰਜਾਬੀਓ

**ਜਤਿੰਦਰਜੀਤ ਸਿੰਘ ਗਿੱਲ**
**ਫੋਨ ਨੰਬਰ !**
9876340146

# ਸੱਚੀਆਂ ਤੇ ਖਰੀਆਂ ਖਰੀਆਂ ਗੱਲਾਂ

ਦਿੱਤੀਆਂ ਹੱਥਾਂ ਦੇ ਨਾਲ ਗੰਢਾਂ ਨੇ ਜੋ ਜੱਗ ਉੱਤੇ
ਪੈਂਦੀਆਂ ਦੰਦਾਂ ਦੇ ਨਾਲ ਕਹਿਣ ਸਿਆਣੇ ਖੋਲਣੀਆ।
ਖੂਹ ਦੇ ਵਿੱਚ ਆਵਾਜ਼ ਜਿਹੋ ਜਿਹੀ ਦੇ ਦਿੱਤੀ
ਵਾਪਸ ਓਹੀ ਕੰਨਾਂ ਦੇ ਵਿੱਚ ਬੋਲਣੀਆ।
ਮੱਛੀ ਮੁੜਦੀ ਕਹਿੰਦੇ ਚੱਟ ਕੇ ਪੱਥਰਾਂ ਨੂੰ
ਰੁੰਮ ਗਏ ਮੋਤੀਆਂ ਬਾਦ ਕੀ ਮਿੱਟੀਆਂ ਫੋਲਣੀਆਂ।
ਕੀ ਫਾਇਦਾ ਏ ਲੰਘੇ ਸੱਪ ਤੋਂ ਲੀਕਾਂ ਕੁੱਟਣ ਦਾ
ਲੰਘੇ ਵੱਤਰ ਬਾਦ ਕੀ ਪੈਲੀਆ ਫੋਲਣੀਆਂ।
ਰੱਬਾ ਤੇ ਪੁੱਤ ਚੰਡਿਆ ਹੀ ਕੰਮ ਆਉਂਦਾ ਏ
ਸਮੇਂ ਨਾਲ ਹੀ ਧੀ ਨੂੰ ਗੱਲਾਂ ਬੋਲਣੀਆਂ।
ਦੁੱਧ ਪੁੱਤ ਦੇ ਵਿਗੜਦਿਆਂ ਦੇਰ ਨ ਲੱਗਦੀ ਏ
ਦੇਣਾ ਪੈਂਦਾ ਲੇਖਾ ਘੱਟ ਜੋ ਤੋਲਣੀਆਂ।
ਆਪਣੇ ਬਾਪੂ ਤਾਈਂ ਜੋ ਜੋ ਬੋਲਿਆ ਤੂੰ
ਸਹਿਣੀਆਂ ਪੈਣੀਆਂ ਤੈਨੂੰ ਵੀ ਓਹ ਬੋਲਣੀਆ।
ਪਾਣੀ ਬਾਝੋਂ ਤਰਸ ਮਰ ਗਏ ਮਾਪੇ ਜੇ
ਫਾਇਦਾ ਕੋਈ ਨ ਦਾਨ ਚ ਦਿੱਤੀਆਂ ਡੋਲਣੀਆਂ।
ਦਾਨ ਪੁੰਨ ਵੀ ਆਪਣਾ ਦਿੱਤਾ ਲੱਗਦਾ ਏ
ਬਾਬੇ ਨਾਨਕ ਨੇ ਤਾਂ ਤੇਰਾਂ ਤੇਰਾਂ ਤੋਲਣੀਆਂ।
ਸੱਚੀਆਂ ਗੱਲਾਂ ਲੱਗਦੀਆਂ ਮਿਰਚਾਂ ਵਾਂਗਰ ਏ
ਪਰ ਰੱਬੀਏ ਨੇ ਤਾਂ ਖਰੀਆਂ ਖਰੀਆਂ
ਬੋਲਣੀਆ।

**( ਹਰਵਿੰਦਰ ਸਿੰਘ ਰੱਬੀਆ**
9464479469)

# ਕਵਿਤਾ

ਸਾਡੀ ਜਵਾਨੀ ਖੋਖਲੀ ਅਤੇ ਖਤਮ ਪਨੀਰੀਆ,
ਧੜਕਣ ਰੋਕਣ ਸਾਡੀ ਓਹਨਾਂ ਨਾਲ ਸਕੀਰੀਆ,
ਹਰ ਘਰੋਂ ਵੈਣ ਆਓਦੇ ਪਾਏ ਮਾਵਾਂ ਨੇ,,
ਜਿੱਥੇ ਸਿਵਿਆਂ ਦੀਆਂ ਭਰੀਆਂ ਰਾਹਵਾਂ ਨੇ,
ਜਿੱਥੇ ਅੱਜ ਦੇ ਜਵਾਕ ਬਣੇ ਵੈਲੀ ਡਾਕੂ ਨੇ,
ਜਵਾਨ ਪੁੱਤ ਦੀ ਅਰਥੀ ਚੁੱਕੀ ਬਾਪੂ ਨੇ,,
ਕਿਸੇ ਦਾ ਪੁੱਤ ਅੰਦਰ ਕਿਸੇ ਦਾ ਬਾਹਰੇ ਆ,
ਜਿਸ ਦਾ ਘਰੇ ਓਹ ਨਸ਼ੇ ਸਹਾਰੇ ਆ,,
ਪੈਂਦੀਆਂ ਕੂਕਾ ਪਿੰਡਾਂ ਚ ਹੱਥ ਗੁੱਤਾਂ ਨੇ,
ਕੁੱਟ ਮਾਪੇ ਘਰੋਂ ਕੱਢੇ ਜਿੱਥੇ ਪੁੱਤਾਂ ਨੇ,,
ਨਾ ਕਿਧਰੇ ਰੌਣਕਾਂ ਨਾ ਠੱਠੇ ਹਾਸੇ ਆ,,
ਹਰ ਸੱਥ, ਵੀਹੀ,ਪੁਲੀ ਮੋੜ ਉਦਾਸੇ ਆ,,,
ਥੋਹਰ ਕਹੋ ਹੁਣ ਨਾ ਫੁੱਲ ਗੁਲਾਬ ਕਹੋ,
ਲਿਖਾਰੀਓ ਹਾੜੇ ਹੁਣ ਤਾਂ ਲਾ ਕੇ ਹਿਸਾਬ ਕਹੋ,
ਉੱਜੜਿਆ ਪਿਆ ਪੰਜਾਬ ਸਿਓਂ ਕੋਈ ਸ਼ੱਕ ਨਹੀਂ,,
ਮੱਖਣ ਸ਼ੇਰੋਂ ਰੰਗਲਾ ਪੰਜਾਬ ਕਹਿਣ ਦਾ ਹੱਕ ਨਹੀਂ,

**ਮੱਖਣ ਸ਼ੇਰੋਂ ਵਾਲਾ**
**ਸੰਪਰਕ 98787-98726**

# ਕਵਿਤਾ

ਕਿਸੇ ਦੀ ਔਲਾਦ ਵਿਗਾੜਨ ਵਾਲਾ ਸੂਰਮਾ ਨਹੀਂ ਹੁੰਦਾ,,
ਘਰ ਕਿਸੇ ਦਾ ਉਜਾੜਨ ਵਾਲਾ ਸੂਰਮਾ ਨਹੀਂ ਹੁੰਦਾ,
ਮਜਬੂਰਾਂ ਨੂੰ ਸੂਲੀ ਚਾੜਨ ਵਾਲਾ ਸੂਰਮਾ ਨਹੀਂ ਹੁੰਦਾ,
ਬਜੁਰਗਾਂ ਨੂੰ ਤਾੜਨ ਵਾਲਾ ਸੂਰਮਾ ਨਹੀਂ ਹੁੰਦਾ,

ਜੋ ਕਿਸੇ ਦੀ ਇੱਜ਼ਤ ਲੁੱਟੇ ਸੂਰਮਾ ਨਹੀਂ ਹੁੰਦਾ,
ਜਿਸ ਕਰਕੇ ਕੋਈ ਰਿਸਤਾ ਟੁੱਟੇ ਸੂਰਮਾ ਨਹੀਂ ਹੁੰਦਾ,
ਜੋ ਪਰਿਵਾਰਕ ਸਾਂਝਾ ਦਾ ਬੂਟਾ ਪੁੱਟੇ ਸੂਰਮਾ ਨਹੀਂ ਹੁੰਦਾ,
ਜਿਹੜਾ ਮਾਪਿਆਂ ਨੂੰ ਕੁੱਟੇ ਓਹ ਸੂਰਮਾ ਨਹੀਂ ਹੁੰਦਾ,

ਜੋ ਵੀਹੀ ਵਿਹੜੇ ਪਾਵੇ ਗੰਦ ਸੂਰਮਾ ਨਹੀਂ ਹੁੰਦਾ ,,.
ਧੀ ਕਿਸੇ ਦੀ ਦੇ ਰੋਕੇ ਆਨੰਦ ਸੂਰਮਾ ਨਹੀਂ ਹੁੰਦਾ,
ਕੁੱਟਕੇ ਪਿਓ ਨੂੰ ਕੱਢੇ ਦੰਦ ਓਹ ਸੂਰਮਾ ਨਹੀਂ ਹੁੰਦਾ,,
ਵਿਤਕਰੇ ਵਾਲੀ ਖੜੀ ਕਰੇ ਕੰਧ ਸੂਰਮਾ ਨਹੀਂ ਹੁੰਦਾ,,

ਜੀਹਨੂੰ ਮਾਵਾਂ ਕਹਿਣ ਚੰਗਾ ਮਰਿਆ ਸੂਰਮਾ ਨਹੀਂ ਹੁੰਦਾ,
ਜੀਹਨੇ ਕੰਮ ਕੋਈ ਚੰਗਾ ਨਾ ਕਰਿਆ ਸੂਰਮਾ ਨਹੀਂ ਹੁੰਦਾ,
ਮੱਖਣਾਂ ਕਿਸੇ ਦਾ ਦੁੱਖ ਨਾ ਜਰਿਆ ਸੂਰਮਾ ਨਹੀਂ ਹੁੰਦਾ,
ਸ਼ੇਰੋਂ ਜੋ ਰਹੇ ਹੰਕਾਰ ਦਾ ਭਰਿਆ ਸੂਰਮਾ ਨਹੀਂ ਹੁੰਦਾ,

**ਮੱਖਣ ਸ਼ੇਰੋਂ ਵਾਲਾ**
**ਪਿੰਡ ਤੇ ਡਾਕ ਸ਼ੇਰੋਂ ਤਹਿ ਸੁਨਾਮ ਜਿਲ੍ਹਾ ਸੰਗਰੂਰ।**
**ਸੰਪਰਕ 98787-987263**

**ਸਾਂਝ**

ਨਾ ਚਿਹਰਾ ਸੀ , ਨਾ ਆਵਾਜ਼ ਸੀ
ਜਜ਼ਬਾਤਾਂ ਦੀ ਮੁਲਾਕਾਤ ਸੀ
ਲਫਜ਼ ਬਣੇ ਦਿਲ ਦੇ ਤਾਰ ਸੀ
ਮਾਲਾ ਸ਼ਬਦਾਂ ਦੀ ਪਿਰੋਈ ਗਈ
ਸਾਂਝ ਦਿਲਾਂ ਦੀ ਹੋਈ...
ਸੱਧਰਾਂ ਦੇ ਰੰਗ ਨਿਖਰੇ
ਕਰੀਬ ਜਿਹੇ ਮਹਿਸੂਸ ਹੋਏ
ਕੁਝ ਪਲ ਪਹਿਲੇ ਆਮ ਜਿਹੇ
ਇਕ ਦੂਜੇ ਲਈ ਖਾਸ ਹੋਏ

ਦੂਰ ਬੈਠੇ ਸੱਜਣਾ ਦੀ
ਸਾਂਝ ਦਿਲਾਂ ਦੀ ਹੋਈ....
ਕੁਝ ਵੰਡੇ ਦੁੱਖ ਸੱਜਣਾ ਨੇ
ਕੁਝ ਸਾਂਝੀਆਂ ਕੀਤੀਆਂ ਖੁਸ਼ੀਆਂ ਨੇ
ਲਹਿਰਾਂ ਜੋੜ ਰਹੀਆਂ
ਨਦੀ ਦੇ ਦੋ ਕਿਨਾਰੇ ਜਿਹੇ ਸੱਜਣਾ ਦੀ
ਸਾਂਝ ਦਿਲਾਂ ਦੀ ਹੋਈ.....
ਚੰਨ ਵੀ ਫਰਜ਼ ਨਿਭਾ ਰਿਹਾ
ਸੰਦੇਸ਼ ਇਕ ਦੂਜੇ ਨੂੰ ਪਹੁੰਚਾ ਰਿਹਾ

ਰੂਹਾਂ ਦਾ ਮੇਲ ਕਰਾ ਰਿਹਾ
ਸਾਂਝ ਦਿਲਾਂ ਦੀ ਪਾ ਰਿਹਾ....
ਜਿਸਮਾਂ ਦਾ ਸਾਥ , ਸਾਥ ਨਾ ਕੋਈ
ਹਾਣੀ ਬਣ ਰੂਹਾਂ ਦੇ
ਬਿਨ ਬੋਲੇ ਗੱਲ ਦਿਲ ਦੀ
ਦੂਜੇ ਨੂੰ ਮਹਿਸੂਸ ਹੋਏ
ਸਾਂਝ ਦਿਲਾਂ ਦੀ ਹੋਏ ....

**ਪ੍ਰੀਤ ਰਾਮਗੜ੍ਹੀਆ**
**ਮੋਬਾਇਲ :** +918427174139

# .ਗਜ਼ਲ

ਗਿਣਤੀ ਵਧਦੀ ਜਾਵੇ ਬੇਰੁਜ਼ਗਾਰਾਂ ਦੀ,
ਖੌਰੇ ਕਦ ਅੱਖ ਖੁੱਲ੍ਹਣੀ ਹੈ ਸਰਕਾਰਾਂ ਦੀ।
ਯਤਨ ਇਨ੍ਹਾਂ ਨੂੰ ਖੂੰਜੇ ਲਾਣ ਦੇ ਹੋਣ ਬੜੇ,
ਪਰ ਇੱਜ਼ਤ ਵਧਦੀ ਜਾਵੇ ਸਰਦਾਰਾਂ ਦੀ।
ਬਹੁਤੇ ਉੱਥੋਂ ਅੱਖ ਬਚਾ ਕੇ ਜਾਣ ਚਲੇ,
ਜਿੱਥੇ ਚਰਚਾ ਹੋਵੇ ਬਹਾਦਰ ਨਾਰਾਂ ਦੀ।
ਲੋਕੀਂ ਸਿਰ ਤੇ ਚੁੱਕ ਉਨ੍ਹਾਂ ਨੂੰ ਲੈਂਦੇ ਨੇ,
ਜਿਹੜੇ ਬਾਂਹ ਫੜ ਲੈਂਦੇ ਨੇ ਲਾਚਾਰਾਂ ਦੀ।
ਜੋ ਲੋਕਾਂ ਦੇ ਮਸਲੇ ਦੱਸਣ ਹਾਕਮ ਨੂੰ,
ਵਿੱਕਰੀ ਹੋਵੇ ਬਹੁਤ ਉਨ੍ਹਾਂ ਅਖਬਾਰਾਂ
ਦੀ।
ਉਹ ਜੱਗ ਤੇ ਆਪਣਾ ਨਾਂ ਚਮਕਾ ਜਾਂਦੇ ਨੇ,
ਜੋ ਪਰਵਾਹ ਨਹੀਂ ਕਰਦੇ ਜਿੱਤਾਂ, ਹਾਰਾਂ ਦੀ।
ਉੱਥੇ ਰਹਿਣੇ ਨੂੰ ਦਿਲ ਨਾ ਕਰੇ ਮਾੜਾ ਵੀ,
ਜਿੱਥੇ ਗੱਲ ਕਰੇ ਨਾ ਕੋਈ ਪਿਆਰਾਂ ਦੀ।

**ਮਹਿੰਦਰ ਸਿੰਘ ਮਾਨ**
9915803554


ਪੜ੍ਹੋ ਪੰਜਾਬ


ਗੁਰੂ ਗ੍ਰੰਥ ਸਾਹਿਬ ਚ 14 ਭਾਸ਼ਾਵਾਂ ਨੇ ਪਰ ਲਿਖਤ ਪੰਜਾਬੀ ਦੀ ਹੈ ਹੁਣ ਆਈ ਸਮਝ ਪੰਜਾਬੀ ਦੀ ਕਿ ਨਹੀਂ
ਪੰਜਾਬੀ ਜ਼ਿੰਦਾਬਾਦ
ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼
ਮੈ ਪੰਜਾਬੀ ਹਾਂ
ਮੇਰੀ ਮਾਂ ਬੋਲੀ ਪੰਜਾਬੀ ਹੈ|



Anmol Hi-Tech
Shoes
Near Civil Hospital, Tanda
97796-64581, 62806-22259


ABS
ADVANTAGE BUSINESS SERVICES
Ankit Kejriwal
Business Consultant
Corporation Setup
Individual & Corporation Taxes
Business Insurance
Business License & Permits
Immigration & Divorce
Audits
Non Profit Setup
Settle IRS & State Debt
(Offer In Compromise)
Individual Tax Identification Number (ITIN)
(We do in-house passport attestation)
advantage.kay@gmail.com
88-45 164th street
Jamaica NY 11432
718.530.5093
917.774.4659

# ਕੈਨੇਡਾ ਵਿਚ ਟਰੂਡੋ ਦੀ ਘਟ ਗਿਣਤੀ ਸਰਕਾਰ



ਕੈਨੇਡਾ ਦੀ ਪਾਰਲੀਮੈਂਟ ਦੇ ਹਾਊਸ ਆਫ ਕਾਮਨ ਦੇ ਮੈਂਬਰਾਂ ਲਈ 21 ਅਕਤੂਬਰ ਨੂੰ ਹੋਈਆਂ ਚੋਣਾਂ ਵਿਚ ਰਾਜ ਕਰ ਰਹੀ ਲਿਬਰਲ ਪਾਰਟੀ ਨੂੰ ਹੀ ਸਭ ਤੋਂ ਵੱਧ ਸੀਟਾਂ ਮਿਲੀਆਂ। ਅਗਲੇ ਪ੍ਰਧਾਨ ਮੰਤਰੀ ਵੀ ਜਸਟਿਨ ਟਰੂਡੋ ਹੀ ਹੋਣਗੇ, ਪਰ ਪਾਰਟੀ ਪੂਰਨ ਬਹੁਮਤ ਹਾਸਿਲ ਕਰਨ ਵਿਚ ਸਫਲ ਨਹੀਂ ਹੋਈ। ਉਸ ਦੇ 157 ਮੈਂਬਰ ਜਿੱਤੇ, ਜਦ ਕਿ ਬਹੁਮਤ ਲਈ 170 ਮੈਂਬਰ ਚਾਹੀਦੇ ਸਨ। ਕੰਜ਼ਰਵੇਟਿਵ ਪਾਰਟੀ 121 ਮੈਂਬਰਾਂ ਨਾਲ ਦੂਜੇ ਥਾਂ; ਬਲਾਕ ਕਿਊਬਕਵਾ, ਜੋ ਕਿਊਬਿਕ ਦੀ ਖੇਤਰੀ ਪਾਰਟੀ ਹੈ, 32 ਨਾਲ ਤੀਜੇ ਥਾਂ ਅਤੇ ਜਗਮੀਤ ਸਿੰਘ ਦੀ ਐਨ. ਡੀ. ਪੀ. 24 ਸੀਟਾਂ ਨਾਲ ਚੌਥੇ ਥਾਂ ਰਹੀ। ਗਰੀਨ ਪਾਰਟੀ, ਜਿਸ ਦਾ ਮੁੱਖ ਏਜੰਡਾ ਵਾਤਾਵਰਣ ਹੈ, ਨੂੰ 3 ਸੀਟਾਂ ਮਿਲੀਆਂ ਅਤੇ ਪ੍ਰਧਾਨ ਮੰਤਰੀ ਟਰੂਡੋ ਨੂੰ ਵਿਵਾਦਾਂ ਵਿਚ ਘੇਰਨ ਦਾ ਕਾਰਨ ਬਣੀ। ਸਾਬਕਾ ਮੰਤਰੀ ਜੋਡੀ ਵਿਲਸਨ ਰੇਬੋਲਡ ਇੱਕੋ ਇੱਕ ਅਜ਼ਾਦ ਉਮੀਦਵਾਰ ਦੇ ਤੌਰ 'ਤੇ ਜੇਤੂ ਰਹੀ।

ਬਰੈਂਪਟਨ ਦੇ ਪੰਜੇ ਹਲਕਿਆਂ, ਮਿਸੀਸਾਗਾ ਅਤੇ ਸਰੀ ਸਮੇਤ 18 ਪੰਜਾਬੀ ਵੀ ਇਸ ਵਾਰ ਓਟਵਾ ਦੀ ਪਾਰਲੀਮੈਂਟ ਵਿਚ ਜਾ ਰਹੇ ਹਨ। ਸਖਤ ਮੁਕਾਬਲੇ ਵਿਚ ਅਲਬਰਟਾ ਤੋਂ ਲਿਬਰਲ ਪਾਰਟੀ ਦੇ ਪਿਛਲੀ ਸੰਸਦ ਵਿਚ ਮੰਤਰੀ ਅਮਰਜੀਤ ਸੋਹੀ ਕੰਜ਼ਰਵੇਟਿਵ ਸਰਕਾਰ ਵਿਚ ਮੰਤਰੀ ਰਹੇ ਟਿਮ ਉਪਲ ਤੋਂ ਹਾਰ ਗਏ। ਟਰੂਡੋ ਦੀ ਸਰਕਾਰ ਵਿਚ ਰਹੇ ਮੰਤਰੀ ਹਰਜੀਤ ਸਿੰਘ ਸੱਜਣ, ਨਵਦੀਪ ਬੈਂਸ ਅਤੇ ਬਰਦੀਸ਼ ਚੱਗੜ ਜਿੱਤ ਗਏ ਹਨ। ਸਸਕੈਚਵਾਨ ਸੂਬੇ ਵਿਚ ਕੰਜ਼ਰਵੇਟਿਵ ਪਾਰਟੀ ਦੇ ਸਾਰੇ 14 ਮੈਂਬਰ ਜਿਤ ਗਏ ਹਨ। ਇਥੋਂ ਤੱਕ ਕਿ ਸਸਕੈਚਵਾਨ ਵਿਚੋਂ 26 ਸਾਲ ਤੋਂ ਲਗਾਤਾਰ ਜਿਤਦੇ ਆਏ ਲਿਬਰਲ ਪਾਰਟੀ ਦੇ ਸਾਬਕਾ ਮੰਤਰੀ ਰੈਲਫ ਗੁਡੇਲ ਵੀ ਹਾਰ ਗਏ। ਅਲਬਰਟਾ ਵਿਚ ਸਿਰਫ ਇੱਕ ਸੀਟ ਐਨ. ਡੀ. ਪੀ. ਦੇ ਮੈਂਬਰ ਨੇ ਜਿੱਤੀ, ਬਾਕੀ ਸੀਟਾਂ 'ਤੇ ਕੰਜ਼ਰਵੇਟਿਵ ਜੇਤੂ ਰਹੇ। ਮੈਕਸਿਮ ਬਰਨੀਏ, ਜਿਸ ਨੇ ਕੰਜ਼ਰਵੇਟਿਵ ਪਾਰਟੀ ਛੱਡ ਕੇ ਧੁਰ ਸੱਜੇ ਵਿਚਾਰਾਂ ਵਾਲੀ ਵਖਰੀ ਪਾਰਟੀ ਬਣਾਈ ਸੀ, ਆਪਣੀ ਸੀਟ ਵੀ ਹਾਰ ਗਿਆ।

ਬੇਸ਼ੱਕ ਜਗਮੀਤ ਸਿੰਘ ਨੇ ਚੋਣਾਂ ਵਿਚ ਆਪਣੀ ਪਾਰਟੀ ਨੂੰ ਅੱਗੇ ਲਿਆਉਣ ਵਿਚ ਬਹੁਤ ਜੋਰ ਲਾਇਆ, ਪਰ ਫਿਰ ਵੀ ਪਾਰਟੀ ਦੇ ਜੇਤੂ ਮੈਂਬਰਾਂ ਦੀ ਗਿਣਤੀ ਉਮੀਦ ਤੋਂ ਘੱਟ ਰਹੀ। ਸਾਰੀਆਂ ਪਾਰਟੀਆਂ ਦੇ ਲੀਡਰਾਂ ਦੀ ਬਹਿਸ ਵਿਚ ਉਨ੍ਹਾਂ ਵਲੋਂ ਵਿਖਾਈ ਗਈ ਹਾਜ਼ਰ ਜਵਾਬੀ ਬਾਅਦ, ਸਰਵੇਖਣਾਂ ਵਿਚ ਉਨ੍ਹਾਂ ਦੀ ਪਾਰਟੀ ਦਾ ਸਮਰਥਨ 12% ਤੋਂ 19% ਤੱਕ ਚਲਾ ਗਿਆ, ਜੋ ਚੋਣਾਂ ਵਿਚ 15.9% ਦਿਸਿਆ, ਪਰ ਇਸ ਨਾਲ ਸੀਟਾਂ ਦੀ ਗਿਣਤੀ, ਜਿਆਦਾ ਨਾ ਵਧੀ। ਸੰਸਦ ਦੀਆਂ 2015 ਦੀਆਂ ਚੋਣਾਂ ਵਿਚ ਐਨ. ਡੀ. ਪੀ. ਦੀਆਂ 44 ਸੀਟਾਂ ਸਨ, ਜੋ ਇਸ ਵਾਰ ਘਟ ਕੇ 24 ਰਹਿ ਗਈਆਂ। ਕਿਊਬਿਕ ਵਿਚ 2015 ਵਿਚ ਜਿਤੀਆਂ 16 ਸੀਟਾਂ ਦੀ ਥਾਂ ਇਸ ਵਾਰ ਸਿਰਫ ਇਕ ਸੀਟ ਹੱਥ ਲੱਗੀ। ਪਾਰਟੀ ਦਾ ਵੱਡਾ ਲੀਡਰ ਜਿਸ ਨੂੰ ਹਰਾ ਕੇ ਜਗਮੀਤ ਸਿੰਘ ਲੀਡਰ ਬਣਿਆ ਸੀ, ਗੁਈ ਕੇਰੋਂ ਵੀ ਆਪਣੀ ਸੀਟ ਹਾਰ ਗਿਆ। ਅਟਲਾਂਟਿਕ ਮਹਾਂਸਾਗਰ ਦੇ ਕਿਨਾਰੇ ਲਗਦੇ ਪ੍ਰਦੇਸ਼ਾਂ ਵਿਚ ਵੀ ਪਾਰਟੀ ਕੋਈ ਖਾਸ ਥਾਂ ਨਾ ਬਣਾ ਸਕੀ, ਸਿਰਫ ਇੱਕ ਸੀਟ ਨਿਊਫਾਊਂਡਲੈਂਡ 'ਤੇ ਸੇਂਟ ਜੌਹਨ ਪੂਰਬੀ ਵਿਚ ਐਨ. ਡੀ. ਪੀ. ਉਮੀਦਵਾਰ ਜੇਤੂ ਰਿਹਾ। ਜਗਮੀਤ ਸਿੰਘ ਬੇਸ਼ੱਕ ਟੋਰਾਂਟੋ ਵਿਚ ਆਖਰੀ ਤਿੰਨ ਹਫਤਿਆਂ ਵਿਚ ਚੋਣ ਪ੍ਰਚਾਰ ਲਈ ਪੰਜ ਵਾਰ ਆਏ, ਪਰ ਲਿਬਰਲ ਪਾਰਟੀ ਦੇ ਇਸ ਗੜ੍ਹ ਵਿਚ ਸੰਨ੍ਹ ਨਾ ਲਾ ਸਕੇ। ਪਾਰਟੀ ਦੇ ਬੜੇ ਹਰਮਨ ਪਿਆਰੇ ਰਹੇ ਲੀਡਰ ਜੈਕ ਲੇਅਟਨ ਦੀ ਰਹਿਨੁਮਾਈ ਵਿਚ ਪਾਰਟੀ ਨੇ 2011 ਵਿਚ 103 ਸੀਟਾਂ ਜਿੱਤੀਆਂ ਸਨ ਅਤੇ ਉਹ ਦੂਜੇ ਨੰਬਰ 'ਤੇ ਆ ਕੇ ਮੁੱਖ ਵਿਰੋਧੀ ਪਾਰਟੀ ਬਣ ਗਈ ਸੀ। ਬਹੁਤ ਲੋਕਾਂ ਨੂੰ ਵਿਸ਼ਵਾਸ ਹੈ ਕਿ ਜੇ ਜੈਕ ਲੇਅਟਨ ਕੈਂਸਰ ਦੀ ਬਿਮਾਰੀ ਕਾਰਨ ਅਕਾਲ ਚਲਾਣਾ ਨਾ ਕਰਦੇ ਤਾਂ ਉਹ 2015 ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਹੁੰਦੇ। ਬਲਾਕ ਕਿਊਬਕਵਾ ਪਾਰਟੀ ਨੇ ਕਿਊਬਿਕ ਨੂੰ ਅੱਡ ਕਰਨ ਦਾ ਏਜੰਡਾ ਪਾਸੇ ਰੱਖ ਕੇ ਕੈਨੇਡਾ ਵਿਚ ਰਹਿੰਦਿਆਂ, ਸੂਬੇ ਦੇ ਵਿਕਾਸ ਲਈ ਕੰਮ ਕਰਨਾ ਆਪਣਾ ਮੁੱਖ ਕਾਰਜ ਬਣਾ ਲਿਆ, ਪਰ ਇਸ ਸਭ ਨੂੰ ਦਰਨਿਕਾਰ ਕਰਦਿਆਂ ਜਗਮੀਤ ਸਿੰਘ ਦਾ ਕਹਿਣਾ ਸੀ ਕਿ ਜੋ ਉਤਸ਼ਾਹ ਅਸੀਂ ਇਸ ਚੋਣ ਮੁਹਿੰਮ ਦੌਰਾਨ ਬਣਾਇਆ ਹੈ, ਉਸ ਨੂੰ ਜਾਰੀ ਰਖਦਿਆਂ ਨਵੀਂ ਪਾਰਲੀਮੈਂਟ ਵਿਚ ਉਸਾਰੂ ਰੋਲ ਨਿਭਾਉਂਦੇ ਰਹਿਣਗੇ।

ਕੈਨੇਡਾ ਦੀਆਂ ਕਰੀਬ ਇੱਕ ਤਿਹਾਈ ਸੀਟਾਂ (338 ਵਿਚੋਂ 121) ਓਨਟਾਰੀਓ ਸੂਬੇ ਵਿਚ ਪੈਂਦੀਆਂ ਹਨ। ਓਨਟਾਰੀਓ ਵਿਚ ਸੂਬਾ ਸਰਕਾਰ ਕੰਜ਼ਰਵੇਟਿਵ ਪਾਰਟੀ ਦੀ ਹੈ ਅਤੇ ਪ੍ਰੀਮੀਅਰ (ਮੁੱਖ ਮੰਤਰੀ) ਡੱਗ ਫੋਰਡ ਹਨ। ਉਨ੍ਹਾਂ ਨੇ ਜਿੱਤਣ ਸਾਰ ਬਜਟ ਘਾਟੇ ਨੂੰ ਪੂਰਾ ਕਰਨ ਦੇ ਨਾਂ 'ਤੇ ਕਈ ਅਜਿਹੇ ਫੈਸਲੇ ਕੀਤੇ, ਜੋ ਆਮ ਲੋਕਾਂ ਨੂੰ ਪਸੰਦ ਨਾ ਆਏ। ਇਨ੍ਹਾਂ ਵਿਚ ਸ਼ਹਿਰਾਂ ਨੂੰ ਦਿਤੀ ਜਾਣ ਵਾਲੀ ਮਦਦ, ਵਿਦਿਆ ਅਤੇ ਸਿਹਤ ਸੇਵਾਵਾਂ ਵਿਚ ਕਟੌਤੀਆਂ ਸ਼ਾਮਿਲ ਸਨ। ਚੋਣਾਂ ਦੌਰਾਨ ਸੂਬੇ ਦੀ ਪਾਰਟੀ ਦੇ ਪ੍ਰਧਾਨ ਡੱਗ ਫੋਰਡ ਅਤੇ ਕੇਂਦਰੀ ਪਾਰਟੀ ਦੇ ਐਂਡਰੀਊ ਸ਼ੀਅਰ ਨੂੰ ਇਕੱਠੇ ਨਹੀਂ ਵੇਖਿਆ ਗਿਆ ਅਤੇ ਨਾ ਹੀ ਡੱਗ ਫੋਰਡ ਨੇ ਪਾਰਟੀ ਲਈ ਪ੍ਰਚਾਰ ਕੀਤਾ। ਪਰ ਲਿਬਰਲ ਪਾਰਟੀ ਨੇ ਡੱਗ ਫੋਰਡ ਦੇ ਫੈਸਲਿਆਂ ਨੂੰ ਲੋਕਾਂ ਵਿਚ ਇਹ ਕਹਿ ਕੇ ਪ੍ਰਚਾਰਿਆ ਕਿ ਜੇ ਕੇਂਦਰ ਵਿਚ ਕੰਜ਼ਰਵੇਟਿਵ ਸਰਕਾਰ ਆ ਜਾਂਦੀ ਹੈ ਤਾਂ ਉਹ ਵੀ ਅਜਿਹੇ ਕੱਟ ਹੀ ਲਾਉਣਗੇ। ਸ਼ਾਇਦ ਲਿਬਰਲ ਪਾਰਟੀ ਦਾ ਇਹੀ ਪੈਂਤੜਾ ਸੀ ਕਿ ਕੰਜ਼ਰਵੇਟਿਵ ਪਾਰਟੀ ਟੋਰਾਂਟੋ ਦੇ ਆਸ ਪਾਸ ਦੇ ਉਨ੍ਹਾਂ ਦੇ ਗੜ੍ਹ ਨੂੰ ਸੰਨ੍ਹ ਨਾ ਲਾ ਸਕੀ ਅਤੇ ਲਿਬਰਲ ਪਾਰਟੀ ਦੇ 79 ਮੈਂਬਰ ਜਿੱਤ ਗਏ, ਜਦ ਕਿ 2015 ਵਿਚ 80 ਜਿੱਤੇ ਸਨ। ਚੋਣਾਂ ਬਾਅਦ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਉਹ ਹਰ ਰੋਜ ਲੋਕਾਂ ਲਈ ਕੰਮ ਕਰਨਗੇ, ਇਸ ਨੂੰ ਵੇਖੇ ਬਿਨਾ ਕਿ ਕਿਸੇ ਨੇ ਸਾਨੂੰ ਵੋਟ ਪਾਈ ਹੈ ਜਾਂ ਨਹੀਂ, ਸਾਡੀ ਟੀਮ ਹਰ ਕੈਨੇਡੀਅਨ ਲਈ ਜਦੋ ਜਹਿਦ ਕਰੇਗੀ। ਉਨ੍ਹਾਂ ਕਿਹਾ ਕਿ ਮੈਂ ਤੁਹਾਡੀ ਨਿਰਾਸ਼ਾ ਵੇਖ ਲਈ ਹੈ ਅਤੇ ਮੈਂ ਤੁਹਡੀ ਮਦਦ ਲਈ ਤੁਹਾਡੇ ਕੋਲ ਆਉਣਾ ਚਾਹੁੰਦਾ ਹਾਂ। ਆਓ ਆਪਾਂ ਰਲ ਕੇ ਇਸ ਦੇਸ਼ ਦੀ ਏਕਤਾ ਲਈ ਸਖਤ ਮਿਹਨਤ ਕਰੀਏ।

ਚੋਣਾਂ ਪਿਛੋਂ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਐਂਡਰੀਊ ਸ਼ੀਅਰ, ਜਿਨ੍ਹਾਂ ਨੂੰ ਉਮੀਦ ਸੀ ਕਿ ਕੰਜ਼ਰਵੇਟਿਵ ਪਾਰਟੀ ਦੀਆਂ ਸੀਟਾਂ ਸਭ ਤੋਂ ਵੱਧ ਆਉਣਗੀਆਂ, ਨੇ ਕਿਹਾ ਕਿ ਬੇਸ਼ੱਕ ਉਹ ਇਸ ਤਰ੍ਹਾਂ ਦੇ ਨਤੀਜੇ ਨਹੀਂ ਸੀ ਚਾਹੁੰਦੇ, ਪਰ ਫਿਰ ਵੀ ਪਾਰਟੀ ਦੀ ਟੀਮ ਪਹਿਲਾਂ ਨਾਲੋਂ ਤਕੜੀ ਹੈ। ਉਨ੍ਹਾਂ ਕਿਹਾ ਕਿ ਸਾਲ 2015 ਵਿਚ ਲਗਦਾ ਸੀ ਕਿ ਹੁਣ ਫੇਰ ਟਰੂਡੋ ਪਰਿਵਾਰ ਦਾ ਰਾਜ ਚੱਲ ਪਿਆ ਹੈ, ਜਿਸ ਨੂੰ ਰੋਕਣਾ ਅਸੰਭਵ ਹੈ, ਅੰਦਾਜੇ ਲਾਉਣ ਵਾਲੇ ਸਾਰੇ ਕਹਿੰਦੇ ਸਨ ਕਿ ਹੁਣ 8 ਜਾਂ 12 ਸਾਲ ਇਸੇ ਨੇ ਰਾਜ ਕਰਨਾ ਹੈ, ਪਰ ਅੱਜ ਕੰਜ਼ਰਵੇਟਿਵ ਪਾਰਟੀ ਨੇ ਟਰੂਡੋ ਨੂੰ ਸੁਨੇਹਾ ਲਾ ਦਿੱਤਾ ਹੈ ਕਿ ਤੁਹਾਡੀ ਸਰਕਾਰ ਡਿਗਣ ਦੀ ਅਸੀਂ ਉਡੀਕ ਕਰ ਰਹੇ ਹਾਂ, ਜਦ ਵੀ ਡਿੱਗੀ, ਕੰਜ਼ਰਵੇਟਿਵ ਤਿਆਰ ਹਨ ਅਤੇ ਅਸੀਂ ਜਿਤਾਂਗੇ। ਉਨ੍ਹਾਂ ਟਰੂਡੋ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਲੋਕਾਂ ਨੇ ਸਰਕਾਰ ਖਿਲਾਫ ਆਪਣੀ ਰਾਇ ਦੇ ਦਿੱਤੀ ਹੈ, ਹੁਣ ਤੁਸੀਂ ਸਿਰਫ 20 ਸੀਟਾਂ ਹੀ ਨਹੀਂ ਗਵਾਈਆਂ ਸਗੋਂ ਦੇਸ਼ ਦੇ ਹਰ ਪ੍ਰਾਂਤ ਵਿਚੋਂ ਸਮਰਥਨ ਘਟਾ ਲਿਆ ਹੈ। ਕੈਨੇਡਾ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਇੱਕ ਪੂਰਨ ਬਹੁਮਤ ਵਾਲੀ ਸਰਕਾਰ 4 ਸਾਲ ਬਾਅਦ ਹੀ ਹਾਰ ਗਈ ਹੈ।

ਜਗਮੀਤ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਪ੍ਰਧਾਨ ਮੰਤਰੀ ਟਰੂਡੋ ਨੂੰ ਟੈਲੀਫੋਨ ਤੇ ਦੱਸ ਦਿੱਤਾ ਹੈ ਕਿ ਅਸੀਂ ਲੋਕਾਂ ਦੀਆਂ ਸਹੂਲਤਾਂ ਲਈ ਜੀ ਜਾਨ ਨਾਲ ਕੰਮ ਕਰਦੇ ਰਹਾਂਗੇ। ਜਿਨ੍ਹਾਂ ਵਿਚ ਸਿਹਤ ਸੇਵਾਵਾਂ ਅਤੇ ਮਕਾਨ ਸ਼ਾਮਿਲ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਵਾਸੀਆਂ ਨੇ ਸਾਫ ਦੱਸ ਦਿੱਤਾ ਹੈ ਕਿ ਉਹ ਅਜਿਹੀ ਸਰਕਾਰ ਚਾਹੁੰਦੇ ਹਨ, ਜੋ ਅਮੀਰਾਂ ਅਤੇ ਤਕੜਿਆਂ ਲਈ ਨਹੀਂ ਸਗੋਂ ਆਮ ਲੋਕਾਂ ਲਈ ਕੰਮ ਕਰੇ।

ਕੈਨੇਡਾ ਵਿਚ ਹੁਣ ਤੱਕ 14 ਘੱਟ ਗਿਣਤੀ ਸਰਕਾਰਾਂ ਬਣ ਚੁੱਕੀਆਂ ਹਨ, ਜਿਨ੍ਹਾਂ ਵਿਚ ਉਪਰੋਥਲੀ 2004 ਤੋਂ 2011 ਦਰਮਿਆਨ ਇੱਕ ਤੋਂ ਬਾਅਦ ਇੱਕ ਬਣੀਆਂ 3 ਸਰਕਾਰਾਂ ਸ਼ਾਮਿਲ ਹਨ। ਸਿਰਫ ਇੱਕ ਵਾਰ ਵਿਲੀਅਮ ਮਕੈਂਜ਼ੀ ਦੀ ਸਰਕਾਰ (1921-25) ਨੂੰ ਛੱਡ ਕੇ ਕਿਸੇ ਨੇ ਵੀ 4 ਸਾਲ ਪੂਰੇ ਨਹੀਂ ਕੀਤੇ। ਸਾਰੀਆਂ ਹੀ 1 ਤੋਂ 3 ਸਾਲ ਦੇ ਦਰਮਿਆਨ ਭੰਗ ਹੁੰਦੀਆਂ ਰਹੀਆਂ। ਇਸ ਨੂੰ ਵੇਖਦਿਆਂ ਵਿਰੋਧੀ ਪਾਰਟੀ ਦੇ ਨੇਤਾ ਐਂਡਰੀਊ ਸ਼ੀਅਰ ਨੇ ਕਿਹਾ ਹੈ ਕਿ ਜਸਟਿਨ ਟਰੂਡੋ ਦੀ ਸਰਕਾਰ ਨੂੰ ਡੇਗਣ ਦਾ ਇਹ ਇੱਕ ਪੜਾਅ ਹੈ, ਇਸ ਤੋਂ ਡੇਢ-ਦੋ ਸਾਲਾਂ ਬਾਅਦ ਸਾਡੀ ਸਰਕਾਰ ਬਣ ਜਾਵੇਗੀ। ਆਮ ਕਰਕੇ ਕੈਨੇਡਾ ਵਿਚ ਘੱਟ ਗਿਣਤੀ ਦੀ ਸਰਕਾਰ ਕਿਸੇ ਦੂਜੀ ਪਾਰਟੀ ਨਾਲ ਕੋਲੀਸ਼ਨ ਸਰਕਾਰ ਨਹੀਂ ਬਣਾਉਂਦੀ, ਸਗੋਂ ਆਏ ਮੁਦਿਆਂ ਤੇ ਵੱਖ ਵੱਖ ਪਾਰਟੀਆਂ ਦੀ ਮਦਦ ਨਾਲ ਬਿਲ ਪਾਸ ਕਰਵਾਉਂਦੀ ਰਹਿੰਦੀ ਹੈ, ਜਿਵੇਂ ਕੁਝ ਸਮਾਂ ਪਹਿਲਾਂ ਹੀ ਪਾਲ ਮਾਰਟਿਨ ਅਤੇ ਸਟੀਫਨ ਹਾਰਪਰ ਦੀ ਸਰਕਾਰ ਵਲੋਂ ਕੀਤਾ ਗਿਆ ਸੀ। ਇਸ ਵਾਰ ਵੀ ਇਸ ਤਰ੍ਹਾਂ ਹੀ ਹੋਣ ਦੀ ਉਮੀਦ ਹੈ। ਵੇਖਣਾ ਹੋਵੇਗਾ ਕਿ ਇਹ ਸਰਕਾਰ ਕਿੰਨੀ ਦੇਰ ਸਥਿਰ ਰਹਿੰਦੀ ਹੈ।

**ਡਾ. ਬਲਜਿੰਦਰ ਸਿੰਘ ਸੇਖੋਂ**
ਫੋਨ: 905-781-1197

# ਲੋਕਰਾਜ 'ਚ ਵਿਚਾਰੇ ਲੋਕ

ਲੋਕਰਾਜ ਵਿਚਾਰੇ ਲੋਕਾਂ ਲਈ ਕਿੱਥੇ? ਜਦੋਂ ਤੋਂ ਭਾਰਤ ਆਜ਼ਾਦ ਹੋਇਆ, ਦੇਸ਼ ਨੂੰ ਸੰਵਿਧਾਨ ਮਿਲਿਆ ਅਤੇ ਜਦੋਂ ਤੋਂ ਵਿਦਿਆਰਥੀ ਜੀਵਨ ਸ਼ੁਰੂ ਹੋਇਆ, ਲਗਾਤਾਰ ਇਹੀ ਪੜ੍ਹਿਆ-ਸੁਣਿਆ ਅਤੇ ਆਖਿਆ ਕਿ ਭਾਰਤ ਵਿਚ ਲੋਕਾਂ ਦਾ ਰਾਜ, ਲੋਕਾਂ ਲਈ ਅਤੇ ਲੋਕਾਂ ਦੁਆਰਾ ਹੈ। ਸਮਾਂ ਗੁਜ਼ਰਨ ਦੇ ਨਾਲ ਨਾਲ ਹਾਲਤ ਇਹ ਹੋ ਗਈ ਕਿ ਰਾਜ ਬਣਾਉਣ ਲਈ ਲੋਕ ਮਤਦਾਨ ਤਾਂ ਕਰਦੇ ਹਨ, ਪਰ ਰਾਜ ਲੋਕਾਂ ਲਈ ਨਹੀਂ ਬਣਦਾ ਅਤੇ ਨਹੀਂ ਹੀ ਲੋਕਾਂ ਦਾ ਹੈ। ਉਂਜ ਵੀ ਮਤਦਾਨ ਸ਼ਬਦ ਦੀ ਵਰਤੋਂ ਹੁਣ ਜ਼ਿਆਦਾ ਵਾਜਬ ਨਹੀਂ ਲੱਗਦੀ ਕਿਉਂਕਿ ਅਜੋਕੇ ਚੋਣ ਤੰਤਰ ਵਿਚ ਮਤਦਾਨ ਬਹੁਤ ਘੱਟ ਫ਼ੀਸਦੀ ਰਹਿ ਗਿਆ ਹੈ। ਜ਼ਿਆਦਾਤਰ ਨੋਟ ਤੰਤਰ, ਡੰਡਾ ਤੰਤਰ ਅਤੇ ਨਸ਼ਾ ਤੰਤਰ ਦਾ ਬੋਲਬਾਲਾ ਹੋ ਗਿਆ ਹੈ। ਕਦੇ ਕਦੇ ਤਾਂ ਅਜਿਹਾ ਲੱਗਦਾ ਹੈ ਕਿ ਚੋਣਾਂ ਤੋਂ ਪਹਿਲਾਂ ਮੁਫ਼ਤਖੋਰੀ ਦੀ ਬਰਸਾਤ ਕਰਕੇ ਹੀ ਲੋਕਾਂ ਦੀਆਂ ਵੋਟਾਂ ਨੂੰ ਨੇਤਾ ਆਪਣੇ ਪੱਖ ਵਿਚ ਭੁਗਤਾ ਲੈਂਦੇ ਹਨ। ਕਿਤੇ ਕਰਜ਼ੇ ਮੁਆਫ਼ ਕੀਤੇ ਜਾਂਦੇ ਹਨ, ਕੋਈ ਸਮਾਰਟ ਫੋਨ ਦੇਣ ਦੀ ਗੱਲ ਕਰਦਾ ਹੈ, ਕਦੇ ਬਿਜਲੀ ਦੇ ਰੇਟ ਚੋਣਾਂ ਨੇੜੇ ਘੱਟ ਕਰ ਦਿੱਤੇ ਜਾਂਦੇ ਹਨ ਜਾਂ ਬੱਸਾਂ ਤੇ ਮੈਟਰੋ ਰੇਲਗੱਡੀਆਂ ਵਿਚ ਵਰਗ ਵਿਸ਼ੇਸ਼ ਨੂੰ ਮੁਫ਼ਤ ਯਾਤਰਾ ਦੀ ਸਹੂਲਤ ਦਿੱਤੀ ਜਾਂਦੀ ਹੈ। ਸਮਾਰਟ ਫੋਨ ਅਤੇ ਲੈਪਟਾਪ ਤਕ ਵੰਡਣ ਦੇ ਐਲਾਨ ਕੀਤੇ ਜਾਂਦੇ ਹਨ। ਇਹ ਤਾਂ ਸਿੱਧੀ ਰਿਸ਼ਵਤ ਹੈ।

ਇਸ ਤੋਂ ਇਲਾਵਾ ਕੌਣ ਨਹੀਂ ਜਾਣਦਾ ਕਿ ਮੁਲਕ ਵਿਚ ਨੋਟ ਤੰਤਰ ਨੇ ਚੋਣ ਤੰਤਰ ਨੂੰ ਪੂਰੀ ਤਰ੍ਹਾਂ ਆਪਣੇ ਸ਼ਿਕੰਜੇ ਵਿਚ ਕਸ ਲਿਆ ਹੈ। ਚੋਣ ਕਮਿਸ਼ਨ ਅਤੇ ਹੋਰ ਸਰਕਾਰੀ ਸੰਸਥਾਵਾਂ ਇਹ ਲੇਖਾ ਕਰਦੀਆਂ ਥੱਕਦੀਆਂ ਨਹੀਂ ਕਿ ਕਿਹੜੇ ਉਮੀਦਵਾਰ ਨੇ ਚੋਣਾਂ ਉੱਤੇ ਕਿੰਨੇ ਰੁਪਏ ਖ਼ਰਚ ਕੀਤੇ ਤੇ ਤੈਅ ਸੀਮਾਵਾਂ ਦੀ ਉਲੰਘਣਾ ਤਾਂ ਨਹੀਂ ਕੀਤੀ, ਪਰ ਸੱਚ ਇਹ ਹੈ ਕਿ ਇਕ ਇਕ ਉਮੀਦਵਾਰ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿਚ ਕਰੋੜਾਂ ਰੁਪਏ ਖਰਚ ਦਿੰਦਾ ਹੈ। ਸੰਸਦੀ ਚੋਣਾਂ ਤਾਂ ਦੂਰ ਦੀ ਗੱਲ ਹਨ, ਹੁਣ ਤਾਂ ਪੰਚਾਇਤੀ ਅਤੇ ਨਗਰ ਨਿਗਮਾਂ ਦੀਆਂ ਚੋਣਾਂ ਵਿਚ ਵੀ ਲੱਖਾਂ ਰੁਪਏ ਖਰਚੇ ਜਾਂਦੇ ਹਨ। ਸ਼ਾਇਦ ਇਸ ਸਭ ਦਾ ਨਤੀਜਾ ਹੈ ਕਿ ਜਨਤਾ ਵਿਚਾਰੀ ਹੋ ਗਈ। ਉਸ ਦੀ ਕਿਸਮਤ 'ਚ ਸ਼ਾਇਦ ਧਰਨੇ ਪ੍ਰਦਰਸ਼ਨ ਤੇ ਇਨ੍ਹਾਂ ਕਾਰਨ ਪੁਲੀਸ ਵੱਲੋਂ ਵਰ੍ਹਦੀਆਂ ਸੋਟੀਆਂ ਦੀ ਕੁੱਟ ਨੂੰ ਸਹਿਣਾ ਹੀ ਰਹਿ ਗਿਆ ਹੈ। ਸਾਰੇ ਜਾਣਦੇ ਹਨ ਕਿ ਸਰਕਾਰ ਦਾ ਫ਼ਰਜ਼ ਲੋਕਾਂ ਨੂੰ ਉਨ੍ਹਾਂ ਦੇ ਹੱਕ ਦੇਣਾ ਹੈ, ਪਰ ਆਪਣੇ ਹੱਕਾਂ ਲਈ ਵੀ ਵਿਚਾਰੇ ਲੋਕ ਸਰਕਾਰੀ ਦਫ਼ਤਰਾਂ ਦੇ ਧੱਕੇ ਖਾਂਦੇ ਹਨ। 'ਜਨਤਾ ਦੇ ਸੇਵਕ' ਕੁਰਸੀ ਉੱਤੇ ਬਿਰਾਜਦੇ ਹਨ। ਜ਼ਿਆਦਾਤਰ ਲੋਕਾਂ ਨੂੰ ਦਫ਼ਤਰ ਦੇ ਅੰਦਰ ਅਤੇ ਬਾਹਰ ਵੀ ਖੜ੍ਹੇ ਰਹਿਣਾ ਪੈਂਦਾ ਹੈ। ਸੜਕਾਂ 'ਤੇ ਘੁੰਮਦੇ ਆਵਾਰਾ ਪਸ਼ੂ ਹਾਦਸਿਆਂ ਦਾ ਕਾਰਨ ਬਣਦੇ ਹਨ। ਹਜ਼ਾਰਾਂ ਲੋਕ ਮੌਤ ਦੇ ਮੂੰਹ ਵਿਚ ਜਾ ਪੈਂਦੇ ਹਨ, ਕਈ ਅਪਾਹਜ ਹੋ ਜਾਂਦੇ ਹਨ, ਪਰ ਫਿਰ ਵੀ ਸਰਕਾਰ ਆਵਾਰਾ ਪਸ਼ੂਆਂ ਨੂੰ ਕਾਬੂ ਨਹੀਂ ਕਰਦੀ। ਇਸ ਲਈ ਲੋਕ ਰੋਸ ਪ੍ਰਦਰਸ਼ਨ ਵੀ ਕਰਦੇ ਹਨ। ਜੇਕਰ ਉਹ ਦੁਖੀ ਹੋ ਕੇ ਜਾਨਵਰਾਂ ਨੂੰ ਇਕੱਠਾ ਕਰਕੇ ਕਿਸੇ ਜ਼ਿਲ੍ਹਾ ਅਧਿਕਾਰੀ ਦੇ ਦਫ਼ਤਰ ਵਿਚ ਛੱਡ ਦੇਣ ਤਾਂ ਉੱਥੋਂ ਪੁਲੀਸ ਦੀ ਮਾਰ-ਕੁੱਟ ਦਾ ਸ਼ਿਕਾਰ ਹੋ ਕੇ ਵਾਪਸ ਆ ਜਾਂਦੇ ਹਨ। ਪੰਜਾਬ ਨੇ ਸਭ ਤੋਂ ਪਹਿਲਾਂ ਉਸ ਮਗਰੋਂ ਚੰਡੀਗੜ੍ਹ, ਰਾਜਸਥਾਨ ਜਿਹੇ ਕੁਝ ਸੂਬਿਆਂ ਵਿਚ ਵੀ ਆਵਾਰਾ ਘੁੰਮ ਰਹੇ ਪਸ਼ੂਆਂ ਨੂੰ ਸੰਭਾਲਣ ਲਈ ਸੈੱਸ ਲਗਾ ਦਿੱਤਾ ਗਿਆ। ਇਸ ਨਾਲ ਕਰੋੜਾਂ ਰੁਪਏ ਇਕੱਠੇ ਵੀ ਹੋ ਗਏ, ਸਰਕਾਰੀ ਖ਼ਜ਼ਾਨਾ ਭਰਦਾ ਗਿਆ। ਪੰਜਾਬ ਵਿਚ ਇਹ ਨਿਯਮ ਬਣਾਇਆ ਗਿਆ ਕਿ ਚੌਪਹੀਆ ਵਾਹਨ ਖਰੀਦਣ ਵਾਲੇ ਨੂੰ ਪੰਜ ਸੌ ਰੁਪਏ ਅਤੇ ਦੋਪਹੀਆ ਵਾਹਨ ਖਰੀਦਣ ਵਾਲੇ ਨੂੰ ਦੋ ਸੌ ਰੁਪਏ ਗਊ ਸੈੱਸ ਦੇਣਾ ਪਵੇਗਾ। ਬਿਜਲੀ ਖਪਤਕਾਰਾਂ ਲਈ ਦੋ ਪੈਸੇ ਪ੍ਰਤੀ ਯੂਨਿਟ ਗਊ ਸੈੱਸ ਤੈਅ ਕੀਤਾ ਗਿਆ। ਸ਼ਰਾਬ ਦੀ ਵਿਕਰੀ 'ਤੇ ਵੀ ਇਹ ਟੈਕਸ ਲਗਾਇਆ। ਇਉਂ ਸਰਕਾਰੀ ਖ਼ਜ਼ਾਨਾ ਤਾਂ ਭਰ ਗਿਆ, ਪਰ ਲੋਕਾਂ ਨੂੰ ਕੋਈ ਰਾਹਤ ਨਹੀਂ ਮਿਲੀ। ਅੱਜ ਆਵਾਰਾ ਪਸ਼ੂਆਂ ਕਾਰਨ ਖੇਤੀ ਬਰਬਾਦ ਹੋਣ ਨਾਲ ਕਿਸਾਨ ਪਰੇਸ਼ਾਨ ਹੈ। ਇੱਥੋਂ ਤਕ ਕਿ ਸ਼ਹਿਰਾਂ ਅਤੇ ਪ੍ਰਮੁੱਖ ਕੌਮੀ ਸ਼ਾਹਰਾਹਾਂ 'ਤੇ ਵੀ ਬੇਸਹਾਰਾ ਆਵਾਰਾ ਪਸ਼ੂ ਘੁੰਮਦੇ ਹਨ। ਇਕ ਵਾਰ ਮੈਂ ਜੰਮੂ ਦੇ ਸਾਂਭਾ ਤੋਂ ਕਠੂਆ ਤੱਕ ਦੀ ਤੀਹ ਮੀਲ ਦੀ ਦੂਰੀ ਉੱਤੇ ਦੋ ਹਾਦਸੇ ਆਵਾਰਾ ਪਸ਼ੂਆਂ ਕਾਰਨ ਹੋਏ ਵੇਖੇ। ਰੂਪਨਗਰ ਵਿਚ ਇਕ ਨੌਜਵਾਨ ਦੀ ਮੌਤ ਹੋ ਗਈ। ਫਾਜ਼ਿਲਕਾ ਵਿਚ ਦਾਦਾ ਤੇ ਪੋਤੀ ਆਵਾਰਾ ਪਸ਼ੂ ਕਾਰਨ ਮੌਤ ਦੇ ਮੂੰਹ ਵਿਚ ਪਹੁੰਚ ਗਏ। ਸਰਕਾਰ ਦੱਸੇ ਕਿ ਅਜਿਹੇ ਹਾਦਸਿਆਂ ਲਈ ਕੌਣ ਜ਼ਿੰਮੇਵਾਰ ਹੈ? ਮ੍ਰਿਤਕਾਂ ਦੇ ਪਰਿਵਾਰਾਂ ਦੀ ਪੀੜਾ ਸਮਝਣਾ ਤਾਂ ਬਹੁਤ ਦੂਰ ਦੀ ਗੱਲ ਹੈ। ਕੇਂਦਰ ਸਰਕਾਰ ਨੇ ਪਸ਼ੂਆਂ ਨੂੰ ਕਾਬੂ ਕਰਨ ਲਈ ਆਫ਼ਤ ਪ੍ਰਬੰਧਨ ਕੋਸ਼ ਤੋਂ ਰਾਜਸਥਾਨ ਨੂੰ ਸਹਾਇਤਾ ਦੇਣੀ ਬੰਦ ਕੀਤੀ ਤਾਂ ਸੂਬਾਈ ਸਰਕਾਰ ਨੇ ਵੀਹ ਫ਼ੀਸਦੀ ਆਬਕਾਰੀ ਟੈਕਸ ਲਗਾ ਕੇ ਸ਼ਰਾਬ ਮਹਿੰਗੀ ਕਰ ਦਿੱਤੀ। ਸ਼ਰਾਬ ਮਹਿੰਗੀ ਹੋਣਾ ਬਹੁਤ ਚੰਗੀ ਗੱਲ ਹੈ, ਪਰ ਉਸ ਵੀਹ ਫ਼ੀਸਦੀ ਤੋਂ ਕਮਾਇਆ ਪੈਸਾ ਸਰਕਾਰ ਨੇ ਆਵਾਰਾ ਪਸ਼ੂਆਂ 'ਤੇ ਖਰਚ ਨਹੀਂ ਕੀਤਾ।

ਸਵਾਲ ਇਹ ਹੈ ਕਿ ਸਰਕਾਰਾਂ ਅਜਿਹੇ ਕਾਨੂੰਨ ਕਿਉਂ ਨਹੀਂ ਬਣਾਉਂਦੀਆਂ ਕਿ ਪਸ਼ੂ ਪਾਲਕ ਲੋਕ ਪਸ਼ੂਆਂ ਦੇ ਨਾਕਾਰਾ ਹੋਣ 'ਤੇ ਆਪਣੇ ਫ਼ਰਜ਼ ਨਾ ਭੁੱਲ ਜਾਣ। ਸਰਕਾਰ ਪਸ਼ੂਆਂ ਲਈ ਗਊਸ਼ਾਲਾਵਾਂ ਅਤੇ ਹਿਫ਼ਾਜ਼ਤ ਘਰ ਬਣਵਾਏ ਅਤੇ ਨਾਕਾਰਾ ਹੋਏ ਪਸ਼ੂਆਂ ਦਾ ਪਾਲਣ ਪੋਸ਼ਣ ਆਪਣੇ ਘਰਾਂ ਵਿਚ ਕਰਨ ਤੋਂ ਅਸਮਰੱਥ ਲੋਕ ਉਨ੍ਹਾਂ ਦੇ ਪਾਲਣ ਪੋਸ਼ਣ ਦਾ ਖਰਚ ਦੇ ਕੇ ਸਰਕਾਰੀ ਗਊਸ਼ਾਲਾਵਾਂ ਅਤੇ ਪਸ਼ੂਆਂ ਦੇ ਹਿਫ਼ਾਜ਼ਤ ਘਰ ਵਿਚ ਛੱਡ ਕੇ ਆਉਣ। ਇਹ ਉਦੋਂ ਹੀ ਸੰਭਵ ਹੈ ਜਦੋਂ ਹਰ ਪਸ਼ੂ ਦਾ ਰਿਕਾਰਡ ਸਰਕਾਰੀ ਦਫ਼ਤਰਾਂ ਵਿਚ ਹੋਵੇਗਾ, ਨਹੀਂ ਤਾਂ ਕੋਈ ਵੀ ਵਿਅਕਤੀ ਉਦੋਂ ਤੱਕ ਜਾਨਵਰਾਂ ਨੂੰ ਘਰ ਵਿਚ ਰੱਖੇਗਾ ਜਦੋਂ ਤੱਕ ਉਹ ਲਾਭਕਾਰੀ ਹਨ।

**ਲਕਸ਼ਮੀਕਾਂਤਾ ਚਾਵਲਾ**

# ਲੱਦ ਗਏ ਨੇ ਪੂਰ ਵੇ



ਪਾਪਾ ਦਾ ਲਿਖਿਆ ਇਹ ਗੀਤ ਮੈਨੂੰ ਬੇਹੱਦ ਪਸੰਦ ਹੈ- ਤੁਰ ਗਈਆਂ ਬੇੜੀਆਂ ਤੇ, ਲੱਦ ਗਏ ਨੇ ਪੂਰ ਵੇ, ਖ਼ੜੀ ਮੈਂ ਖੜ੍ਹੋਤੀ ਰਹਿਗੀ ਕੰਢੇ ਤੇ ਦੂਰ ਵਾ। ਰਿਸ਼ਤੀਆਂ ਦੀ ਦਾਸਤਾਨ ਵੀ ਕਿੰਨੀ ਖ਼ੂਬਸੂਰਤ ਏ, ਬੇਹੱਦ ਕੀਮਤੀ ਨੇ ਜੀਵਨ ਦੇ ਇਹ ਅਨਮੋਲ ਰੰਗ। ਗਾਹੇ-ਵਿਗਾਹੇ ਸਾਡੇ ਚੇਤਿਆ 'ਚ ਘੁਲ ਕੇ ਸਾਡਾ ਆਪਾਂ ਮਹਿਕਾ ਜਾਂਦੇ ਨੇ। ਭਾਵੇਂ ਕਿ ਮਨ ਉਹਨਾਂ ਖ਼ੂਬਸੂਰਤ ਪਲਾਂ ਨੂੰ ਫੜ੍ਹਨ ਦੀ ਕੋਸ਼ਿਸ਼ ਕਰਦਾ ਹੈ, ਪਰ ਮਹਿਕਾਂ ਕਦੇ ਫੜ ਹੁੰਦੀਆਂ ਨੇ ਭਲਾ ? ਕਦੇ ਸੁਗੰਧਾਂ ਵੀ ਕੈਦ ਹੋਈਆਂ ਨੇ। ਸਮੇਂ ਦੇ ਵਹਿਣਾਂ 'ਚ ਵਹਿ ਚੁੱਕੇ ਇਹ ਅਨਮੋਲ਼ ਖ਼ਜ਼ਾਨੇ ਹੌਲੀ ਹੌਲੀ ਜ਼ਿੰਦਗੀ ਨਾਲ ਤਿਲਕ ਜਾਂਦੇ ਨੇ ਤੇ ਬਣ ਜਾਂਦੇ ਨੇ ਲੰਘੇ ਵਕਤ ਦੇ ਪਰਛਾਵੇਂ। ਪਿੱਛੇ ਰਹਿ ਜਾਂਦੇ ਨੇ ਉਦਰੇਵੇਂ , ਬੀਤੇ ਦੀ ਚੀਸ ਤੇ ਹਰ ਸ਼ੈਅ ਵਿਚੋਂ ਭਾਲਣ ਦੀ ਅਣਥੱਕ ਕੋਸ਼ਿਸ਼ਾਂ ਫਿਰ ਨਹੀਂ ਲੱਭਦੇ ਇਹ ਜੀਵਨ ਦੇ ਸੁਨਹਿਰੀ ਰੰਗ। ਬਸ ਇਹੀ ਜਿੰਦਗੀ ਹੈ ਜਨਾਬ !

ਅਸੀਂ ਉਦੋਂ ਮਾਸਟਰਾਂ ਵਾਲੇ ਘਰ ਕਿਰਾਏ ਤੇ ਰਹਿੰਦੇ ਹੁੰਦੇ ਸੀ। ਵੱਡਾ ਵੀਰਾ ਸ਼ਾਇਦ ਛੇਵੀਂ ਜਾਂ ਸੱਤਵੀਂ ਜਮਾਤ ਵਿੱਚ ਹੋਵੇਗਾ। ਮੈਂ ਦੂਜੀ ਜਮਾਤ ਵਿੱਚ ਸਾਂ। ਸਕੂਲ ਜਾਣ ਨੂੰ ਜੀਅ ਨਾ ਕਰਨਾ। ਗਲੀ ਗੁਆਂਢ ਦੇ ਜੁਆਕਾਂ ਨਾਲ ਖੇਡਣਾ ਬੜਾ ਚੰਗਾ ਲੱਗਣਾ। ਉਨ੍ਹਾਂ ਦਿਨਾਂ ਵਿੱਚ ਸਾਡੀ ਗਲੀ 'ਚ ਲਸਣ ਮੇਥੀ ਵੇਚਣ ਵਾਲਾ ਬਾਬਾ ਆਇਆ ਕਰਦਾ ਸੀ। ਉਸਦੇ ਲੰਬਾ ਸਾਰਾ ਗੋਡਿਆਂ ਤੋਂ ਥੱਲੇ ਤੱਕ ਖੱਦਰ ਦਾ ਕੁੜਤਾ ਪਾਇਆ ਹੋਣਾ, ਉਸਦੇ ਸਾਰੇ ਕੁੜਤੇ ਦੇ ਮੂਹਰੇ ਬੱਚਿਆਂ ਦੇ ਖੇਡਣ ਵਾਲੇ ਨਿੱਕੇ- ਨਿੱਕੇ ਖਿਡੌਣੇ , ਰੰਗ ਬਰੰਗੀਆਂ ਮਿੱਠੀਆਂ ਗੋਲੀਆਂ, ਕੰਘੇ , ਬਕਸੂਏ, ਸੂਈਆਂ ਆਦਿ ਕਿੰਨਾ ਹੀ ਕੁਝ ਟੰਗਿਆਂ ਹੁੰਦਾ। ਬਾਬੇ ਦੀ ਚਿੱਟੀ ਦਾਹੜੀ, ਸਿਰ ਤੇ ਮੁਸਲਮਾਨੀ ਟੋਪੀ ਤੇ ਹੱਥ ਵਿੱਚ ਹਲਕੀ ਜਿਹੀ ਤੂਤ ਦੀ ਛਮਕ ਫੜੀ ਹੁੰਦੀ। ਬਾਬਾ ਹਫ਼ਤੇ ਕੁ ਬਾਅਦ ਆਇਆ ਕਰਦਾ ਸੀ। ਪਹਿਲਾਂ ਤਾਂ ਉਸਦਾ ਪਤਾ ਨਾ ਲੱਗਦਾ ਕਿ ਬਾਬੇ ਨੇ ਕਿਹੜੇ ਦਿਨ ਆਉਣਾ ਹੈ। ਫਿਰ ਹੌਲੀ -ਹੌਲੀ ਪਤਾ ਲੱਗਣ ਲੱਗ ਗਿਆ ਕਿ ਬਾਬਾ ਫਲਾਣੇ ਦਿਨ ਆਵੇਗਾ। ਉਸ ਦਿਨ ਮਨ ਵਿੱਚ ਬਹੁਤ ਖ਼ੁਸ਼ੀ ਹੋਣੀ ਤੇ ਨਾਲ ਹੀ ਢਿੱਡ ਦਰਦ ਹੋਣ ਲੱਗ ਜਾਣਾ। ਸਕੂਲੋਂ ਟਲਣ ਦੇ ਬਹਾਨੇ ਲੱਗਣੇ ਸ਼ੁਰੂ ਹੋ ਜਾਣੇ। ਜਦੋਂ ਸਕੂਲ ਦਾ ਸਮਾਂ ਲੰਘ ਜਾਣਾ ਆਪਾਂ ਫਿਰ ਚੰਗੇ ਭਲੇ ਹੋ ਜਾਣਾ। ਬਾਬੇ ਨੇ ਛੋਟੇ ਬੱਚਿਆਂ ਨੂੰ ਇੱਕ-ਇੱਕ ਮਿੱਠੀ ਗੋਲੀ ਦੇਣਾ ਤੇ ਅਸੀਂ ਖ਼ੁਸ਼ ਹੋ ਜਾਣਾ। ਜਿੱਥੋਂ ਤੱਕ ਗਲੀ ਜਾਂਦੀ ਬਾਬੇ ਦੇ ਮਗਰੇ - ਮਗਰ ਤੁਰੇ ਜਾਣਾ। ਜਿੱਥੇ ਕਿਸੇ ਦੇ ਘਰ ਨੇ ਬਾਬੇ ਤੋਂ ਸਮਾਨ ਲੈਣਾ, ਉਥੇ ਅਸੀਂ ਵੀ ਰੁਕ ਜਾਣਾ। ਜਦੋਂ ਬਾਬਾ ਹੱਸਦਾ ਤਾਂ ਉਸਦੇ ਚਿੱਟੇ ਮੋਤੀਆਂ ਵਰਗੇ ਦੰਦ ਉਸਦੇ ਬੁਢਾਪੇ ਨੂੰ ਖ਼ੂਬਸੂਰਤ ਬਣਾ ਦਿੰਦੇ। ਮੈਂ ਬਾਬੇ ਨੂੰ ਕਦੇ ਕਿਸੇ ਨਾਲ ਉਚੀ ਜਾਂ ਖਰਵੀਂ ਅਵਾਜ਼ 'ਚ ਕਦੇ ਵੀ ਬੋਲਦੇ ਨਹੀਂ ਸੀ ਸੁਣਿਆ। ਹੌਲੀ-ਹੌਲੀ ਮਿੱਠੀਆਂ ਗੋਲੀਆਂ ਵਾਲੇ ਬਾਬੇ ਦਾ ਆਉਣਾ ਘਟ ਗਿਆ। ਹਰ ਰੋਜ਼ ਬੜੀ ਬੇਸਬਰੀ ਨਾਲ ਉਡੀਕਣਾ ਪਰ ਬਾਬਾ ਅੱਜ ਤੱਕ ਕਦੇ ਵੀਂ ਨਾ ਮੁੜਿਆ। ਹੁਣ ਮੈਨੂੰ ਉਹ ਬਾਬਾ ਹਿੰਦੀ ਦੇ ਮਹਾਨ ਲੇਖਕ ਸ਼੍ਰੀ ਮੁਨਸ਼ੀ ਪ੍ਰੇਮ ਚੰਦ ਜੀ ਦੀ ਕਹਾਣੀ 'ਕਾਬਲੀ ਵਾਲਾ' ਦਾ ਪਾਤਰ ਲੱਗਦਾ ਹੈ।

ਕੁਝ ਵਰ੍ਹੇ ਪਹਿਲਾਂ ਦਾਦੀ ਦੱਸਦੀ ਹੁੰਦੀ ਸੀ ਕਿ 'ਭਾਦੋਂ' ਦੇ ਮਹੀਨੇ ਸੇਵੀਆਂ ਘਰੇ ਵੱਟਣੀਆਂ। ਉਦੋਂ ਕਿਹੜੀਆਂ ਮਸ਼ੀਨਾਂ ਹੁੰਦੀਆਂ ਸੀ। ਅਸੀਂ ਤਾਂ ਭਾਈ ਆਂਢ-ਗੁਆਂਢ ਦੀਆਂ ਕੁੜੀਆਂ ਕੱਤਰੀਆਂ ਕੱਠੀਆਂ ਹੋ ਭੁੱਜੇ ਪੱਲੀ ਵਿਛਾ ਤੌੜੇ ਮੂਧੇ ਮਾਰ ਲੈਣੇ ਫਿਰ ਕਰੀਰ ਵੱਢ ਲਿਆਉਣੇ, ਉਦੋਂ ਕਰੀਰ ਬਹੁਤ ਹੁੰਦੇ ਸੀ। ਸੇਵੀਆਂ ਤੌੜਿਆਂ ਤੇ ਵੱਟ- ਵੱਟ ਕਰੀਰੇ ਤੇ ਪਾਈ ਜਾਣੀਆਂ। ਸੋਡੀ ਮਾਸੀ ਜੀਤੋਂ ਆਥਣ ਨੂੰ ਪਸੇਰੀ ਪੱਕਾ ਆਟਾ ਵੱਟ ਦਿੰਦੀ ਸੀ। ਸਮਾਂ ਬਦਲਦਾ ਗਿਆ। ਸਾਡੇ ਵੇਲੇ ਐਤਵਾਰ ਵਾਲੇ ਦਿਨ੍ਹ ਕਿਸੇ ਦੇ ਘਰੋਂ ਘੋੜੀ (ਜ਼ਿੰਦਰੀ -ਸੇਵੀਆਂ ਵੱਟਣ ਵਾਲੀ ਮਸ਼ੀਨ) ਲੈ ਆਉਣੀ ਫਿਰ ਉਸਨੂੰ ਮੰਜੇ ਦੀ ਦੌਣ ਨਾਲ ਚੰਗੀ ਤਰ੍ਹਾਂ ਕਸ ਕੇ ਬੰਨ੍ਹ ਲੈਣਾ, ਤੇ ਨੇੜੇ ਹੀ ਧੁੱਪ ਦੋ ਮੰਜੇ ਮੂਧੇ ਮਾਰਕੇ ਰੱਸੀਆ ਪਾਇਆ ਨਾਲ ਬੰਨ੍ਹ ਲੈਣੀਆਂ ਤੇ ਬਹਿ ਜਾਣਾ ਜ਼ਿੰਦਗੀ ਫੇਰਨ। ਪਹਿਲਾਂ ਤਾਂ ਚਾਰ -ਪੰਜ ਗੇੜੇ ਬੜੇ ਚਾਅ ਨਾਲ ਦੇਣੇ, ਫਿਰ ਜਦੋਂ ਆਟੇ ਨਾਲ ਮਸ਼ੀਨ ਭਾਰੀ ਹੋ ਜਾਣੀ ਰੁਕ-ਰੁਕ ਸਾਰ ਲੈਣਾ। ਸ਼ਾਮ ਹੁੰਦਿਆਂ ਕਿੰਨੀਆਂ ਹੀ ਸੇਵੀਆਂ ਵੱਟ ਦੇਣੀਆਂ। ਆਥਣੇ ਮਾਂ ਨੂੰ ਸੇਵੀਆਂ ਧਰਨ ਲਈ ਕਾਹਲ਼ ਕਰਨੀ। ਮਾਂ ਨੇ ਬਥੇਰਾ ਕਹਿਣਾ ਕਿ ਹਾਲੇ ਸੁੱਕੀਆਂ ਨਹੀਂ,ਹਨ। ਪਰ ਕਦੋਂ ਮਨਣੀ। ਬਸ ਇਹੀ ਹੁੰਦਾ ਕਿ ਹੁਣੇ ਬਣ ਕੇ ਮੂੰਹ 'ਚ ਪੈ ਜਾਣ। ਇਸੇ ਤਰ੍ਹਾਂ ਸਮੇਂ ਦੇ ਬੀਤਣ ਨਾਲ ਸੇਵੀਆਂ ਵੱਡੀਆਂ ਮਸ਼ੀਨਾਂ ਨਾਲ ਵੱਟੀਆਂ ਜਾਣ ਲੱਗੀਆਂ। ਮੇਰੇ ਸਹੁਰੇ ਘਰ ਹਰ ਸਾਲ ਇਕ ਚਾਚਾ ਸੇਵੀਆਂ ਵੱਟਣ ਵਾਲਾ ਆਇਆ ਕਰਦਾ ਸੀ। ਜਦੋਂ ਉਸ ਨੇ ਗਲੀ ਵਿੱਚ ਸਾਡੇ ਘਰ ਦੇ ਮੂਹਰੇ ਆ ਕੇ ਅਵਾਜ਼ ਲਾਉਣੀ ਤਾਂ ਮੈਂ ਝੱਟ ਬਾਹਰ ਆ ਜਾਣਾ ਉਸਨੇ ਕਹਿਣਾ- ਕਿਉਂ ਕੁੜੇ ਸੇਵੀਆਂ ਵਟਾਉਣੀਆਂ ? ਮੇਰੀ ਹਾਂ ਕਰਨ ਤੋਂ ਪਹਿਲਾਂ ਹੀ ਅੰਦਰੋਂ ਬੀਜੀ ਦੀ ਅਵਾਜ਼ ਆ ਜਾਣੀ ਬਾਈ ਜਦੋਂ ਅਗਲੇ ਗੇੜੇ ਆਇਆ ਉਦੋਂ ਵੱਟਾਂ ਲਵਾਂਗੇ, ਹਜੇ ਆਟਾ ਨਹੀਂ ਕੱਪੜਛਾਣ ਕੀਤਾ। ਤਾਂ ਉਸਨੇ ਮੱਲੋ-ਮੱਲੀ ਆਪਣੀ ਪੀਟਰ ਰੇੜ੍ਹੇ ਵਾਲੀ ਮਸ਼ੀਨ ਸਾਡੇ ਵਿਹੜੇ ਵਿੱਚ ਲੈ ਆਉਣੀ ਤੇ ਉੱਚੀ ਅਵਾਜ਼ 'ਚ ਕਹਿਣਾ- ਲਿਆਓ ਕੁੜੇ ਕੁੜੀਓ ਆਟਾ ਮੈਂ ਕੱਪੜਛਾਣ ਕਰ ਲੈਨਾ। ਤੇ ਉਸ ਨੇ ਆਪੇ ਹੀ ਰਸੋਈ 'ਚ ਜਾ ਕੇ ਆਟੇ ਵਾਲੀ ਡਰੰਮੀ ਕੋਲ ਜਾ ਕੇ ਆਪੇ ਹੀ ਛਾਨਣੀ ਨਾਲ ਆਟਾ ਕੱਪੜਛਾਣ ਕਰ ਲੈਣਾ ਤੇ ਆਪ ਹੀ ਵਿੱਚ ਸੂਜੀ ਤੇ ਮੈਦਾ ਮਿਲਾ ਕੇ ਮੰਜਾ ਮੂਧਾ ਮਾਰ ਦੁਆਲੇ ਰੱਸੀਆਂ ਬੰਨ੍ਹ ਦੇਣੀਆਂ ਤੇ ਅੱਧੇ ਘੰਟੇ 'ਚ ਸੇਵੀਆਂ ਵੱਟ ਜਾਣੀਆਂ। ਨਾਲੇ ਗੱਲਾਂ ਸੁਣਾਈ ਜਾਣਾ। ਇਕ ਦਿਨ ਮੈਨੂੰ ਦੇਖ ਬੀਜੀ ਨੂੰ ਕਹਿੰਦਾ ਕੁੜੇ, ਕੁੜੀ ਇਥੇ ਹੀ ਰਹਿੰਦੀ ਆ ? ਸਹੁਰੇ ਚੰਗੇ ਨੀ ਮਿਲੇ ? ਬੀਜੀ ਅੱਗੋਂ ਹੱਸ ਪਈ ਕਹਿੰਦੀ ਨਹੀਂ ਬਾਈ ਇਹ ਤਾਂ ਮੇਰੀ ਨੂੰਹ ਹੈ। ਉਸ ਨੇ ਬੜੀਆਂ ਹੀ ਹੈਰਾਨੀ ਭਰੀਆਂ ਨਜ਼ਰਾਂ ਨਾਲ ਮੈਨੂੰ ਦੇਖਿਆ ਤੇ ਜਾਂਦਾ ਹੋਇਆ ਨਾਲੇ ਮੇਰਾ ਸਿਰ ਪਲੋਸ ਗਿਆ ਤੇ ਨਾਲੇ ਦਸ ਰੁਪਏ ਦੇ ਗਿਆ। ਉਹਦਾ ਆਪੇ ਆ ਕੇ ਇਹ ਸਾਰਾ ਕੰਮ ਕਰਨਾ ਮੈਨੂੰ ਬੜਾ ਚੰਗਾ ਲੱਗਦਾ। ਹੁਣ ਉਸ ਨਾਲ ਮੋਹ ਦੀ ਰਿਸ਼ਤੇਦਾਰੀ ਪੈ ਗਈ ਸੀ। 2017 ਦੀ ਸਾਰੀ ਭਾਦੋਂ ਦਾ ਮਹੀਨਾ ਲੰਘ ਗਿਆ । ਸੇਵੀਆਂ ਵਾਲਾ ਚਾਚਾ ਨਾ ਆਇਆ। ਇਕ ਦਿਨ ਸਰਸਰੀ ਜਿਹੇ ਬੀਜੀ ਨੂੰ ਪੁੱਛਿਆ - ਬੀਜੀ ਸੇਵੀਆਂ ਵਾਲਾ ਚਾਚਾ ਨਹੀਂ ਆਇਆ ਇਸ ਵਾਰ ? ਕਿਸੇ ਹੋਰ ਪਿੰਡ ਚਲਿਆ ਗਿਆ ਹੋਵੇਗਾ, ਨਹੀਂ ਟਾਈਮ ਲੱਗਿਆ ਹੋਣਾ। ਗੱਲ ਆਈ ਗਈ ਹੋ ਗਈ। ਕੁਝ ਦਿਨਾਂ ਬਾਅਦ ਗਲੀ ਚੋ ਸੇਵੀਆਂ ਵੱਟਣ ਵਾਲੇ ਦੀ ਆਵਾਜ਼ ਆਈ। ਮੈਂ ਭੱਜ ਕੇ ਬਾਹਰ ਗਈ। ਉਹੀ ਮਸ਼ੀਨ, ਉਹੀ ਪੀਟਰ ਰੇਹੜਾ, ਪਰ ਚਾਚਾ ਨਹੀਂ ਸੀ। ਚਾਚੇ ਦੀ ਥਾਂ ਬਾਈ, ਤੇਈ ਸਾਲਾਂ ਦਾ ਮੁੰਡਾ, ਹੋਕਾ ਦੇ ਰਿਹਾ ਸੀ। ਬੀਜੀ ਨੇ ਪੁੱਛਿਆ ਵੇ ਮੁੰਡਿਆਂ ਇਕ ਹੋਰ ਬਾਈ ਆਉਂਦਾ ਹੁੰਦਾ ਸੀ। ਇਹੀ ਰੇੜੀ ਲੈ ਕੇ, ਉਹ ਨਹੀਂ ਆਉਂਦਾ , ਹੁਣ ਦੋ ਸਾਲ ਹੋ ਗਏ। ਮੁਸ਼ਕੀ ਜਿਹੇ ਮੁੰਡੇ ਦੀਆਂ ਅੱਖਾਂ ਭਰ ਆਈਆਂ ਤੇ ਆਵਾਜ਼ ਗਲੇ 'ਚ ਲਟਕ ਗਈ ਮੱਸਾ ਹੀ ਬੋਲ ਪਾਇਆ। ਜੀ ਉਹ ਤਾਂ ਮੇਰਾ ਪਿਓ ਸੀ, ਦੋ ਸਾਲ ਹੋ ਗਏ ਦੁਰਘਟਨਾ 'ਚ ਮਰ ਗਿਆ। ਕਹਿੰਦਿਆਂ ਉਸ ਸਾਂਵਲੇ ਜਿਹੇ ਮੁੰਡੇ ਦਾ ਗਲ ਭਰ ਆਇਆ। ਉਸ ਦਿਨ ਨਾ ਹੀ ਕਿਸੇ ਨੇ ਸਾਡੇ ਵਿਹੜੇ ਵਿੱਚ ਮਸ਼ੀਨ ਲਿਆਂਦੀ ਤੇ ਨਾਂ ਹੀ ਸੇਵੀਆਂ ਵੱਟੀਆਂ। ਕਿਸੇ ਸ਼ਾਇਰ ਨੇ ਕਿੰਨਾ ਖ਼ੂਬਸੂਰਤ ਲਿਖਿਆ ਏ ਕਿ ਹਰ ਜਗ੍ਹਾ ਇਤਰ ਹੀ ਨਹੀਂ ਮਹਿਕਾ ਕਰਤੇ, ਕਭੀ-ਕਭੀ ਸ਼ਖ਼ਸੀਅਤ ਭੀ ਖ਼ੁਸ਼ਬੂ ਦੇ ਜਾਤੀ ਹੈ।

**ਅੰਮ੍ਰਿਤਪਾਲ ਕੌਰ**
**9915780980**

# ਸ਼ੌਕ ਉੱਚੇ ਨੇ ਮੇਰੇ, ਜ਼ਮੀਨ ਤੋਂ ਦੂਰ ਆਸਮਾਨ ਨੂੰ ਛੂਹਣ ਦੇ !






ਭਾਵੇਂ ਹੀ ਮਨੁੱਖ ਜ਼ਮੀਨ 'ਤੇ ਰਹਿੰਦਾ ਹੈ ਅਤੇ ਜ਼ਮੀਨ 'ਤੇ ਰਹਿ ਕੇ ਉਹ ਕਈ ਕੰਮ ਕਰਦਾ ਹੈ, ਪਰ ਆਸਮਾਨ ਦੇ ਵਿੱਚ ਉੱਡਣ ਲਈ ਉਸ ਨੂੰ ਹੋਰਨਾਂ ਲੋਕਾਂ ਤੋਂ ਕੁਝ ਵੱਖਰਾ ਹੀ ਕਰਨਾ ਪੈਂਦਾ ਹੈ। ਜ਼ਮੀਨ ਤੋਂ ਦੂਰ ਆਸਮਾਨ ਨੂੰ ਛੂਹਣ ਦੇ ਜੋ ਸੁਪਨੇ ਲੈਂਦੇ ਹਨ, ਉਹ ਇੱਕ ਦਿਨ ਜ਼ਰੂਰ ਕਾਮਯਾਬ ਹੋ ਜਾਂਦੇ ਹਨ। ਅਸੀਂ ਭਾਵੇਂ ਹੀ 21ਵੀਂ ਸਦੀ ਵਿੱਚ ਅੱਜ ਪਹੁੰਚ ਚੁੱਕੇ ਹਾਂ, ਪਰ ਸਾਡੇ ਭਾਰਤੀ ਲੋਕ ਹਾਲੇ ਵੀ ਪਾਖੰਡਵਾਦ ਦੇ ਵਿੱਚ ਫਸੇ ਪਏ ਹਨ ਅਤੇ ਉਹ ਆਪਣੇ ਸ਼ੌਂਕਾਂ ਨੂੰ ਪਾਖੰਡਵਾਦ ਦੇ ਵਿੱਚ ਹੀ ਖ਼ਤਮ ਕਰ ਰਹੇ ਹਨ। ਕਈ ਲੋਕ ਇਸ ਦੁਨੀਆ 'ਤੇ ਅਜਿਹੇ ਵੀ ਹੁੰਦੇ ਹਨ, ਜੋ ਪਾਖੰਡਵਾਦ ਤੋਂ ਦੂਰ ਰਹਿ ਕੇ ਆਪਣਾ ਅਜਿਹਾ ਕਾਰਜ ਕਰਦੇ ਹਨ, ਜਿਨ੍ਹਾਂ ਨੂੰ ਦੁਨੀਆ ਸਲਾਉਂਦੀ ਹੀ ਨਹੀਂ ਥੱਕਦੀ। ਅਜਿਹੀ ਹੀ ਇੱਕ ਸ਼ਖਸੀਅਤ ਹੈ 14 ਸਾਲਾਂ ਅਕਾਸ਼ਦੀਪ। ਜਿਵੇਂ ਕਿ ਅਕਾਸ਼ਦੀਪ ਦਾ ਨਾਂਅ ਹੀ ਉੱਚੀਆਂ ਉਡਾਰੀਆਂ ਮਾਰਨ ਵਾਲਾ ਹੈ, ਬਿਲਕੁਲ ਉਸੇ ਤਰ੍ਹਾਂ ਅਕਾਸ਼ ਦੇ ਕੰਮ ਵੀ ਆਸਮਾਨ ਨੂੰ ਛੂਹਣ ਵਾਲੇ ਹੀ ਹਨ। ਅਕਾਸ਼ਦੀਪ ਭਾਵੇਂ ਹੀ ਉਮਰ ਵਿੱਚ ਕਾਫ਼ੀ ਜ਼ਿਆਦਾ ਛੋਟਾ ਹੈ, ਪਰ ਇਹ ਕੰਮ ਅਜਿਹੇ ਕਰ ਰਿਹਾ ਹੈ, ਜਿਸਦੇ ਨਾਲ ਇਲਾਕੇ ਵਿੱਚ ਅਕਾਸ਼ ਦੀ ਵਾਹ-ਵਾਹ ਹੋ ਰਹੀ ਹੈ। ਦਰਅਸਲ, ਪਿੰਡ ਮਲਕਾਣਾ ਜ਼ਿਲ੍ਹਾ ਬਠਿੰਡਾ ਤਹਿਸੀਲ ਤਲਵੰਡੀ ਸਾਬੋ ਦੇ ਰਹਿਣ ਵਾਲੇ ਅਕਾਸ਼ਦੀਪ ਸਿੰਘ ਦਾ ਪਿਤਾ ਸੱਦਾ ਸਿੰਘ ਜੋ ਕਿ ਮਿਸਤਰੀ ਦਾ ਕੰਮ ਕਰਦਾ ਹੈ। ਅਕਾਸ਼ਦੀਪ ਸਟਾਰ ਪਲੱਸ ਕਾਨਵੈਂਟ ਸਕੂਲ ਰਾਮਾ ਮੰਡੀ ਵਿਖੇ 9ਵੀਂ ਜਮਾਤ ਵਿੱਚ ਪੜ੍ਹਦਾ ਹੈ। ਦੱਸਿਆ ਜਾਂਦਾ ਹੈ ਕਿ ਅਕਾਸ਼ਦੀਪ ਆਪਣੇ ਨਾਂਅ ਦੇ ਵਾਂਗੂ ਹੀ ਸੋਹਣੇ ਆਰਟ ਤਿਆਰ ਕਰਕੇ ਲੋਕਾਂ ਮੂਹਰੇ ਪੇਸ਼ ਕਰਦਾ ਹੈ। ਜਿਹੜਾ ਵੀ ਵਿਅਕਤੀ ਇੱਕ ਵਾਰ ਅਕਾਸ਼ਦੀਪ ਦੀ ਆਰਟ ਵੇਖ ਲੈਂਦਾ ਹੈ, ਬਸ ਉਸਦੀ ਆਰਟ ਦਾ ਦੀਵਾਨਾ ਹੋ ਜਾਂਦਾ ਹੈ। ਅਕਾਸ਼ਦੀਪ ਦੇ ਦੱਸਣ ਮੁਤਾਬਿਕ ਉਸ ਨੂੰ ਬਚਪਨ ਤੋਂ ਹੀ ਆਰਟ ਵਰਕ ਕੰਮ ਕਰਨ ਦਾ ਸ਼ੌਂਕ ਸੀ ਅਤੇ ਉਹ ਆਪਣੇ ਬਚਪਨ ਵਿੱਚ ਹੀ ਪਿਤਾ ਜੀ ਦੇ ਨਾਲ ਦੁਕਾਨ 'ਤੇ ਚੱਲਿਆ ਜਾਂਦਾ ਸੀ। ਅਕਾਸ਼ਦੀਪ ਨੂੰ ਜਿੱਥੇ ਪਿਤਾ ਵੱਲ ਵੇਖ ਕੇ ਆਰਟ ਵਰਕ ਕਰਨ ਦਾ ਸ਼ੌਂਕ ਪੈ ਗਿਆ। ਅਕਾਸ਼ਦੀਪ ਦੱਸਦੇ ਹਨ ਕਿ ਉਹ ਹੁਣ ਤੱਕ ਲਗਭਗ 9,10 ਦੇ ਕਰੀਬ ਪੈਨਸਿਲ ਮਾਈਕਰੋ ਬਣਾ ਚੁੱਕਾ ਹੈ ਅਤੇ ਕਰੀਬ 19/20 ਚੀਜ਼ਾਂ ਦੇ ਲੱਕੜ ਦੇ ਵਿਰਸੇ ਦੇ ਮਾਡਲ ਬਣਾ ਚੁੱਕਾ ਹੈ। ਕੁਝ ਕੁ ਪੰਜਾਬੀ ਸਾਹਿਤ ਕਿਤਾਬਾਂ ਦੇ ਮਾਡਲ ਵੀ ਬਣਾਏ ਗਏ ਹਨ। ਦੱਸਿਆ ਜਾਂਦਾ ਹੈ ਕਿ ਅਕਾਸ਼ਦੀਪ ਸਿੰਘ ਦਾ ਨਾਂਅ ਹੁਣ ਲਿਮਕਾ ਬੁੱਕ ਵਿੱਚ ਦਰਜ ਹੋ ਚੁੱਕਿਆ ਹੈ। ਪੂਰੀ ਦੁਨੀਆ ਵਿੱਚ ਮਸ਼ਹੂਰ ਇੱਕ ਆਰਟਿਸਟ ਨੇ ਕਰੀਬ 2 ਮਾਈਕਰੋ ਬਣਾਏ ਸੀ, ਜੋ ਕਿ 0.12 ਐਮਐਮ ਸਿਕੇ 'ਤੇ, 3 ਸੀਐਮ ਦੀ ਪੈਨਸਿਲ ਤੇ ਬਣਾਈ ਹੈ, ਪਰ ਅਕਾਸ਼ਦੀਪ ਨੇ ਉਹ ਹੀ ਟ੍ਰੇਨ ਕੇਵਲ 0.2 ਐਮ.ਐਮ ਦੇ ਸਿੱਕੇ ਅਤੇ 1.6 ਸੀਐਮ ਦੀ ਪੈਨਸਿਲ ਤੇ ਬਣਾਈ ਹੈ। ਅਕਾਸ਼ਦੀਪ ਦੱਸਦੇ ਹਨ ਕਿ ਉਸਦਾ ਸੁਪਨਾ ਹੈ ਕਿ ਉਸਦਾ ਨਾਂਅ ਗਿਨੀਜ਼ ਵਰਲਡ ਰਿਕਾਰਡ ਵਿੱਚ ਦਰਜ ਹੋਵੇ ਅਤੇ ਉਹ ਇਸ ਆਰਟ ਲਾਈਨ ਵਿੱਚ ਹੀ ਆਪਣਾ ਨਾਂਅ ਬਣਾਉਣਾ ਚਾਹੁੰਦਾ ਹੈ। ਅਕਾਸ਼ਦੀਪ ਦੇ ਦੱਸਣ ਮੁਤਾਬਿਕ ਉਹ ਆਪਣੀਆਂ ਕਲਾਕਿਰਤੀਆਂ ਲੋਕਾਂ ਤੱਕ ਸੋਸ਼ਲ ਸਾਈਟਸ ਜਿਵੇਂ ਕਿ ਫੇਸਬੁੱਕ ਆਦਿ ਰਾਹੀਂ ਪਹੁੰਚਾਉਂਦਾ ਹੈ। ਇਸ ਖੇਤਰ ਵਿੱਚ ਫੇਸਬੁੱਕ ਮੇਰੇ ਲਈ ਇੱਕ ਬਹੁਤ ਵਧੀਆ ਪਲੇਟਫਾਰਮ ਸਿੱਧ ਹੋਇਆ ਹੈ। ਫੇਸਬੁੱਕ ਰਾਹੀਂ ਨਾ ਕੇਵਲ ਮੇਰੀਆਂ ਕਲਾਕਿਰਤੀਆਂ ਸਾਰਿਆਂ ਤੱਕ ਪਹੁੰਚਦੀਆਂ ਹਨ, ਬਲਕਿ ਇਸ ਰਾਹੀਂ ਮੈਨੂੰ ਸੂਝਵਾਨ ਦੋਸਤ ਵੀ ਮਿਲੇ ਹਨ, ਜਿਨ੍ਹਾਂ ਨੇ ਮੈਨੂੰ ਆਪਣੀ ਆਰਟ ਨੂੰ ਅੱਗੇ ਵਧਾਉਣ ਦਾ ਹੌਸਲਾ ਦਿੱਤਾ ਹੈ।

**ਅਮਨਪ੍ਰੀਤ ਕੌਰ**

# ਅਸੀਂ ਵੀ ਜੱਟ ਹੁੰਦੇ ਸੀ

ਤਾਈ ਅਮਰੋ ਵਾੜੇ ਵਿੱਚ ਗੋਹਾ ਪੱਥ ਰਹੀ ਸੀ।ਥੋੜੀ ਥੋੜੀ ਧੁੱਪ ਮੁੜਕਾ ਤਾਈ ਦੇ ਮੂੰਹ ਤੋਂ ਚੋ ਰਿਹਾ ਸੀ।ਚੁੰਨੀ ਦਾ ਮੜਾਸਾ ਮਾਰਿਆ ਹੋਇਆ ਸੀ।ਓਹਦੇ ਕੋਲ ਨਿੰਮ ਦੀ ਛਾਂ ਹੇਠ ਗਹਾਰੇ ਦੇ ਕੋਲ ਓਹਦਾ ਪੋਤਾ ਬੈਠਾ ਸੀ।ਜੋ ਓਥੇ ਨੇੜੇ ਹੀ ਇੱਕ ਬਹੁਤ ਵੱਡੀ ਕੋਠੀ ਪਾਈ ਹੋਈ ਸੀ।ਜੋ ਵੇਖਣ ਵਿੱਚ ਕਿਸੇ ਰਾਜੇ ਦੇ ਮਹਲ ਤੋਂ ਘੱਟ ਨਹੀਂ ਸੀ।ਉਸਦੀ ਛੱਤ ਤੇ ਫੋਰਡ ਟਰੈਕਟਰ ਖੜ੍ਹਾ ਸੀ।ਪੋਤਾ ਤਾਈ ਦਾ ਉਸ ਵੱਲ ਵੇਖੀ ਜਾ ਰਿਹਾ ਸੀ।ਤਾਈ ਦੀ ਨਿਗ੍ਹਾ ਵੀ ਪੋਤੇ ਵੱਲ ਹੋ ਜਾਂਦੀ ਸੀ।ਓਹ ਵੀ ਓਹਨੂੰ ਵੇਖਦੀ ਕਿ ਇਹ ਕਿਧਰ ਵੇਖ ਰਿਹਾ ਹੈ।ਪੋਤਾ ਬੋਲਦਾ ਬੇਬੇ ਓਹ ਕੋਠੀ ਕਿੰਨੀ ਸੋਹਣੀਆ ।ਉਪਰ ਖੜ੍ਹਾ ਟਰੈਕਟਰ ਵੀ ਬਹੁਤ ਸੋਹਣਾ ਲਗਦਾ ਹੈ।ਬੂਲੈਟ ਲੈ ਕੇ ਅੰਦਰ ਵੜਿਆ ਮੁੰਡਾ।ਅੰਦਰ ਇੱਕ ਗੱਡੀ ਖੜੀ ਹੈ।ਬੇਬੇ ਇਹ ਸਭ ਤੋਂ ਅਮੀਰ ਹੋਣਗੇ ਆਪਣੇ ਪਿੰਡੋਂ।ਬੇਬੇ ਗੌਰ ਨਾਲ ਗੱਲਾਂ ਸੁਣਦੀ ਰਹੀ।ਆਪਣਾ ਕੰਮ ਕਰਦੀ ਰਹੀ।ਬੇਬੇ ਇਹ ਆਪਣੇ ਕਾਹਤੋਂ ਨਹੀਂ ਹੈ।ਆਪਣੇ ਕਾਹਤੋਂ ਨਹੀਂ ਜਮੀਨ ਹੈਗੀ।ਆਪਾਂ ਕਦੋਂ ਕੋਠੀ ਪਾਵਾਂਗੇ,ਬੂਲੈਟ ਗੱਡੀ ਲੈ ਕੇ ਆਵਾਂਗੇ।ਆਪਣੇ ਆਹੀ ਦੋ ਕਮਰੇ ਨੇ ਬਸ।ਉਂਝ ਆਪਾਂ ਕਹਾਉਂਦਿਆ ਜੱਟ ਬਾਪੂ ਮੇਰਾ ਦਿਹਾੜੀ ਜਾਂਦਾ ।ਡੈਡੀ ਮੇਰਾ ਵੀ ਕਿਸੇ ਦੁਕਾਨ ਤੇ ਲੱਗਿਆ ਹੋਇਆ।

ਬੇਬੇ ਚੁੱਪ ਚਾਪ ਭਰੇ ਜਿਹੇ ਮਨ ਨਾਲ ਓਹ ਨਿਆਣੇ ਦੀਆਂ ਗੱਲਾਂ ਸੁਣ ਰਹੀ ਸੀ।ਬੇਬੇ ਦੱਸਦੇ ਕੁੱਝ ਬੋਲਦੀ ਕਾਹਤੋਂ ਨਹੀਂ।ਬੇਬੇ ਬੋਲਦੀਆ ਪੁੱਤ ਕੀ ਦੱਸਾਂ ਆਪਣੇ ਵੀ ਜਮੀਨ ਸੀ।ਟਰੈਕਟਰ ਟਰਾਲੀ ਸਾਰੇ ਸੰਦ ਸੀ।ਆਪਾਂ ਵੀ ਖੇਤੀ ਕਰਦੇ ਹੁੰਦੇ ਸੀ।ਸਿਓਂ ਸਿਓਂ ਹੁੰਦੀ ਸੀ।ਤੇਰੇ ਬਾਪੂ ਨੇ ਦਿਨ ਰਾਤ ਇੱਕ ਕਰਕੇ ਖੁੱਡ ਖੁੱਡ ਜੋੜੀ ਸੀ।ਰੱਜਕੇ ਖਾਦਾ ਨਾ ਪੀਤਾ।ਨਾ ਮਨ ਪਸੰਦ ਦਾ ਪਹਿਨਿਆ।ਮਿੱਟੀ ਨਾਲ ਮਿੱਟ ਹੁੰਦਾ ਰਿਹਾ।ਪਰ ਤੇਰੇ ਪਿਓ ਨੇ ਕਦਰ ਨਾ ਪਾਈ ਮਿਹਨਤ ਦੀ।ਪੜ੍ਹਾਈ ਦੇ ਬਹਾਨੇ ਕਾਲਜ ਜਾਂਦਾ ਰਿਹਾ।ਕੁੱਝ ਨਹੀਂ ਪੜ੍ਹਿਆ ਮਾੜੀ ਸੰਗਤ ਚ ਰਲ ਗਿਆ।ਨਸ਼ੇ ਕਰਨ ਲੱਗ ਗਿਆ।ਜਮੀਨ ਵੇਚ ਕੇ ਕੋਠੀ ਪਾਈ ਕਿ ਸਾਰੇ ਪਿੰਡ ਤੋਂ ਸੋਹਣੀ ਕੋਠੀ ਪਾਉਂਣੀਆਂ।ਬੜਾ ਸਮਝਾਇਆ ਕਿ ਨਾ ਪੁੱਤ ਆਪਾਂ ਨੇ ਕੀ ਕਰਨੀਆਂ ਕੋਠੀ ਛੋਟਾ ਜਿਹਾ ਘਰ ਪਾ ਲੈਨਿਆ।ਪਰ ਪੁੱਤ ਓਹ ਨਾ ਮੰਨਿਆ ਜਮੀਨ ਵੇਚ ਕੇ ਕੋਠੀ ਪਾਈ।ਬੂਲੈਟ ਤੇ ਗੇੜੇ ਦਿੰਦਾ ਰਹਿੰਦਾ ਸੀ।ਮੁੱਛਾਂ ਹੀ ਠੀਕ ਨਾ ਆਈਆਂ।ਤੇਰੀਆਂ ਭੂਆ ਦਾ ਵਿਆਹ ਕੀਤਾ ।ਓਹ ਵੀ ਜਮੀਨ ਵੇਚਕੇ ਕੀਤਾ।ਤੇਰੇ ਪਿਓ ਦਾ ਕੀਤਾ ਓਹ ਵੀ ਜਮੀਨ ਵੇਚ ਕੇ ਅਖੇ ਕਲਾਕਾਰ ਲਵਾਓਂਣਾ।ਖੁੱਡ ਖੁੱਡ ਜੋੜੀ ਤੇ ਬਾਪੂ ਨੇ ਖੁੱਡ ਖੁੱਡ ਕਰਕੇ ਸਿਗਰਟ ਦੇ ਧੂਏ ਵਾਂਗ ਉਡਾ ਦਿੱਤੀ।ਕਦੇ ਕਿਸੇ ਨਾਲ ਲੜ ਪਿਆ ਕਰੇ ਕਦੇ ਕਿਸੇ ਨਾਲ ।ਅਖੇ ਮੈਂ ਵੈਲੀ ਹਾਂ।ਕਿੰਨੀ ਵਾਰ ਜੇਲ ਗਿਆ।ਦੁੱਧ ਪੀਣ ਨੂੰ ਰੱਖੀ ਮੱਝ ਵੇਚ ਕੇ ਜਮਾਨਤ ਤੇ ਲਿਆਂਦਾ।ਆਕੇ ਬਲੈਕ ਚ ਫੜਿਆ ਗਿਆ।ਕਿੰਨਾ ਸਮਾਂ ਫਿਰ ਅੰਦਰ ਰਿਹਾ।ਜਦ ਨਸ਼ੇ ਪੱਤੇ ਤੇ ਵੈਲਪੁਣੇ ਚ ਸਭ ਕੁੱਝ ਵਿਕ ਗਿਆ।ਰਹਿੰਦੀ ਜਮੀਨ ਗਹਿਣੇ ਹੋ ਗਈ।ਬੈਂਕ ਤੋਂ ਕਰਜ਼ਾ ਲਿਆ ਸੀ।ਓਹ ਵੀ ਵਾਪਸ ਨਾ ਹੋਇਆ ।ਆੜਤੀਆ ਨਿੱਤ ਭਰੀ ਪੰਚਾਇਤ ਚ ਬੇਇੱਜ਼ਤੀ ਕਰਕੇ ਜਾਂਦਾ ਸੀ।ਰਿਸਤੇਦਾਰ ਘੱਟ ਆਓਂਦੇ ਸੀ।ਜਿਸਦੇ ਆਪਾਂ ਪੈਸੇ ਦੇਣੇ ਸੀ।ਓਹ ਲੋਕ ਵੱਧ ਆਓਂਦੇ ਸੀ।ਟਰੈਕਟਰ ਖੇਤੀ ਦੇ ਸੰਦ ਸਭ ਵਿਕਗੇ।ਤੇਰੇ ਪਿਓ ਦੀ ਫੁਕਰਬਾਜੀ ਵੱਧਦੀ ਸੀ।ਤੇ ਘਰੇ ਗਰੀਬੀ ਵੱਧਦੀ ਜਾਂਦੀ ਸੀ।ਜਦ ਕਰਜ਼ਾ ਹੱਦੋਂ ਵੱਧ ਚੜ ਗਿਆ।ਪੁੱਤ ਇਹ ਕੋਠੀ ਆੜਤੀਏ ਨੂੰ ਵੇਚਣੀ ਪਈ।ਆਪਾਂ ਨੂੰ ਫਿਰ ਆਹ ਪਸੂਆਂ ਵਾਲੇ ਵਾਗਲ ਚ ਰਹਿਣਾ ਪਿਆ।ਅੱਜ ਤੇਰੇ ਪਿਓ ਦੀ ਹੋਸਬਾਜੀ ਨੇ ਆਹ ਹਲਾਤਾਂ ਚ ਲਿਆ ਦਿੱਤੇ।ਤੇਰਾ ਪਿਓ ਸੰਗ ਮੰਨਦਾ ਦਿਹਾੜੀ ਜਾਂਦਾ।ਸ਼ਹਿਰ ਕਿਸੇ ਦੁਕਾਨ ਤੇ ਲੱਗਿਆ ਹੋਇਆ।ਤੇਰਾ ਬਾਪੂ ਮਿਸਤਰੀਆਂ ਨਾਲ ਦਿਹਾੜੀ ਜਾਂਦਾ।ਕਦੇ ਆਪਣੇ ਵੀ ਜਮੀਨ ਸੀ।ਆਪਣੇ ਵੀ ਕੋਠੀ ਸੀ।ਆਪਣੇ ਵੀ ਲੋਕ ਦਿਹਾੜੀ ਤੇ ਆਓਂਦੇ ਸੀ।ਪੁੱਤ ਆਪਾਂ ਵੀ ਕਦੇ ਜੱਟ ਹੁੰਦੇ ਸੀ।ਇਹ ਕਹਿ ਕੇ ਤਾਈ ਲੈ ਪੋਤੇ ਨੂੰ ਮੜਾਸੇ ਸਮੇਤ ਚੁੱਕ ਬੱਠਲ ਭਰੇ ਮਨ ਨਾਲ ਘਰ ਨੂੰ ਤੁਰ ਪਈ।

**ਮੱਖਣ ਸ਼ੇਰੋਂ ਵਾਲਾ**
**ਸੰਪਰਕ 98787-98726**



# ਬੰਦੀ ਸਿੰਘਾਂ ਦੀ ਰਿਹਾਈ ਤੇ ਰਾਜਨੀਤੀ




ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਲਈ ਪਿਛਲੇ ਕਿੰਨੇ ਹੀ ਸਾਲਾਂ ਤੋਂ ਸੰਘਰਸ਼ ਚੱਲਦਾ ਆ ਰਿਹਾ ਹੈ। ਸਾਲ 2013 ਵਿਚ ਇਕ ਸਿੱਖ ਗੁਰਬਖ਼ਸ਼ ਸਿੰਘ ਵੱਲੋਂ ਮੁਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਵਿਖੇ ਸਿੱਖ ਕੈਦੀਆਂ ਦੀ ਰਿਹਾਈ ਲਈ 44 ਦਿਨ ਲੰਮੀ ਭੁੱਖ ਹੜਤਾਲ ਕੀਤੀ ਗਈ ਸੀ, ਜਿਸ ਨਾਲ ਇਹ ਮਾਮਲਾ ਕਾਫੀ ਤੂਲ ਫੜ ਗਿਆ ਸੀ। ਬਾਅਦ ਵਿਚ ਇਸੇ ਮੁੱਦੇ ਉਤੇ ਇਕ ਬਜ਼ੁਰਗ ਸੂਰਤ ਸਿੰਘ ਖਾਲਸਾ ਦੀ ਲੰਮੀ ਭੁੱਖ ਹੜਤਾਲ ਵੀ ਸਮੇਂ-ਸਮੇਂ ਉਤੇ ਸੁਰਖੀਆਂ ਵਿਚ ਆਉਂਦੀ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਫੜਨ ਅਤੇ ਬਹਿਬਲ ਕਲਾਂ ਗੋਲੀ ਕਾਂਡ ਵਿਚ ਨਿਆਂ ਦੀ ਮੰਗ ਨੂੰ ਲੈ ਕੇ ਸ਼ੁਰੂ ਹੋਏ ਬਰਗਾੜੀ ਮੋਰਚੇ ਦੀਆਂ ਮੁੱਖ ਮੰਗਾਂ ਦੇ ਨਾਲ ਹੀ ਲੰਮੇ ਸਮੇਂ ਤੋਂ ਜੇਲ੍ਹਾਂ ਵਿਚ ਬੰਦ ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਦੀ ਮੰਗ ਵੀ ਪ੍ਰਮੁੱਖ ਸੀ। ਸਿੱਖ ਬੰਦੀਆਂ ਦੀ ਰਿਹਾਈ ਦਾ ਮੁੱਦਾ ਜਿਥੇ ਮਾਨਵੀ ਅਧਿਕਾਰਾਂ ਨਾਲ ਜਾ ਜੁੜਦਾ ਹੈ, ਉਥੇ ਹੀ ਭਾਰਤ ਦੇਸ਼ ਦੇ ਨਿਆਂਇਕ ਢਾਂਚੇ ਉਤੇ ਵੀ ਸਵਾਲ ਖੜ੍ਹੇ ਕਰ ਰਿਹਾ ਹੈ। ਭਾਰਤ ਵਿਚ ਅਦਾਲਤਾਂ ਦੇ ਵੱਖ-ਵੱਖ ਘੱਟ ਗਿਣਤੀਆਂ ਪ੍ਰਤੀ ਪੱਖਪਾਤ ਵਾਲੇ ਰਵੱਈਏ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਹਨ। ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਨੂੰ ਨਾ-ਸਿਰਫ ਜੇਲ੍ਹਾਂ ਵਿਚ ਬੰਦ ਰੱਖਣਾ, ਸਗੋਂ ਪੈਰੋਲ ਤਕ ਦੀ ਇਜਾਜ਼ਤ ਵੀ ਨਾ ਦੇਣਾ, ਇਸ ਪੱਖਪਾਤ ਦੀ ਉਘੜਵੀਂ ਮਿਸਾਲ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਇਸ ਮੁੱਦੇ ਨੂੰ ਲੈ ਕੇ ਸੰਘਰਸ਼ਸ਼ੀਲ ਸਿੱਖ ਜਥੇਬੰਦੀਆਂ ਦੇ ਦਬਾਅ ਕਾਰਨ ਪਹਿਲਾਂ ਕੁਝ ਸਿੱਖ ਬੰਦੀਆਂ ਦੀਆਂ ਜੇਲ੍ਹਾਂ ਤਬਦੀਲ ਕਰ ਕੇ ਉਨ੍ਹਾਂ ਨੂੰ ਪੰਜਾਬ ਲਿਆਂਦਾ ਗਿਆ ਸੀ। ਕੁਝ ਨੂੰ ਛੁੱਟੀਆਂ ਮਿਲੀਆਂ ਤੇ ਪੈਰੋਲ ਵੀ ਸ਼ੁਰੂ ਹੋਈ। ਹੁਣ ਕਿਤੇ ਜਾ ਕੇ ਭਾਰਤ ਦੀ ਕੇਂਦਰ ਸਰਕਾਰ ਨੇ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਸਜ਼ਾਵਾਂ ਭੁਗਤ ਰਹੇ ਸਿੱਖ ਕੈਦੀਆਂ ਨੂੰ ਰਿਹਾਅ ਕਰਨ ਅਤੇ ਫ਼ਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਨ ਦਾ ਫ਼ੈਸਲਾ ਕੀਤਾ ਹੈ। ਸਰਕਾਰ ਵੱਲੋਂ ਭਾਵੇਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਦੇ ਮੌਕੇ ਇਨਸਾਨੀਅਤ ਦੇ ਨਾਤੇ ਇਹ ਫ਼ੈਸਲਾ ਲਿਆ ਗਿਆ, ਕਿਹਾ ਜਾ ਰਿਹਾ ਹੈ ਪਰ ਇਸ ਮਾਮਲੇ ਦੇ ਵੱਡੀ ਗਿਣਤੀ ਸਿੱਖਾਂ ਦੇ ਜਜ਼ਬਾਤ ਨਾਲ ਜੁੜੇ ਹੋਣ ਕਰ ਕੇ ਰਾਜਨੀਤੀ ਦੀ ਖੇਡ ਵੀ ਬ-ਦਸਤੂਰ ਖੇਡੀ ਜਾ ਰਹੀ ਹੈ। ਪੰਜਾਬ ਵਿਚ ਭਾਰਤੀ ਜਨਤਾ ਪਾਰਟੀ, ਅਕਾਲੀ ਦਲ ਬਾਦਲ ਤੇ ਕਾਂਗਰਸ ਆਦਿ ਪਾਰਟੀਆਂ ਵੱਲੋਂ ਸਿੱਖ ਬੰਦੀਆਂ ਦੀ ਰਿਹਾਈ ਦਾ ਸਿਹਰਾ ਆਪੋ-ਆਪਣੇ ਸਿਰ ਬੰਨ੍ਹਣ ਲਈ ਹਾਲ-ਪਾਹਰਿਆ ਕੀਤੀ ਜਾ ਰਹੀ ਹੈ। ਅਜਿਹੇ ਵਿਚ ਇਨਸਾਫ-ਪਸੰਦ ਲੋਕਾਂ ਤੇ ਸਿੱਖ ਕੌਮ ਲਈ ਇਹ ਜਾਨਣਾ ਬੇਹੱਦ ਜ਼ਰੂਰੀ ਹੈ ਕਿ ਵਾਕਈ ਇਹ ਸਿਆਸੀ ਧਿਰਾਂ ਸਿੱਖ ਕੈਦੀਆਂ ਦੀ ਰਿਹਾਈ ਲਈ ਕਿਸੇ ਸ਼ਾਬਾਸ਼ੀ ਦੀਆਂ ਹੱਕਦਾਰ ਹਨ?

ਇਸ ਗੱਲ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ ਕਿ ਲੰਮੇ ਸਮੇਂ ਤੋਂ ਬਿਨਾ ਕਿਸੇ ਖਾਸ ਵਜ੍ਹਾ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਆਪਣੇ-ਆਪ ਵਿਚ ਇਕ ਸੁਖਦ ਸੁਨੇਹਾ ਹੈ। ਪੰਜਾਬ ਵਿਚ ਖਾੜਕੂ ਲਹਿਰ ਵੇਲੇ ਦੇ ਲੰਮੇ ਅਰਸੇ ਤੋਂ ਜੇਲ੍ਹਾਂ ਵਿਚ ਬੰਦ ਇਹ ਸਿੱਖ ਆਖਰ ਆਪਣੇ ਪਰਿਵਾਰਾਂ ਵਿਚ ਆ ਰਹਿਣਗੇ। ਨਾਲ ਹੀ ਦੂਜੀ ਗੱਲ ਇਹ ਵੀ ਹੈ ਕਿ ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਕਰ ਕੇ ਭਾਰਤ ਦੀ ਕੇਂਦਰ ਸਰਕਾਰ ਨੇ ਦੇਸ਼ ਦੇ ਸੰਵਿਧਾਨ ਮੁਤਾਬਕ ਤੇ ਅੰਤਰਰਾਸ਼ਟਰੀ ਮਾਨਵੀ ਅਧਿਕਾਰਾਂ ਦੇ ਚਾਰਟਰ ਮੁਤਾਬਕ ਹੀ ਕੰਮ ਕੀਤਾ ਹੈ, ਜੋ ਕਿ ਉਸ ਨੂੰ ਬਹੁਤ ਦੇਰ ਪਹਿਲਾਂ ਹੀ ਖੁਦ-ਬ-ਖੁਦ ਕਰਨਾ ਬਣਦਾ ਸੀ। ਇਹ 14 ਅਜਿਹੇ ਬੰਦੀ ਸਿੰਘ ਹਨ, ਜਿਹੜੇ ਪਹਿਲਾਂ ਹੀ ਆਪਣੀ ਸਜ਼ਾ ਤੋਂ ਦੁੱਗਣੀ ਜੇਲ੍ਹ ਕੱਟ ਚੁੱਕੇ ਹਨ। ਇਸ ਕਰ ਕੇ ਕੋਈ ਬਾਦਲ ਦਲੀਏ, ਕਾਂਗਰਸੀਏ ਤੇ ਭਾਜਪਾਈਏ ਸਿੱਖਾਂ ਲਈ ਵਿਸ਼ੇਸ਼ ਤੋਹਫਾ ਨਹੀਂ ਦੇ ਰਹੇ, ਜਿਹਾ ਕਿ ਪਰਚਾਰਿਆ ਜਾ ਰਿਹਾ ਹੈ, ਸਗੋਂ ਉਹ ਸਿੱਖ ਕੈਦੀਆਂ ਦੀ ਕਿੰਨੇ ਹੀ ਸਾਲ ਪਹਿਲਾਂ ਕਾਨੂੰਨ ਮੁਤਾਬਕ ਬਣਦੀ ਰਿਹਾਈ ਦੇ ਰਾਹ ਵਿਚ ਰੋੜੇ ਅਟਕਾ ਕੇ ਉਨ੍ਹਾਂ ਦੀਆਂ ਜਵਾਨੀਆਂ ਨੂੰ ਜੇਲ੍ਹਾਂ ਵਿਚ ਰੋਲਣ ਦੇ ਗੁਨਾਹਗਾਰ ਹਨ। ਇਹ ਸਾਰੇ ਕੈਦੀ ਕਿਸੇ ਨਿੱਜੀ ਲੜਾਈ ਕਾਰਨ ਜੇਲ੍ਹਾਂ ਵਿਚ ਬੰਦ ਨਹੀਂ ਹਨ। ਆਪਣੀ ਅੱਧੀ ਜ਼ਿੰਦਗੀ ਜੇਲ੍ਹਾਂ ਵਿਚ ਗਾਲ ਕੇ ਬੁੱਢੇ ਹੋ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦੀ ਪਹਿਲਾਂ ਕਦੇ ਇਨ੍ਹਾਂ ਨੂੰ ਯਾਦ ਤਕ ਨਹੀਂ ਆਈ।

ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਦਾ ਮਾਮਲਾ ਰਾਜ ਕਰ ਰਹੀਆਂ ਧਿਰਾਂ ਦੀ ਨਿਰੋਲ ਸਿਆਸੀ ਇੱਛਾ ਸ਼ਕਤੀ ਉਪਰ ਨਿਰਭਰ ਕਰਦਾ ਸੀ ਕਿਉਂਕਿ ਇਸ ਸਬੰਧੀ ਭਾਰਤੀ ਸੁਪਰੀਮ ਕੋਰਟ ਵਲੋਂ ਦਸੰਬਰ-2015 ਵਿਚ ਰਾਜੀਵ ਗਾਂਧੀ ਕਤਲ ਕੇਸ ਵਿਚ ਨਾਮਜ਼ਦ ਉਮਰ ਕੈਦੀਆਂ ਦੀ ਪਟੀਸ਼ਨ ਦੇ ਹੁਕਮ ਵਿਚ ਸਪੱਸ਼ਟ ਕਿਹਾ ਸੀ ਕਿ ਭਾਰਤੀ ਸੰਵਿਧਾਨ ਦੀ ਧਾਰਾ 72 ਵਿਚ ਭਾਰਤੀ ਰਾਸ਼ਟਰਪਤੀ, ਧਾਰਾ 161 ਵਿਚ ਸੂਬਿਆਂ ਦੇ ਰਾਜਪਾਲ ਅਤੇ ਫੌਜਦਾਰੀ ਜ਼ਾਬਤੇ ਦੀਆਂ ਧਾਰਾਵਾਂ 432/433 ਵਿਚ ਰਾਜ ਸਰਕਾਰਾਂ ਨੂੰ ਅਜਿਹੀ ਰਿਹਾਈ ਕਰਨ ਦੀਆਂ ਮਿਲੀਆਂ ਤਾਕਤਾਂ ਉਤੇ ਕੋਈ ਇਤਰਾਜ਼ ਨਹੀਂ। ਇਸ ਤਰ੍ਹਾਂ ਕੇਂਦਰ ਅਤੇ ਪੰਜਾਬ ਵਿਚ ਸਮੇਂ-ਸਮੇਂ ਉਤੇ ਰਾਜ ਕਰਦੀਆਂ ਰਹੀਆਂ ਇਨ੍ਹਾਂ ਸਿਆਸੀ ਪਾਰਟੀਆਂ ਨੇ ਸਿੱਖਾਂ ਦੀ ਇਸ ਜਾਇਜ਼ ਮੰਗ ਵੱਲ ਕਦੇ ਵੀ ਧਿਆਨ ਨਹੀਂ ਦਿੱਤਾ। ਹੁਣ ਵੀ ਸਭ ਨੂੰ ਜ਼ਾਹਰ ਹੈ ਕਿ ਪੰਥਕ ਸਿੱਖ ਜਥੇਬੰਦੀਆਂ ਦੇ ਭਾਰੀ ਦਬਾਅ, ਭਾਰਤ-ਪਾਕਿਸਤਾਨ ਵਿਚਾਲੇ ਸਿੱਖਾਂ-ਪੰਜਾਬ ਤੇ ਕਸ਼ਮੀਰ ਨੂੰ ਲੈ ਕੇ ਚੱਲ ਰਹੀ ਕੂਟਨੀਤਕ ਲੜਾਈ, ਅੰਤਰਰਾਸ਼ਟਰੀ ਪੱਧਰ ਉਤੇ ਮਾਨਵੀ ਅਧਿਕਾਰਾਂ ਦੀ ਉਲੰਘਣਾ ਨੂੰ ਲੈ ਕੇ ਭਾਰਤ ਦੀ ਹੋ ਰਹੀ ਕਿਰਕਿਰੀ ਤੇ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਦੀ ਰਾਜਨੀਤੀ ਵਿਚ ਆਪਣੇ ਬਲਬੂਤੇ ਪੱਕੇ ਪੈਰੀਂ ਹੋਣ ਦੀ ਰਣਨੀਤੀ ਨੇ ਬੰਦੀ ਸਿੱਖਾਂ ਦੀ ਰਿਹਾਈ ਦਾ ਰਾਹ ਬਣਾਇਆ ਹੈ।

ਇਹ ਵੀ ਸਚਾਈ ਹੈ ਕਿ ਕਿਸੇ ਵੀ ਕਾਰਨ ਭਾਵੇਂ ਸਿੱਖ ਕੈਦੀਆਂ ਦੀ ਰਿਹਾਈ ਹੋ ਰਹੀ ਹੈ ਪਰ ਸਿੱਖ ਇਸ ਦੇਸ਼ 'ਚ ਗੁਲਾਮ ਹੀ ਸਮਝੇ ਜਾਂਦੇ ਹਨ। ਸਿੱਖਾਂ ਨੂੰ ਦੂਜੇ ਨੰਬਰ ਦੇ ਸ਼ਹਿਰੀ ਮੰਨਿਆ ਜਾਂਦਾ ਹੈ, ਜਿਸ ਦੀਆਂ ਅਨੇਕਾਂ ਹੀ ਪ੍ਰਤੱਖ ਮਿਸਾਲਾਂ ਸਾਹਮਣੇ ਹਨ। ਬੰਦੀ ਸਿੰਘਾਂ ਦੀ ਰਿਹਾਈ ਕਰਵਾਉਣ ਲਈ ਇਕ ਦੂਜੇ ਤੋਂ ਮੂਹਰੇ ਹੋ ਕੇ ਆਪਣੀ ਪਿੱਠ ਥਪਥਪਾਉਣ ਵਾਲੇ ਸਿਆਸਤਦਾਨ ਜ਼ਰੂਰ ਦੱਸਣ ਕਿ ਉਨ੍ਹਾਂ ਨੇ ਅਜਿਹਾ ਕਿਹੜਾ ਮਾਅਰਕਾ ਮਾਰਿਆ ਹੈ, ਜੋ ਉਹ ਇਸ ਸੰਵੇਦਨਸ਼ੀਲ ਮੁੱਦੇ ਉਤੇ ਨੱਚ-ਗਾ ਰਹੇ ਹਨ? ਕੀ ਇਸ ਦੇਸ਼ 'ਚ ਘੱਟ ਗਿਣਤੀਆਂ ਦੇ ਮਨੁੱਖੀ ਅਧਿਕਾਰਾਂ ਦਾ ਨਿਰੰਤਰ ਘਾਣ ਨਹੀਂ ਹੋ ਰਿਹਾ ਹੈ? ਹੁਣ 30-30 ਸਾਲ ਤੋਂ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕਣ ਦੇ ਬਾਵਜੂਦ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਉਤੇ ਰਾਜਨੀਤਕ ਰੋਟੀਆਂ ਸੇਕੀਆਂ ਜਾ ਰਹੀਆਂ ਹਨ।

**ਮਨਜੀਤ ਸਿੰਘ ਟਿਵਾਣਾ**

# ਜੰਨ ਦੀ ਸੇਵਾ

ਨੰਬਰਦਾਰਾਂ ਦਾ ਤਾਰਾ ਮੰਡੀਓਂ ਆਉਂਦਾ ਬੱਸੋਂ ਉੱਤਰ ਕੇ ਜਦੋਂ ਸੱਥ ਕੋਲ ਦੀ ਲੰਘਣ ਲੱਗਾ ਤਾਂ ਬਾਬੇ ਬਚਨ ਸਿਉਂ ਨੇ ਬਜ਼ੁਰਗ ਅਵਸਥਾ ਵਿੱਚੋਂ ਆਵਾਜ਼ ਮਾਰੀ,

ਤਾਰ! ਬੱਚੂ ਗੱਲ ਸੁਣ ਕੇ ਜਾਈਂ।

ਬਾਬੇ ਦੀ ਮੱਧਮ ਜਿਹੀ ਆਵਾਜ਼ ਸੁਣਕੇ ਤਾਰਾ ਸੱਥ ਵੱਲ ਨੂੰ ਇਉਂ ਕੂਹਣੀ ਮੋੜ ਮੁੜਿਆ ਜਿਵੇਂ ਇੱਕ ਪਾਸੇ ਦਾ ਬਰੇਕ ਬੰਨ੍ਹ ਕੇ ਟਰੈਕਟਰ ਨੂੰ ਥਾਂ ਤੇ ਹੀ ਮੋੜ ਦਿੱਤਾ ਹੋਵੇ। ਭਾਵੇਂ ਬਾਬੇ ਬਚਨ ਸਿਉਂ ਨੂੰ ਕੱਲ੍ਹ ਪਿੰਡ ਵਿੱਚ ਆਈ ਜੰਨ ਨੂੰ ਕੁੱਟਣ ਦੀ ਖ਼ਬਰ ਬਾਰੇ ਪੂਰਾ ਪਤਾ ਸੀ ਪਰ ਫਿਰ ਵੀ ਉਹ ਤਾਰੇ ਤੋਂ ਵੀ ਇਸ ਬਾਰੇ ਕਰਾਰੀਆਂ ਕਰਾਰੀਆਂ ਸੁਣਨਾ ਚਾਹੁੰਦਾ ਸੀ ਕਿਉਂਕਿ ਉਹ ਜਾਨੀਆਂ ਨੂੰ ਦੱਖੂ ਦਾਣੇ ਦੇਣ ਵਿੱਚ ਸਭ ਤੋਂ ਮੋਹਰੀ ਸੀ ਅਤੇ ਸਾਰੇ ਪਿੰਡ ਵਿੱਚ ਓਸੇ ਦੀ ਹੀ ਚਰਚਾ ਸੀ। ਸੱਥ ਵਿੱਚ ਸੁਬ੍ਹਾ ਤੋਂ ਹੀ ਜੰਨ 'ਤੇ ਹੋਈ ਛਿੱਤਰੌਲ ਅਤੇ ਤਾਰੇ ਦੀ ਬਹਾਦਰੀ ਦੀਆਂ ਹੀ ਗੱਲਾਂ ਹੋ ਰਹੀਆਂ ਸਨ। ਲੋਕ, ਤਰਾਂ ਤਰਾਂ ਦੇ ਮਸਾਲੇ ਲਾ ਲਾ ਕੇ ਗੱਲਾਂ ਦੇ ਗਲੇਲੇ ਵੱਟੀ ਜਾ ਰਹੇ ਸਨ। ਤਾਰਾ ਘਰ ਦਾ ਸੌਦਾ ਪੱਤਾ ਲੈਣ ਲਈ ਸੁਬ੍ਹਾ ਸੱਤ ਵਾਲੀ ਬੱਸ ਤੇ ਚੜ੍ਹਕੇ ਮੰਡੀ ਚਲਾ ਗਿਆ ਸੀ ਜਿਸ ਕਰਕੇ ਉਹ ਅੱਜ ਸੱਥ ਵਿੱਚ ਆਇਆ ਹੀ ਨ੍ਹੀ ਸੀ ਅਤੇ ਲੋਕ ਉਸ ਦੀ ਜ਼ੁਬਾਨੀ ਕੱਲ੍ਹ ਦੇ ਕੁਟਾਪੇ ਬਾਰੇ ਪੂਰੀ ਤਰਾਂ ਜਾਨਣਾ ਚਾਹੁੰਦੇ ਸਨ। ਹੱਥ ਵਿੱਚ ਫੜੇ ਦੋ ਵੱਡੇ ਵੱਡੇ ਮੋਟੇ ਖੱਦਰ ਦੇ ਝੋਲ਼ੇ, ਸੱਥ ਵਾਲੇ ਥੜੇ ਤੇ ਰੱਖ ਕੇ ਤਾਰਾ, ਬਾਬੇ ਬਚਨ ਸਿਉਂ ਨੂੰ ਫ਼ਤਹਿ ਬੁਲਾ ਕੇ ਨੇੜੇ ਹੋ ਕੇ ਬੋਲਿਆ, ਹਾਂ ਬਾਬਾ ਜੀ।

ਬਾਬੇ ਨੇ ਤਾਰੇ ਤੋਂ ਕੱਲ੍ਹ ਜੰਨ 'ਤੇ ਚਾੜ੍ਹੇ ਕੁਟਾਪੇ ਦੀ ਹੀਰ ਸੁਣਨ ਲਈ ਗੋਲ ਟਿੱਚਰ ਕਰਕੇ ਪੁੱਛਿਆ, ਕੱਲ੍ਹ ਫਿਰ ਛਕਾਅ 'ਤਾ ਬਗਰੋਟਾ ਜਾਨੀਆਂ ਨੂੰ?

ਤਾਰੇ ਨੇ ਵੀ ਮੁਸ਼ਕਣੀਆਂ ਹੱਸ ਕੇ ਬਾਬੇ ਨੂੰ ਮਖੌਲ 'ਚ ਹੀ ਜਵਾਬ ਦਿੱਤਾ, ਬਗਰੋਟਾ ਛੱਡ ਇੱਕ ਝੋਟਾ ਵੀ ਦੇ 'ਤਾ ਬਾਬਾ।

ਬਾਬੇ ਨੇ ਝੋਟੇ ਦਾ ਨਾਂ ਸੁਣ ਕੇ ਹੈਰਾਨੀ ਨਾਲ ਪੁੱਛਿਆ, ਝੋਟਾ ਕੀ?

ਕੋਲ ਬੈਠਾ ਨਾਥਾ ਅਮਲੀ ਤਾਰੇ ਦੇ ਬੋਲਣ ਤੋਂ ਪਹਿਲਾਂ ਹੀ ਬੋਲ ਪਿਆ, ਜਿਹੜਾ ਝੋਟਾ ਪਿੰਡ ਨੇ ਛੱਡਿਐ, ਉਹ ਵੀ ਕਿਤੇ ਓੱਥੇ ਹੀ ਫਿਰਦਾ ਸੀ, ਇਨ੍ਹਾਂ ਨੇ ਦੋ ਜਾਨੀਆਂ ਦੀ ਚੰਗੀ ਮੁਰੰਮਤ ਕਰਕੇ ਝੋਟੇ ਦੇ ਉੱਤੇ ਬਿਠਾ ਕੇ ਫੋਟੂ ਖਿੱਚ ਲੀ।

ਬਾਬੇ ਨੇ ਅਮਲੀ ਦੀ ਗੱਲ ਸੁਣਕੇ ਸ਼ਾਬਾਸ਼ ਦਿੰਦਿਆਂ ਕਿਹਾ, ਵਾਹ ਓਏ ਸ਼ੇਰੋ! ਏਹੋ ਜੇ ਜਾਨੀਆਂ ਨਾਲ ਤਾਂ ਏਵੇਂ ਹੀ ਹੋਣੀ ਚਾਹੀਦੀ ਸੀ।

ਬਾਬੇ ਨੇ ਤਾਰੇ ਵੱਲ ਮੁਹਾਰ ਮੋੜਦਿਆਂ ਕਿਹਾ, ਤੂੰ ਤਾਂ ਤਾਰ ਵਿਆਹ ਦੇ ਵਿੱਚ ਸੀ, ਅਸਲ 'ਚ ਗੱਲ ਕੀ ਹੋਈ ਐ? ਬਹਿ ਜਾ ਬਹਿ ਕੇ ਸੁਣਾ ਸਾਰੀ ਹੀਰ।

ਤਾਰੇ ਦੀ ਬਾਬੇ ਦੇ ਮੂਹਰੇ ਬੈਠਣ ਦੀ ਦੇਰ ਹੀ ਸੀ ਕਿ ਸੱਥ ਵਿੱਚ ਬੈਠੇ ਸਾਰਿਆਂ ਨੇ ਤਾਰੇ ਦੁਆਲੇ ਇਉਂ ਝੁੰਮਟ ਮਾਰ ਲਿਆ ਜਿਵੇਂ ਸਵਾਰੀਆਂ ਨੇ ਬਕਾਇਆ ਲੈਣ ਲਈ ਕਡੰਕਟਰ ਘੇਰਿਆ ਹੋਵੇ। ਤਾਰੇ ਨੇ ਬੈਠਦਿਆਂ ਹੀ ਕਰ 'ਤੀ ਕਵੀਸ਼ਰੀ ਸ਼ੁਰੂ ਫਿਰ। ਕਹਿੰਦਾ,

ਬਾਬਾ! ਅਸਲ 'ਚ ਤਾਂ ਗੱਲ ਇਥੋਂ ਚੱਲੀ ਐ ਕਿ ਜਦੋਂ ਰਿਸ਼ਤੇ ਦੀ ਗੱਲ ਹੋਈ ਸੀ, ਮੁੰਡੇ ਆਲਿਆਂ ਨੂੰ ਉਦੋਂ ਹੀ ਪੁੱਛ ਲਿਆ ਸੀ ਕਿ ਸੋਡੀ ਮੰਗ ਕੀ ਐ? ਮੁੰਡੇ ਆਲਿਆਂ ਨੇ ਜੋ ਵੀ ਆਪਣੀ ਮੰਗ ਦੱਸੀ ਤਾਂ ਤਾਏ ਇਕਬਾਲ ਸਿਉਂ ਨੇ ਹਾਂ ਕਰਕੇ ਆਪਣੀ ਵੀ ਇੱਕ ਮੰਗ ਦੱਸ 'ਤੀ ਕਿ ਮੀਟ-ਸ਼ਰਾਬ ਬਾਰੇ ਸਰਦਾਰ ਜੀ ਮੇਰੀ ਬੇਨਤੀ ਕਬੂਲਿਓ ਕਿ ਇਹ ਨ੍ਹੀ ਮੈਂ ਦੇ ਸਕਦਾ ਕਿਉਂਕਿ ਕਈ ਪੀੜ੍ਹੀਆਂ ਤੋਂ ਸਾਡੇ ਘਰ ਵਿੱਚ ਇਸ ਦੀ ਵਰਤੋਂ ਨ੍ਹੀ ਹੈਗੀ। ਚਲੋ, ਖੈਰ! ਰਿਸ਼ਤਾ ਸਿਰੇ ਚੜ੍ਹ ਗਿਆ, ਮੁੰਡੇ ਆਲਿਆਂ ਨੇ ਮੀਟ-ਸ਼ਰਾਬ ਨਾ ਲੈਣ ਦੀ ਗੱਲ ਮੰਨ ਲੀ ਪਰ ਜਦੋਂ ਕੱਲ੍ਹ ਜੰਨ ਰੋਟੀ ਖਾਣ ਲੱਗੀ ਤਾਂ ਮੁੰਡੇ ਦਾ ਇੱਕ ਫੁੱਫੜ ਫੌਜੀ ਲਟੈਰ ਹੋ ਕੇ ਆਇਐ, ਸ਼ਰਾਬ ਦੇ ਲਾ ਕੇ ਦੋ ਲੰਡੂ ਜੇ ਪੈਗ, ਪਿਸਤੋ ਈ ਬੋਲੀ ਜਾਵੇ। ਹਮਕੋ ਤੁਮਕੋ ਜਾ ਕਰਕੇ ਕਹਿੰਦਾ, ਹਮ ਤੋ ਮੀਟ ਸੇ ਖਾਣਾ ਖਾਏਂਗੇ, ਬੱਕਰੇ ਕਾ ਤਾਜ਼ਾ ਮੀਟ ਦੋਹ, ਨਹੀਂ ਤੋ ਲਟਕੀ ਕੋ ਲੇ ਕਰ ਨਹੀਂ ਜਾਏਂਗੇ।

ਸੱਥ 'ਚ ਬੈਠਾ ਗੇਬੂ ਕਹਿੰਦਾ, ਕੱਲੇ ਫੌਜੀ ਦੀ ਬੀਨ ਈਂ ਵਜਾਉਣੀ ਸੀ, ਸਾਰੀ ਜੰਨ ਕਿਉਂ ਕੁੱਟ ਸਿੱਟੀ।

ਤਾਰਾ ਕਹਿੰਦਾ, ਜਦੋਂ ਫੌਜੀ ਨੇ ਮੀਟ ਦਾ ਰੌਲਾ ਪਾਉਣਾ ਸ਼ੁਰੂ ਕੀਤਾ ਤਾਂ ਦੂਜੇ ਜਾਨੀਆਂ ਨੇ ਵੀ ਕੰਨ ਚੱਕ ਲੇ। ਜਿਵੇਂ ਖ਼ਰਬੂਜਾ-ਖ਼ਰਬੂਜੇ ਨੂੰ ਵੇਖ ਕੇ ਰੰਗ ਫ਼ੜ ਜਾਂਦੈ, ਓਵੇਂ ਸਾਰੀ ਜੰਨ ਈ ਫੌਜੀ ਦੀ ਬੋਲੀ ਬੋਲਣ ਲੱਗ ਪੀ। ਮੁੰਡੇ ਦੇ ਪਿਓ ਨੂੰ ਬਥੇਰਾ ਸਮਝਾਇਆ ਕਿ ਸਰਦਾਰ ਜੀ ਇਹ ਗੱਲ ਚੰਗੀ ਨ੍ਹੀ ਕਿ ਖੜ੍ਹੇ ਪੈਰ ਬਿਨ ਕਾਰਮੀ ਗੱਲ ਦੀ ਜਿੱਦ ਕੀਤੀ ਜਾਵੇ। ਸਾਰੇ ਕਾਰ ਵਿਹਾਰ ਹੋਣ ਪਿੱਛੋਂ ਰੋਟੀ ਦੇ ਵੇਲੇ ਰੌਲਾ ਪਾਉਣਾ ਸਿਆਣਪ ਆਲੀ ਗੱਲ ਨ੍ਹੀ। ਸਰਦਾਰ ਜੀ ਤੁਸੀਂ ਤਾਂ ਆਪ ਸਿਆਣੇ ਓਂ, ਤੁਸੀਂ ਸਗੋਂ ਇੰਨ੍ਹਾਂ ਨੂੰ ਸਮਝਾਓ।

ਅਸੀਂ ਤਾਂ ਬਾਬਾ ਅਜੇ ਇਹ ਸੋਚਦੇ ਸੀ ਕਿ ਚਲੋ! ਮੁੰਡੇ ਦੇ ਫੁੱਫੜ ਨੂੰ ਥੋੜ੍ਹਾ ਘਣਾ ਮੀਟ ਲਿਆਕੇ ਸਿੱਧੂਆਂ ਦੀ ਬੈਠਕ 'ਚ ਬਿਠਾ ਕੇ ਓਹਦੀ ਜਿੱਦ ਪੂਰੀ ਕਰ ਦਿੰਨੈਂ ਆਂ ਪਰ ਮੁੰਡੇ ਦਾ ਪਿਓ ਤਾਂ ਆਪ ਫੌਜੀ ਆਲੀ ਗੱਲ ਤੇ ਮੀਟ ਪਿੱਛੇ ਅੜ ਗਿਆ। ਤਾਏ ਸੰਤੇ ਅਰਗਿਆਂ ਨੇ ਬਥੇਰਾ ਕਿਹਾ ਕਿ ਸਰਦਾਰ ਜੀ ਬਿਨਾਂ ਗੱਲੋਂ ਕਿਸੇ ਰਿਸ਼ਤੇਦਾਰ ਨੂੰ ਤੰਗ ਕਰਨਾ ਗੱਲ ਸੋਭਦੀ ਨ੍ਹੀ, ਆਪਾਂ ਸਾਰੇ ਈ ਧੀਆਂ ਭੈਣਾਂ ਆਲੇ ਆਂ, ਤੁਸੀਂ



ਸਗੋਂ ਇੰਨ੍ਹਾਂ ਨੂੰ ਰੋਕੋ।

ਏਨੀ ਗੱਲ ਸੁਣ ਕੇ ਬਾਬੇ ਦੇ ਨਾਲ ਬੈਠੇ ਨਾਥੇ ਅਮਲੀ ਨੇ ਵੀ ਆਵਦਾ ਟੱਟੂ ਵਿੱਚੇ ਈ ਦੁਵੱਲ ਦਿੱਤਾ। ਕਹਿੰਦਾ, ਬਿਗੜਿਆ ਜੱਟ ਤੇ ਅੜੀ ਘੋੜੀ ਛਿੱਤਰ ਪਤਾਨ ਬਿਨ੍ਹਾਂ ਨ੍ਹੀ ਲੋਟ ਆਉਂਦੇ।

ਬਾਬੇ ਨੇ ਅਮਲੀ ਨੂੰ ਟੋਕਦਿਆਂ ਕਿਹਾ, ਅਮਲੀਆ ਪਹਿਲਾਂ ਗੱਲ ਸੁਣ ਲੈ, ਫੇਰ ਕਰ ਲੀਂ ਤੂੰ ਆਵਦੀ ਵਕਾਲਤ।

ਤਾਰੇ ਨੇ ਗੱਲ ਅੱਗੇ ਤੋਰਦਿਆਂ ਦੱਸਿਆ ਕਿ ਇਹ ਤਾਂ ਕਹਾਣੀ ਬਾਬਾ ਉਦੋਂ ਬਿਗੜੀ ਜਦੋਂ ਸਾਰੀ ਜੰਨ ਈ ਮੀਟ ਮੀਟ ਕਰਨ ਲੱਗ ਪੀ ਤੇ ਮੇਚਾਂ ਤੋਂ ਪਲੇਟਾਂ ਸਿੱਟਣ ਲੱਗ ਪੇ। ਫੇਰ ਤਾਂ ਬਾਬਾ ਸਦੀਕ ਦੇ ਗਾਣੇ ਆਲੀ ਹੋਈ ਕਿ 'ਲਾ ਲਾ ਹੋ ਗੀ ਖਾੜਾ ਗਿਆ ਹੱਲ ਸੀਂ'। ਤਾਏ ਇੱਕਬਾਲ ਅਰਗੇ ਤਾਂ ਅਜੇ ਮਿੰਨਤਾਂ ਈਂ ਕਰਦੇ ਰਹਿ ਗੇ, ਪਰ ਅਸੀਂ ਤਾਂ ਫੇਰ ਚਾੜ੍ਹਤਾ ਬੋਤਾ ਰੇਲ ਤੇ। ਚੜ੍ਹਤੇ ਕੇ ਗੋਰੇ ਨੇ ਤਾਂ ਫਿਰ ਮੁੰਡੇ ਦੇ ਪਿਓ ਨੂੰ ਈ ਢਾਹ ਲਿਆ ਲੰਡੇ ਬੋਕ ਆਂਗੂੰ। ਹੀਰੇ ਕੇ ਚਰਨੇ ਨੇ ਜਿਉਂ ਚੱਕਿਆ ਲਾੜਾ, ਬਾਬੂ ਕੱਬੇ ਕੀਆਂ ਛਿਟੀਆਂ ਦੇ ਕੁਨੂੰ 'ਚ ਲਿਜਾ ਕੇ ਝੰਬਿਆ। ਬਖਤੂ ਬੁੜ੍ਹੇ ਨੇ ਸਰਵਾਹਲੇ ਦੇ ਤਿੰਨ ਚਾਰ ਮਾਰ ਕੇ ਚਪੇੜਾਂ ਉਹਦੀ ਪੈਸਿਆਂ ਆਲੀ ਚੁੰਨੀ ਜੀ ਖੋਹ ਲੀ, ਕਹਿੰਦਾ, ਭੱਜ ਜਾ, ਸਾਲ਼ਾ ਵੱਡਾ ਆਇਆ ਨਾਢੂ ਖਾਂ ਏਹੇ।

ਹਾਕਮ ਕਾ ਛਿੰਦਾ ਫੌਜੀ ਕਹਿੰਦਾ, ਸਾਰੇ ਸਿਆਪੇ ਦੀ ਨੈਣ ਫੌਜੀ ਕਿਵੇਂ ਬਚ ਗਿਆ ਮੁੰਡੇ ਦਾ ਫੁੱਫੜ?

ਨਾਥਾ ਅਮਲੀ ਫੌਜੀ ਦੀ ਗੱਲ ਸੁਣ ਕੇ ਤਾਰੇ ਨੂੰ ਕਹਿੰਦਾ, ਦੱਸਦੇ ਤਾਰਿਆ ਏਹਨੂੰ ਫੌਜੀ ਬਾਰੇ, ਇਹਦਾ ਗੁਰ ਭਾਈ ਸੀ ਉਹੋ।

ਤਾਰਾ ਗੱਲ ਕਰਦਾ ਕਰਦਾ ਹੱਸ ਕੇ ਕਹਿੰਦਾ, ਬਚਿਆ ਨ੍ਹੀ ਉਹ, ਓਹਦੇ ਨਾਲ ਤਾਂ ਸਭ ਤੋਂ ਵੱਧ ਭੈੜੀ ਹੋਈ ਐ।

ਬਾਬਾ ਕਹਿੰਦਾ, ਉਹ ਕਿਵੇਂ?

ਤਾਰਾ ਕਹਿੰਦਾ, ਜਦੋਂ ਮੈਂ ਵੇਖਿਆ ਕਿ ਇਹ ਤਾਂ ਚਾਰ ਛਪੇਰੇ ਈ ਚੱਲ ਪਿਆ ਕੰਮ, ਓਹਨੂੰ ਬਾਬਾ ਫਿਰ ਮੈਂ ਪੈ ਨਿੱਕਲਿਆ। ਫੌਜੀ ਨੂੰ ਸਬਜੀ ਤੇ ਬੂੰਦੀ ਨਾਲ ਲਬੇੜ ਕੇ ਲੱਛੂ ਕੇ ਵਾੜੇ 'ਚ ਲੈ ਗਿਆ ਮੈ ਚੱਕ ਕੇ। ਸਾਲੇ ਦੇ ਜਿਹੜੇ ਦੋ ਪੈਗ ਪੀਤੇ ਸੀ ਝੱਟ ਲਹਿ ਗੇ, ਮੇਰੀਆਂ ਮਿੰਨਤਾਂ ਈ ਕਰੀ ਜਾਵੇ। 'ਨਾ ਓਏ ਭਰਾਵਾ ਨਾ ਕੁੱਟ, ਆਪਣੀ ਕਿਹੜਾ ਕੋਈ ਦੁਸ਼ਮਨੀ ਐਂ, ਜੇ ਕੁੱਟਣਾਂ ਈ ਐ ਤਾਂ ਔਹ ਹੋਰ ਬਥੇਰੇ ਫਿਰਦੇ ਐ ਜਾਨੀ ਉਨ੍ਹਾਂ ਨੂੰ ਕੁੱਟ ਲੈ, ਛੱਡਦੇ ਬਾਪੂ ਛੱਡਦੇ, ਹੁਣ ਨ੍ਹੀ ਮੰਗਦਾ ਮੀਟ, ਤੈਨੂੰ ਖੁਆ ਦੂੰ ਪਰ ਤੇਰੇ ਤੋਂ ਨ੍ਹੀ ਮੰਗਦਾ।

ਬੱਸ ਫੇਰ ਬਾਬਾ ਜਦੋਂ ਇਹ ਖਾੜਾ ਮਘ ਗਿਆਂ ਤਾਂ ਕਿਸੇ ਨੇ ਗੁਰਦੁਆਰੇ ਸਪੀਕਰ 'ਚ ਬੋਲ 'ਤਾ ਕਿ ਭਾਈ ਸਾਰੇ ਪਿੰਡ ਆਲੇ ਇਕਬਾਲ ਢਿੱਲੋਂ ਕੇ ਘਰੇ ਜਲਦੀ ਤੋਂ ਜਲਦੀ ਪਹੁੰਚੋਂ ਉਨ੍ਹਾਂ ਦੀ ਕੁੜੀ ਦੇ ਵਿਆਹ 'ਚ ਕੋਈ ਲੜਾਈ ਹੋ ਗੀ ਐ। ਸਪੀਕਰ 'ਚ ਹੋਕਾ ਦੇਣ ਦੀ ਦੇਰ ਹੀ ਸੀ ਕਿ ਸਾਰਾ ਪਿੰਡ ਇੱਲ੍ਹਾਂ ਆਂਗੂੰ ਆ ਉੱਤਰਿਆ। ਤਿੰਨ ਤਿੰਨ-ਚਾਰ ਚਾਰ ਪਿੰਡ ਆਲਿਆਂ ਨੂੰ ਇੱਕ ਇੱਕ ਜਾਨੀ ਆਇਆ। ਕਈ ਤਾਂ ਰੋਟੀ ਖਾਣ ਤੋਂ ਪਹਿਲਾਂ ਹੀ ਭਮੀਰੀ ਬਣ ਗੇ। ਜਿਹੜੇ ਵਿਚਾਰੇ ਫਸ ਗੇ ਫਿਰ ਉਨ੍ਹਾਂ ਨਾਲ ਹੋਇਆ ਪਿੰਡ ਆਲਿਆਂ ਦਾ ਮੈਚ। ਰਗੜ ਬਾਲੇ ਕੱਢ 'ਤੇ ਬਾਬਾ ਜੰਨ ਦੇ ਕੁੱਟ ਕੁੱਟ ਕੇ। ਕੋਈ ਕਿੱਧਰ ਦੀ ਬਚ ਕੇ ਭੱਜ ਗਿਆ ਕੋਈ ਕਿੱਧਰ ਦੀ। ਅਮਲੀ ਤੋਂ ਫੇਰ ਨਾ ਰਿਹਾ ਗਿਆ ਬੋਲੇ ਬਿਨਾਂ। ਕਹਿੰਦਾ,

ਉੱਥੇ ਤਾਂ ਫਿਰ ਪੁੱਤਾਂ ਨੂੰ ਮਾਵਾਂ ਨੇ ਨ੍ਹੀ ਸਿਆਣਿਆਂ ਹੋਣਾ।

ਤਾਰਾ ਕਹਿੰਦਾ ਪੁੱਤਾਂ ਨੂੰ ਕੀ? ਉੱਥੇ ਤਾਂ ਜਾਨੀਆਂ ਨੂੰ ਆਵਦੀ ਸਿਆਣ ਨ੍ਹੀ ਆਈ, ਕੁੱਟ ਕੁੱਟ ਕੇ ਬਣਾ 'ਤੇ ਤੂੰਬੇ। ਜੀਹਨੂੰ ਜਿੱਧਰ ਵੀ ਕਿਤੇ ਰਾਹ ਮਿਲਿਆ ਓਧਰ ਦੀ ਹੀ ਉਹ ਭੱਜ ਨਿੱਕਲਿਆ। ਜਿਹੜੇ ਫੜ੍ਹੇ ਗਏ ਉਨ੍ਹਾਂ ਦੀਆਂ ਕੱਢ 'ਤੀਆਂ ਫਿਰ ਚਰੜ ਭੂੰਡੀਆਂ, ਸਭ ਦੇ ਬੁਘਦੂ ਬਲਾ 'ਤੇ। ਬੱਸ ਫੇਰ ਕੁੱਟ ਖਾ ਕੇ ਮਿੰਨਤਾਂ ਕਰ ਕਰ ਖਹਿੜਾ ਛੁਡਵਾਇਆ।

ਬਾਬਾ ਕਹਿੰਦਾ, ਲੱਟਕੀ ਦਾ ਕੀ ਬਣਿਆਂ ਫਿਰ? ਤੋਰ 'ਤੀ ਸੀ ਜਾਂ ਗੱਲ ਰੌਲ਼ੇ 'ਚ ਈ ਰਹਿ ਗੀ?

ਨਾਥਾ ਅਮਲੀ ਕਹਿੰਦਾ, ਬਾਬਾ! ਕੀ ਗੱਲਾਂ ਕਰਦੈਂ ਤੂੰ, ਕੁੜੀ ਤੋਰ ਕੇ ਕੁੱਟ ਖਾਣੀ ਸੀ ਉੱਥੇ ਜਾ ਇੰਨ੍ਹਾਂ ਨੇ।

ਤਾਰਾ ਕਹਿੰਦਾ, ਲੜਕੀ ਤਾਂ ਉਨ੍ਹਾਂ ਨੇ ਕੀ ਲਿਜਾਣੀ ਸੀ, ਉਹ ਤਾਂ ਆਵਦੀਆਂ ਵੀ ਪੱਗਾਂ ਵੀ ਏਥੇ ਈ ਛੱਡ ਗੇ।

ਏਨੇ ਨੂੰ ਖੇਤ ਨੂੰ ਜਾਂਦਾ ਜਾਂਦਾ ਕੇਵਲ ਮਾਸਟਰ ਸੱਥ ਵਿੱਚ ਬੈਠੇ ਤਾਰੇ ਦੇ ਕੰਨ ਵਿੱਚ ਫੂਕ ਮਾਰ ਗਿਆ, ਤਾਰੇ ਸੋਡੇ ਘਰੇ ਪੁਲਿਸ ਪੈ ਗੀ ਓਏ, ਘਰੇ ਨਾ ਜਾਈਂ। ਜਿਹੜੇ ਕੱਲ੍ਹ ਇਕਬਾਲ ਕੇ ਵਿਆਹ 'ਚ ਸੀ ਸਭ ਨੂੰ ਪੁਲਿਸ ਭਾਲਦੀ ਫਿਰਦੀ ਐ ਪਿੰਡ 'ਚ। ਮਾਸਟਰ ਦੀ ਗੱਲ ਸੁਣ ਕੇ ਪੁਲਿਸ ਦੇ ਡਰੋਂ ਸੱਥ 'ਚ ਬੈਠੇ ਸਾਰੇ ਹੀ ਆਪੋ ਆਪਣੇ ਘਰਾਂ ਨੂੰ ਇੰਜ ਭੱਜ ਨਿੱਕਲੇ ਜਿਵੇਂ ਉਨ੍ਹਾਂ ਦੇ ਮਗਰ ਵੀ ਕਿਤੇ ਪੁਲਿਸ ਪੈ ਗਈ ਹੋਵੇ।

**-ਸੁਖਮੰਦਰ ਸਿੰਘ ਬਰਾੜ 'ਭਗਤਾ ਭਾਈ ਕਾ'**

604-751-1113

# ਅਵਾਰਾ ਪਸ਼ੂਆਂ ਦੀ ਸਮੱਸਿਆ ਦਾ ਹੱਲ ਲੱਭਣਾ ਜਰੂਰੀ

ਹਰ ਰੋਜ ਕਿਧਰੇ-ਨਾ-ਕਿਧਰੇ ਅਵਾਰਾ ਪਸ਼ੂਆਂ ਦੇ ਸੜਕ ਉੱਤੇ ਘੁੰਮਣ ਨਾਲ ਕਿਸੇ ਨਾ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ। ਇਕ ਬੱਚਾ ਅਗਰ ਬੋਰਵੈੱਲ ਵਿੱਚ ਡਿੱਗ ਪੈਂਦਾ ਹੈ, ਤਾਂ ਸਰਕਾਰ ਪੂਰੀ ਵਾਹ ਲਗਾ ਦਿੰਦੀ ਹੈ ਤੇ ਕਿਸੇ ਵੀ ਤਰੀਕੇ ਨਾਲ ਮਸੂਮ ਨੂੰ ਬਚਾਇਆ ਜਾਵੇ। ਅਗਰ ਸਾਡੇ ਦੇਸ਼ ਦਾ ਕੋਈ ਇੱਕ ਵੀ ਵਿਅਕਤੀ ਬਾਹਰਲੇ ਦੇਸ਼ ਵਿੱਚ ਜੇਲ੍ਹ ਵਿੱਚ ਕਿਸੇ ਵੀ ਕਾਰਨ ਬੰਦ ਹੋ ਜਾਵੇ, ਤਾਂ ਕਈ ਜਥੇਬੰਦੀਆਂ ਦੇ ਲੋਕ ਸੜਕਾਂ ਤੇ ਉੱਤਰ ਆਉਂਦੇ ਹਨ। ਉਨ੍ਹਾਂ ਦਾ ਹੱਲ੍ਹ ਵੀ ਹੋ ਜਾਂਦਾ ਹੈ। ਪਰ ਅਫਸੋਸ ਦੀ ਗੱਲ ਹੈ ਕਿ ਸਾਰਿਆਂ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਹੈ ਕਿ ਅਵਾਰਾ ਪਸ਼ੂ ਲੋਕਾਂ ਦਾ ਜਾਨ ਲੈ ਰਹੇ ਹਨ। ਪਰ ਕਿਸੇ ਦੇ ਸਿਰ ਤੇ ਜੂੰ ਨਹੀਂ ਸਰਕਦੀ ਨਜਰ ਨਹੀਂ ਆ ਰਹੀ। ਕੱਲ ਹੀ ਫਾਜਿਲਕਾ ਦੇ ਅਬੋਹਰ ਸੜਕ ਉੱਤੇ ਅਵਾਰਾ ਪਸ਼ੂਆਂ ਕਾਰਨ ਨਾਨੀ-ਦੋਹਤੇ ਦੀ ਮੌਤ ਨੇ ਦੋਹਾਂ ਪਰਿਵਾਰਾਂ ਵਿੱਚ ਮੌਤ ਦਾ ਸੱਥਰ ਵਿਛਾ ਦਿੱਤਾ ਹੈ। ਪਤਾ ਨਹੀਂ ਅਗਰ ਸਰਕਾਰ ਇਸੇ ਤਰ੍ਹਾਂ ਅਵੇਸਲੀ ਰਹੀ ਤਾਂ ਹੋਰ ਕਿੰਨੀਆਂ ਮੌਤਾਂ ਹੋਰ ਕਰਵਾ ਕੇ ਹੀ ਸਾਹ ਲਵੇਗੀ। ਪਿੰਡਾਂ ਵਿੱਚ ਸ਼ਾਮਲਾਟ ਦੀ ਜਮੀਨ ਵੀ ਬਹੁਤ ਜਿਆਦਾ ਹੈ। ਚਲੋ, ਇੱਕ ਪਿੰਡ ਦੀ ਨਹੀਂ ਤਾਂ ਇੱਕ ਬਲਾਕ ਪੱਧਰ ਤੇ ਹੀ ਕੋਈ ਗਊਸ਼ਾਲਾ ਬਣਵਾ ਕੇ ਇਹਨਾਂ ਅਵਾਰਾ ਪਸ਼ੂਆਂ ਨੂੰ ਉਨ੍ਹਾਂ ਵਿੱਚ ਡੱਕ ਦਿੱਤਾ ਜਾਵੇ। ਕਿਸਾਨਾਂ ਦੀ ਜੇ ਗੱਲ ਕਰੀਏ ਤਾਂ ਕਿਸਾਨਾਂ ਵਿੱਚ ਕਾਲੇ ਕੱਛਿਆਂ ਵਾਲੇ ਨਾਲੋਂ ਜਿਆਦਾ ਅਵਾਰਾ ਪਸ਼ੂਆਂ ਦਾ ਡਰ ਬਣਿਆ ਰਹਿੰਦਾ ਹੈ। ਕਿਸਾਨ ਪੂਰੀ-ਪੂਰੀ ਰਾਤ ਆਪਣੀਆਂ ਫਸਲਾਂ ਦੇ ਦੁਆਲੇ ਘੁੰਮਦੇ ਰਹਿੰਦੇ ਹਨ ਫਿਰ ਕਈ ਕਿਸਾਨਾਂ ਵਿੱਚ ਤੂੰ-ਤੂੰ, ਮੈਂ-ਮੈਂ ਸੁਨਣ ਨੂੰ ਮਿਲਦੀ ਹੈ- ਕਿ ਤੂੰ ਡੰਗਰ ਮੇਰੀ ਜਮੀਨ ਵੱਲ ਨੂੰ ਕਿਉਂ ਛੱਡਿਆ ਹੈ, ਤੇ ਉਹ ਅੱਗੋਂ ਆਖਦਾ ਹੈ ਕਿ ਮੈਂ ਤਾਂ ਦੂਰ ਛੱਡ ਕੇ ਆਇਆ ਹਾਂ। ਟਰਾਲੀਆਂ ਵਿੱਚ ਲੋਕ ਅਵਾਰਾ ਪਸ਼ੂਆਂ ਨੂੰ ਲੱਦ ਕੇ ਘੁੰਮਦੇ ਆਮ ਨਜਰ ਆ ਰਹੇ ਹਨ। ਗੱਲ ਕੀ ਇੱਕ ਮੂੰਹ ਨਾਲੋਂ ਲਾਹ ਕੇ ਦੂਜੇ ਮੂੰਹ ਨਾਲ ਲਾਉਣ ਵਾਲੀ ਗੱਲ ਹੈ। ਭਾਵੇਂ ਪਸ਼ੂ ਕਿਤੇ ਦੂਰ ਹੀ ਕਿਉਂ ਨਾ ਛੱਡੇ ਜਾਣ ਉੱਥੇ ਵੀ ਤਾਂ ਉਹ ਕਿਸੇ ਕਿਸਾਨ ਦਾ ਖੇਤ ਖਾਉਣਗੇ ਹੀ। ਇਹ ਕੋਈ ਹੱਲ ਨਹੀਂ।

ਜੇ ਸਰਕਾਰ ਚਾਹੇ ਤਾਂ ਟਿੱਬਿਆਂ ਉੱਤੇ ਪਾਣੀ ਚੜ੍ਹਾ ਸਕਦੀ ਹੈ। ਸੁਮੇਰ ਪਰਬਤ ਦਾ ਪਾਣੀ ਬੀਕਾਨੇਰ ਪਹੁੰਚਾ ਸਕਦੀ ਹੈ, ਤਾਂ ਕੀ ਇਹ ਸਰਕਾਰ ਅਵਾਰਾ ਪਸ਼ੂਆਂ ਨੂੰ ਨਹੀਂ ਸਾਂਭ ਸਕਦੀ। ਸਭ ਹੋ ਸਕਦਾ ਹੈ ਇੱਕ ਸਰਕਾਰ ਦੀ ਨਿਯਤ ਖੋਟੀ ਹੈ। ਕਿਤੇ ਸੜਕਾਂ ਤੇ ਬੇਰੁਜਗਾਰ ਧਰਨਿਆਂ ਤੇ ਬੈਠੇ ਹਨ ਤੇ ਕਿਧਰੇ ਅਵਾਰਾ ਪਸ਼ੂ ਸੜਕਾਂ ਤੇ ਫਿਰਦੇ ਹਨ। ਸਰਕਾਰ ਜੀ ਇਸ ਦਾ ਬਾਹਰ ਨਿਕਲ ਕੇ ਕੋਈ ਹੱਲ ਲੱਭੋ। ਨਹੀਂ ਤਾਂ ਇੱਕ ਦਿਨ ਤੁਹਾਨੂੰ ਇਸ ਦਾ ਜਵਾਬ ਜਰੂਰ ਦੇਣਾ ਪਵੇਗਾ। ਜਦੋਂ ਲੋਕ ਇਸ ਪ੍ਰਤੀ ਜਾਗਰੂਕ ਹੋਣਗੇ ਉਸ ਸਮੇਂ ਹੀ ਇਹਨਾਂ ਅਵਾਰਾ ਪਸ਼ੂਆਂ ਦੇ ਪ੍ਰਤੀ ਸਰਕਾਰ ਵੀ ਕੋਈ ਕਦਮ ਉਠਾਏਗੀ।

**ਗੀਤਾ ਜੋਸਨ (ਮਮਦੋਟ) ਫਿਰੋਜਪੁਰ**

**ਸੰਪਰਕ-9646568045**

# ਵਿਦੇਸ਼ਾਂ 'ਚ ਪੜ੍ਹਾਈ ਲਈ ਪੰਜਾਬ ਦਾ ਪੈਸਾ ਕੈਨੇਡਾ ਨੂੰ ਉੱਡਿਆ



ਉੱਚ ਪੜ੍ਹਾਈ ਲਈ ਪੰਜਾਬ ਦੇ ਨੌਜਵਾਨਾਂ ਦਾ ਵਿਦੇਸ਼ ਜਾਣ ਦਾ ਰੁਝਾਨ ਸੂਬਾ ਸਰਕਾਰ ਸਾਹਮਣੇ ਹੁਣ ਗੰਭੀਰ ਸਮੱਸਿਆ ਬਣਦਾ ਜਾ ਰਿਹਾ ਹੈ। ਇਸ ਵੇਲੇ ਸੂਬੇ ਦੇ 1.5 ਲੱਖ ਵਿਦਿਆਰਥੀ ਕੈਨੇਡਾ ਤੇ ਆਸਟਰੇਲੀਆ ਦੇ ਵੱਖ-ਵੱਖ ਸਿੱਖਿਅਕ ਅਦਾਰਿਆਂ ਵਿੱਚ ਦਾਖਲ ਹੋ ਰਹੇ ਹਨ। ਆਈਟੀ ਤੇ ਹੋਟਲ ਮੈਨੇਜਮੈਂਟ ਵਿਚ ਜ਼ਿਆਦਾ ਦਾਖਲਾ ਹੋ ਰਿਹਾ ਹੈ। ਆਈਟੀ ਵਿਚ 21.25% ਹੋਟਲ ਮੈਨੇਜਮੈਂਟ 21.25%, ਪ੍ਰੋਡੈਕਟ ਮੈਨਜਮੈਂਟ 12.5%, ਬਿਜਨੈਸ ਸਟੱਡੀ ਵਿਚ 11.25%, ਫਾਇਨਾਂਸ ਵਿਚ 13.75%, ਹੈਲਥ ਸਾਇੰਸ ਵਿਚ 0.6.25%, ਐਮਬੀਏ ਵਿਚ 0.3.75%। ਔਸਤਨ ਇੱਕ ਵਿਦਿਆਰਥੀ ਤਿੰਨ ਸਾਲਾਂ ਤੇ ਦੋ ਸਾਲਾਂ ਦੇ ਕੋਰਸ 'ਤੇ ਲਗਪਗ 15 ਤੋਂ 22 ਲੱਖ ਰੁਪਏ ਖਰਚਦਾ ਹੈ। ਇਸ ਦਾ ਕਾਰਨ ਇਹ ਹੈ ਕਿ ਪੰਜਾਬ ਵਿਚ ਪੜ੍ਹੇ ਲਿਖੇ ਨੌਜਵਾਨ ਵਰਗ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ। ਜਾਣਕਾਰੀ ਮੁਤਾਬਕ ਹਰ ਸਾਲ ਸੂਬੇ ਤੋਂ 48 ਹਜ਼ਾਰ ਵਿਦਿਆਰਥੀ ਵਿਦੇਸ਼ ਜਾ ਰਹੇ ਹਨ। ਪੰਜਾਬ ਦੇ ਮਾਪੇ ਫੀਸਾਂ ਵਜੋਂ ਹਰ ਸਾਲ ਵਿਦੇਸ਼ੀ ਖਾਤਿਆਂ ਵਿੱਚ 28,500 ਕਰੋੜ ਰੁਪਏ ਜਮ੍ਹਾ ਕਰਦੇ ਹਨ। ਪੰਜਾਬ ਸਰਕਾਰ ਦੇ ਕੁੱਲ ਬਜਟ (ਸਾਲ 2019-20 ਲਈ 1,58,493 ਕਰੋੜ ਰੁਪਏ) ਦਾ 19 ਫੀਸਦੀ ਹਿੱਸਾ ਵਿਦੇਸ਼ ਭੇਜ ਰਹੇ ਹਨ।

ਦੁਆਬਾ ਤੇ ਮਾਲਵਾ ਦੇ 100 ਕਾਨੂੰਨੀ ਟਰੈਵਲ ਏਜੰਟ, ਆਈਲੈਟ ਕੋਚਿੰਗ ਸੈਂਟਰ ਤੇ ਬੈਂਕਿੰਗ ਸੰਸਥਾਵਾਂ ਦੇ ਪ੍ਰਤੀਨਿਧੀਆਂ ਦੇ ਰਾਹੀਂ ਪੜਤਾਲ ਕਰਾਈ ਤਾਂ ਪਤਾ ਲੱਗਾ ਕਿ ਨਸ਼ਾ ਤੇ ਬੇਰੁਜ਼ਗਾਰੀ ਵਰਗੀਆਂ ਸਮੱਸਿਆਵ ਦੇ ਕਾਰਨ ਇੱਥੋਂ ਦੇ 75 ਫੀਸਦੀ ਮਾਪੇ ਆਪਣੇ ਬੱਚਿਆਂ ਨੂੰ 12ਵੀਂ ਮਗਰੋਂ ਵਿਦੇਸ਼ ਸੈਟਲ ਕਰਾਉਣ ਲਈ ਸਰਗਰਮ ਹਨ। ਇਨਾ ਹੀ ਨਹੀਂ, ਸੂਬੇ ਦੇ 80 ਫੀਸਦੀ ਨੌਜਵਾਨ ਵੀ ਵਿਦੇਸ਼ਾਂ ਵਿੱਚ ਵੱਸਣਾ ਚਾਹੁੰਦੇ ਹਨ। ਇਸ ਪਿੱਛੇ ਕਾਰਨ ਇਹ ਹੈ ਕਿ ਕੈਨੇਡਾ ਦੀਆਂ ਉਦਾਰ ਨੀਤੀਆਂ ਤੇ ਪੜ੍ਹਾਈ ਦੇ ਦੌਰਾਨ ਨੌਕਰੀ ਤੇ ਪੀਆਰ ਦੀ ਸਹੂਲਤ ਦੇ ਕਾਰਨ ਪੰਜਾਬ ਦਾ ਨੌਜਵਾਨ ਵਰਗ ਕੈਨੇਡਾ ਨੂੰ ਆਪਣੀ ਪਹਿਲੀ ਪਸੰਦ ਬਣਾਈ ਬੈਠਾ ਹੈ। ਵਧੀਆ ਲਾਈਫ ਸਟਾਇਲ ਦੇ ਨਾਲ ਕੈਨੇਡਾ ਵਿਚ ਕਿਸੇ ਤਰ੍ਹਾਂ ਦਾ ਕੋਈ ਭੇਦਭਾਵ ਨਹੀਂ ਹੈ। ਅਮਰੀਕਾ ਤੇ ਹੋਰ ਦੇਸਾਂ ਵਿਚ ਨਸਲੀ ਭੇਦਭਾਵ ਦੀ ਇਕ ਵੱਡੀ ਸਮੱਸਿਆ ਹੈ, ਪਰ ਕੈਨੇਡਾ ਵਿਚ ਵਿਦੇਸ਼ੀ ਵਿਦਿਆਰਥੀਆਂ ਨਾਲ ਚੰਗਾ ਵਿਹਾਰ ਹੁੰਦਾ ਹੈ। ਵਿਦੇਸ਼ ਵਿਚ ਪੜ੍ਹਾਈ ਕਰਨਾ ਇਕ ਮਹਿੰਗਾ ਸੌਦਾ ਹੈ। ਟਿਊਸ਼ਨ ਫੀਸ, ਰਹਿਣ ਦਾ ਖਰਚਾ ਤੇ ਯਾਤਰਾ ਦਾ ਖਰਚਾ ਆਦਿ। ਕੈਨੇਡਾ ਸਰਕਾਰ ਵਿਦੇਸ਼ੀ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਦੌਰਾਨ ਪਾਰਟ ਟਾਈਮ ਜਾਬ ਕਰਨ ਦੀ ਸਹੂਲਤ ਦਿੰਦੀ ਹੈ। ਪਾਰਟ ਟਾਈਮ ਜਾਬ ਹਫਤੇ ਵਿਚ ਦਸ ਤੋਂ ਵੀਹ ਘੰਟਿਆਂ ਦੀ ਹੁੰਦੀ ਹੈ। ਇਸ ਨਾਲ ਵਿਦਿਆਰਥੀ ਆਪਣੇ ਰਹਿਣ ਸਹਿਣ ਦਾ ਖਰਚਾ ਚੁੱਕ ਲੈਂਦੇ ਹਨ। ਪੰਜਾਬ ਵਿਚ ਹਰ ਸਾਲ ਆਈਲੈਟਸ ਦੀ ਪ੍ਰੀਖਿਆ 'ਤੇ ਪੰਜ ਸੌ ਕਰੋੜ ਦੀ ਰਾਸ਼ੀ ਖਰਚ ਕੀਤੀ ਜਾਂਦੀ ਹੈ। ਪੰਜਾਬ ਵਿਚ ਹਰ ਸਾਲ ਸਾਢੇ ਤਿੰਨ ਲੱਖ ਨੌਜਵਾਨ ਵਰਗ ਆਈਲੈਟਸ ਦੀ ਪ੍ਰੀਖਿਆ ਦਿੰਦੇ ਹਨ। ਇਹ ਤਕਰੀਬਨ ਫੀਸ 15 ਹਜ਼ਾਰ ਰੁਪਏ ਤੱਕ ਹੁੰਦੀ ਹੈ। ਜੇਕਰ ਵਿਦਿਆਰਥੀ ਪੂਰੇ ਬੈਂਡ ਹਾਸਲ ਨਹੀਂ ਕਰ ਸਕਦੇ ਤਾਂ ਉਨ੍ਹਾਂ ਨੂੰ ਦੁਬਾਰਾ ਇਸ ਦੀ ਤਿਆਰੀ ਕਰਨੀ ਪੈਂਦੀ ਹੈ। ਵਿਦਿਆ ਵਿਚ ਬਿਜਨੈਸ ਕਰਨ ਵਾਲੇ ਲੋਕ ਹੁਣ ਕਾਲਜ ਸਕੂਲ ਖੋਲ੍ਹਣ ਦੀ ਥਾਂ ਇਹੀ ਧੰਦਾ ਕਰਨ ਲੱਗ ਪਏ ਹਨ। ਪੰਜਾਬ ਵਿਚ ਹਰ ਕਸਬੇ ਤੇ ਵੱਡੇ ਪਿੰਡਾਂ ਵਿਚ ਆਈਲੈਟਸ ਸੈਂਟਰ ਖੁੱਲ੍ਹੇ ਹੋਏ ਹਨ। ਤਿਆਰੀ ਅਤੇ ਇਮਤਿਹਾਨ ਦੀ ਫੀਸ ਮਿਲਾ ਕੇ ਪ੍ਰਤੀ ਵਿਦਿਆਰਥੀ 30 ਹਜ਼ਾਰ ਰੁਪਏ ਖਰਚਾ ਆਉਂਦਾ ਹੈ।

ਅੱਜ ਕੱਲ੍ਹ ਪੰਜਾਬੀ ਵਿਦਿਆਰਥੀ ਤੁਹਾਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ, ਡੇਲਟਾ, ਵੈਨਕੂਵਰ, ਟੋਰਾਂਟੋ, ਓਨਟਾਰੀਓ, ਮਿਸੀਗਾਗਾ, ਮਾਲਟਨ ਆਦਿ ਅਲਬਰਟਾ ਰਾਜ ਦੇ ਐਡਮਿੰਟਨ, ਕੈਲਗਰੀ, ਕਿਉਬਿਕ ਰਾਜ ਦੇ ਮੌਂਟੀਰੀਆਲ ਦੇ ਮੈਨੀਟੋਬਾ ਵਿਚ ਦਿਖਾਈ ਦੇਣਗੇ। ਕੈਨੇਡਾ ਵਿੱਚ ਪੰਜਾਬੀਆਂ ਦੀ ਧਾਕ ਦਾ ਅੰਦਾਜਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ 21 ਅਕਤੂਬਰ ਨੂੰ ਹੋਣ ਵਾਲੀਆਂ ਸੰਘੀ ਚੋਣਾਂ ਵਿੱਚ 50 ਤੋਂ ਵੱਧ ਉਮੀਦਵਾਰ ਪੰਜਾਬ ਤੋਂ ਹਨ ਅਤੇ ਨਿਊ ਡੈਮੋਕਰੇਟਿਕ ਪਾਰਟੀ ਦੇ ਮੁਖੀ ਜਗਮੀਤ ਸਿੰਘ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਸਭ ਤੋਂ ਮਜ਼ਬੂਤ ਦਾਅਵੇਦਾਰ ਮੰਨਿਆ ਜਾ ਰਿਹਾ ਹੈ। ਕੈਨੇਡਾ ਵਿਚ ਵਿਦਿਆਰਥੀਆਂ ਦਾ ਸ਼ੋਸ਼ਣ

ਕੈਨੇਡਾ ਦੇ ਵੱਖ-ਵੱਖ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ 'ਇੰਟਰਨੈਸ਼ਨਲ ਸਟੂਡੈਂਟਸ' ਵਜੋਂ ਭਾਰਤ ਤੋਂ ਆਉਣ ਵਾਲ ਵਿਦਿਆਰਥੀਆਂ ਵਿਚੋਂ ਬਹੁ-ਗਿਣਤੀ ਪੰਜਾਬੀਆਂ ਦੀ ਹੈ। ਅੰਤਰਰਾਸ਼ਟਰੀ ਵਿਦਿਆਰਥੀਆਂ ਕੋਲੋਂ ਕਥਿਤ ਉੱਚਸਿੱਖਿਆ ਦੀ ਪ੍ਰਾਪਤੀ ਲਈ ਭਾਰੀ ਫ਼ੀਸਾਂ ਵਸੂਲੀਆਂ ਜਾ ਰਹੀਆਂ ਹਨ ਜੋ ਕਿ ਇੱਥੋਂ ਦੇ ਨਾਗਰਿਕ ਅਤੇ ਪੀਆਰ ਵਿਦਿਆਰਥੀਆਂ ਨਾਲੋਂ ਲਗਪਗ ਤਿੰਨ-ਗੁਣਾ ਹਨ ਪਰ ਇਨ੍ਹਾਂ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਵੱਲ ਸਰਕਾਰ ਦਾ ਕੋਈ ਧਿਆਨ ਨਹੀਂ ਹੈ। ਇਨ੍ਹਾਂ ਵਿਦਿਆਰਥੀਆਂ ਦਾ ਸ਼ੋਸ਼ਣ ਉਨ੍ਹਾਂ ਦੇ ਆਪਣੇ ਦੇਸ਼ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਅਜਿਹੇ ਹੀ ਕੁਝ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਅਜਿਹੇ ਠੱਗ ਏਜੰਟਾਂ ਨੇ ਅਜਿਹੇ ਕੋਰਸ ਦਿਵਾ ਦਿੱਤੇ, ਜਿਨ੍ਹਾਂ ਵਿਚ ਗਰੈਜੂਏਸ਼ਨ ਹਾਸਲ ਕਰ ਕੇ ਵੀ ਉਨ੍ਹਾਂ ਨੂੰ ਨੌਕਰੀ ਨਹੀਂ ਮਿਲੀ। ਉਹ ਹੋਰ ਕੋਰਸਾਂ ਵਿਚ ਦਾਖ਼ਲਾ ਲੈਣ ਲਈ ਮਜਬੂਰ ਹਨ ਤਾਂ ਜੋ ਉਨ੍ਹਾਂ ਦਾ ਕੈਨੇਡਾ ਵਿਚ ਪੱਕੇ ਹੋਣਾ ਦਾ ਸੁਫਨਾ ਨਾ ਟੁੱਟੇ ਪਰ ਇਸ ਕਾਰਨ ਉਹ ਹਜ਼ਾਰਾਂ ਡਾਲਰਾਂ ਦੇ ਕਰਜ਼ਾਈ ਹੋ ਜਾਂਦੇ ਹਨ। ਅੰਤਰਰਾਸ਼ਟਰੀ ਵਿਦਿਆਰਥੀ ਯੂਨੀਵਰਸਿਟੀ ਦੇ ਅੰਡਰ ਗ੍ਰੈਜੂਏਟ ਪ੍ਰੋਗਰਾਮਾਂ ਵਿਚ ਕੈਨੇਡੀਅਨ ਵਿਦਿਆਰਥੀਆਂ ਨਾਲੋਂ 3.4 ਗੁਣਾ ਵਧੇਰੇ ਟਿਊਸ਼ਨ ਫ਼ੀਸ ਅਦਾ ਕਰਦੇ ਹਨ, ਜਦਕਿ ਗ੍ਰੈਜੂਏਟ ਪ੍ਰੋਗਰਾਮਾਂ ਵਿਚ ਇਹ ਫ਼ੀਸ ਲਗਪਗ ਦੁੱਗਣੀ ਹੈ। ਮੈਨੀਟੋਬਾ ਸਰਕਾਰ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਜਨਤਕ ਸਿਹਤ ਯੋਜਨਾਵਾਂ ਨੂੰ ਰੱਦ ਕਰਨਾ ਬਹੁਤ ਸਾਰੇ ਵਿਦਿਆਰਥੀਆਂ ਲਈ ਵਿੱਤੀ ਦਬਾਅ ਦਾ ਇਕ ਹੋਰ ਪ੍ਰਮੁੱਖ ਕਾਰਨ ਹੈ। ਵਿਨੀਪੈਗ ਵਿਚ ਸਭ ਤੋਂ ਵੱਡੀ ਮੁਸ਼ਕਲ ਹੈ ਮੌਸਮ। ਜ਼ਿਆਦਾ ਬਰਫ਼ਬਾਰੀ ਹੋਣ ਕਾਰਨ ਦਸੰਬਰ ਤੋਂ ਮਾਰਚ ਤੱਕ ਤਾਪਮਾਨ ਦਾ ਪੱਧਰ ਮਨਫ਼ੀ 20 ਤੋਂ ਲੈ ਕਰ ਮਨਫ਼ੀ 40 ਤੱਕ ਹੇਠਾਂ ਡਿੱਗ ਜਾਂਦਾ ਹੈ। ਇੱਥੇਰਹਿੰਦੇ ਵਿਦਿਆਰਥੀਆਂ ਨੇ ਦੱਸਿਆ ਕਿ ਸਭ ਤੋਂ ਔਖਾ ਕੰਮ ਘਰ ਲੱਭਣਾ ਹੈ। ਇਸ ਮਗਰੋਂ ਕੰਮ ਲੱਭਣ ਲਈ ਵੀ ਕਾਫ਼ੀ ਮਿਹਨਤ ਕਰਨੀ ਪੈਂਦੀ ਹੈ। ਕੈਨੇਡਾ ਇਮੀਗ੍ਰੇਸ਼ਨ ਵਿਭਾਗ ਅਨੁਸਾਰ ਕੋਈ ਵੀ ਅੰਤਰਰਾਸ਼ਟਰੀ ਵਿਦਿਆਰਥੀ ਇਕ ਹਫ਼ਤੇ ਵਿਚ 20 ਘੰਟੇ ਤੋਂ ਜ਼ਿਆਦਾ ਕੰਮ ਨਹੀਂ ਕਰ ਸਕਦਾ ਤੇ ਜੇ ਕੋਈ ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਦਾ ਫੜਿਆ ਗਿਆ ਤਾਂ ਉਸ ਨੂੰ ਕੈਨੇਡਾ ਵਿਚੋਂ ਡਿਪੋਰਟ ਕਰ ਦਿੱਤਾ ਜਾਵੇਗਾ। ਬਹੁਤ ਸਾਰੇ ਬਿਜ਼ਨਸ ਅਦਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਨੌਕਰੀਆਂ ਦੇਣ ਨੂੰ ਤਰਜੀਹ ਦਿੰਦੇ ਹਨ ਕਿਉਂਕਿ ਉਹ ਘੱਟ ਡਾਲਰਾਂ ਵਿਚ ਪ੍ਰਤੀ ਘੰਟਾ ਕੰਮ ਪ੍ਰਵਾਨ ਕਰ ਲੈਂਦੇ ਹਨ। ਪੀਆਰ ਵਾਸਤੇ ਪੀਐੱਨਪੀ ਤੇ ਐੱਲਐੱਮਆਈਏ ਸ਼ਰ੍ਹੇਆਮ ਵਿਕ ਰਹੀਆਂ ਹਨ। ਕਦੇ ਇਹ ਸੌਦਾ 10 ਕੁ ਹਜ਼ਾਰ ਡਾਲਰ ਵਿਚ ਹੁੰਦਾ ਸੀ ਪਰ ਹੁਣ ਕੀਮਤ 40-50 ਹਜ਼ਾਰ ਡਾਲਰ ਤੱਕ ਅੱਪੜ ਗਈ ਹੈ। ਇੰਜ ਇਕ ਪਾਸੇ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸ਼ੋਸ਼ਣ ਹੋ ਰਿਹਾ ਹੈ ਅਤੇ ਦੂਜੇ ਪਾਸੇ ਨੌਕਰੀਆਂ ਦਾ ਆਮ ਪ੍ਰਤੀ ਘੰਟਾ ਰੇਟ ਵੀ ਡਿੱਗ ਰਿਹਾ ਹੈ।

**ਪ੍ਰੋ. ਬਲਵਿੰਦਰਪਾਲ ਸਿੰਘ**
**ਮੋ.: 9815700916**

## ਮਾਡਰਨ ਜ਼ਮਾਨੇ 'ਚ ਖੁਸ਼ੀ ਦੇ ਦੀਵੇਂ ਨਾ ਕਦੇ ਬੁਝਣ ਦੇਈਏ..

ਕਈ ਮਾਪੇ ਤਾਂ ਦੀਵਾਲੀ ਦੇ ਦਿਨਾਂ ਵਿਚ ਆਪਣੇ ਬੱਚਿਆਂ ਦੇ ਸ਼ੌਕ ਪੂਰੇ ਕਰ ਦਿੰਦੇ ਸੀ, ਪਰ ਗ਼ਰੀਬ ਪਰਿਵਾਰ 'ਚ ਪਲੇ ਬੱਚਿਆਂ ਦੇ ਮਾਪੇ ਤਿਉਹਾਰਾਂ ਦੇ ਦਿਨਾਂ 'ਚ ਤਾਂ ਬੱਚਿਆਂ ਨੂੰ ਸ਼ਹਿਰ ਵੀ ਨਹੀਂ ਸੀ ਲੈ ਕੇ ਜਾਂਦੇ, ਕਿਉਂਕਿ ਜੇਬਾਂ ਖ਼ਾਲੀ ਹੁੰਦੀਆਂ ਸਨ ਅਤੇ ਬੱਚੇ ਚੀਜ਼ਾਂ ਮੰਗਦੇ ਸਨ। ਵੇਲਾ ਇੱਕ ਵਾਰ ਤਾਂ ਅਜਿਹਾ ਆਇਆ ਕਿ ਗ਼ਰੀਬਾਂ ਦੇ ਲਈ ਵੀ ਅਜਿਹੇ ਖਿਡੌਣੇ ਬਣਨ ਲੱਗੇ, ਜਿਸ ਨੂੰ ਵੇਖ ਕੇ ਹਰ ਕੋਈ ਹੈਰਾਨ ਹੀ ਹੋ ਜਾਂਦਾ ਸੀ। ਖਿਡੌਣੇ ਵੀ ਮਿੱਟੀ ਦੇ ਅਤੇ ਮਿੱਟੀ ਦੇ ਖਿਡੌਣਿਆਂ ਨੂੰ ਜਵਾਕ ਬੜੇ ਸੰਭਾਲ ਸੰਭਾਲ ਕੇ ਰੱਖਦੇ ਸਨ। ਵੇਲਾ ਜੇਕਰ ਬਚਪਨ ਦਾ ਯਾਦ ਕਰੀਏ ਤਾਂ ਅੱਖਾਂ ਵਿੱਚੋਂ ਹੰਝੂ ਵਹਿਣ ਲੱਗ ਪੈਂਦੇ ਹਨ ਕਿ ਕਿੰਨਾ ਚੰਗਾ ਉਹ ਵੇਲਾ ਸੀ, ਜਦੋਂ ਅਸੀਂ ਨਿੱਕੇ ਹੁੰਦੇ ਮਾਪਿਆਂ ਕੋਲੋਂ ਤਿਉਹਾਰਾਂ ਦੇ ਦਿਨਾਂ ਵਿੱਚ ਚੀਜ਼ਾਂ ਮੰਗਦੇ ਹੁੰਦੇ ਸੀ ਤਾਂ ਮਾਪੇ ਮਿੱਟੀ ਦੀਆਂ ਕੁੱਜੀਆਂ ਤੇ ਹੋਰ ਭਾਂਡੇ ਹੀ ਘੁਮਿਆਰਾਂ ਕੋਲੋਂ ਲੈ ਦਿੰਦੇ ਸੀ। ਖੌਰੇ ਇਸ ਲਈ ਹੀ ਸਾਰਿਆਂ ਦੇ ਦਿਲ ਖਰੇ ਸਨ। ਸਿਆਣੇ ਹੁਣ ਵੀ ਕਹਿੰਦੇ ਹਨ ਕਿ ਮਿੱਟੀ ਦਾ ਭਾਂਡਾ ਖਰਾ ਅਤੇ ਸੁੱਚਾ ਹੁੰਦਾ ਹੈ, ਕਿਉਂਕਿ ਉਹ ਜ਼ਮੀਨ ਵਿੱਚਲੀ ਮਿੱਟੀ ਦੇ ਨਾਲ ਬਣਦਾ ਹੈ ਅਤੇ ਅੱਗ 'ਤੇ ਸੁਕਾਇਆ ਜਾਂਦਾ ਹੈ। ਹੁਣ ਦੇ ਵੇਲੇ ਵਿੱਚ ਤਾਂ ਮਿੱਟੀ ਦੇ ਭਾਂਡੇ ਹੀ ਖ਼ਤਮ ਹੋਣੇ ਸ਼ੁਰੂ ਹੋ ਗਏ ਹਨ। ਵੇਖਿਆ ਜਾਵੇ ਤਾਂ ਪੁਰਾਣੇ ਜ਼ਮਾਨੇ ਦੇ ਵਿੱਚ ਮਾਪੇ ਵੀ ਆਪਣੇ ਬੱਚਿਆਂ ਨੂੰ ਘੁਮਿਆਰਾਂ ਤੋਂ ਮਿੱਟੀ ਦੇ ਭਾਂਡੇ ਬੜੇ ਹੀ ਸ਼ੌਕ ਦੇ ਨਾਲ ਖ਼ਰੀਦ ਕੇ ਦਿੰਦੇ ਹੁੰਦੇ ਸੀ ਕਿ ਬੱਚੇ ਉਕਤ ਖਿਡੌਣੇ ਦੇ ਨਾਲ ਖੇਡਦੇ ਰਹਿਣ ਅਤੇ ਉਸ ਵਿੱਚ ਘੁਲ ਮਿਲ ਜਾਣ। ਭਾਵੇਂ ਕਿ ਅੱਜ ਜ਼ਮਾਨਾ ਬਦਲ ਚੁੱਕਿਆ ਹੈ ਅਤੇ ਮਾਡਰਨ ਜ਼ਮਾਨੇ ਦੇ ਲੋਕ ਇਸ ਧਰਤੀ 'ਤੇ ਰਹਿਣ ਲੱਗ ਪਏ ਹਨ। ਪਰ ਕਈ ਇਲਾਕੇ ਹੁਣ ਵੀ ਐਸੇ ਹਨ ਭਾਰਤ ਦੇਸ਼ ਦੇ ਅੰਦਰ ਜਿੱਥੇ ਸਾਨੂੰ ਹਾਲੇ ਵੀ ਕਈ ਪ੍ਰਕਾਰ ਦੀਆਂ ਪੁਰਾਣੀ ਵਸਤੂਆਂ ਅਤੇ ਖਿਡੌਣੇ ਬੜੇ ਹੀ ਸਸਤੇ ਭਾਅ 'ਤੇ ਮਿਲ ਜਾਂਦੇ ਹਨ। ਅੱਜ ਭਾਵੇਂ ਹੀ ਅਸੀਂ ਮਾਡਰਨ ਜ਼ਮਾਨੇ ਦੇ ਵਿੱਚ ਪੈਰ ਧਰ ਚੁੱਕੇ ਹਾਂ, ਪਰ ਪਾਣੀ ਪੀਣ ਅਤੇ ਰੋਟੀ ਖਾਣ ਦਾ ਸਵਾਦ ਤਾਂ ਮਿੱਟੀ ਦੇ ਭਾਂਡਿਆਂ ਵਿੱਚ ਹੀ ਆਉਂਦਾ ਹੈ। ਚਲੋ ਖ਼ੈਰ.!!ਲੋਕਾਂ ਨੇ ਕਿਥੇ ਮੰਨਣਾ ਹੈ, ਇਹ ਤਾਂ ਚੀਨੀ ਸਮਾਨ ਦੇ ਸ਼ੌਕੀਨ ਹੋ ਗਏ। ਭਾਵੇਂ ਹੀ ਚੀਨ ਨੇ ਸਾਡੇ ਭਾਰਤ ਦੇਸ਼ ਨੂੰ ਕਈ ਪ੍ਰਕਾਰ ਦੀਆਂ ਸਹੂਲਤਾਂ ਦਿੱਤੀਆਂ ਹਨ, ਪਰ ਸਾਡਾ ਵਿਰਸਾ ਸਾਡੇ ਤੋਂ ਖੋਹ ਲਿਆ ਹੈ। ਇਹ ਵਿਰਸਾ ਭਾਵੇਂ ਹੀ ਮੇਰੇ ਮੁਤਾਬਿਕ ਸਾਡੇ ਕੋਲੋਂ ਚੀਨੀਆਂ ਨੇ ਖੋਹਿਆ ਹੈ, ਪਰ ਕੁਝ ਹੱਦ ਤੱਕ ਅਸੀਂ ਖ਼ੁਦ ਵੀ ਇਸ ਦੇ ਜ਼ਿੰਮੇਵਾਰ ਹਾਂ। ਕਿਉਂਕਿ ਅਸੀਂ ਆਪਣੇ ਵਿਰਸੇ ਨੂੰ ਭੁੱਲਦੇ ਜਾ ਰਹੇ ਹਾਂ ਅਤੇ ਨਵੀਆਂ ਨਵੀਆਂ ਚੀਜ਼ਾਂ ਨੂੰ ਆਪਣੇ ਮਨ ਅੰਦਰ ਵਸਾ ਕੇ ਉਨ੍ਹਾਂ ਨੂੰ ਪਾਉਣ ਦੀਆਂ ਗੱਲਾਂ ਕਰ ਰਹੇ ਹਾਂ। ਅੱਜ ਹਰ ਕਿਸੇ ਦੇ ਘਰ ਸਟੀਲ, ਪਲਾਸਟਿਕ ਆਦਿ ਦੇ ਬਰਤਨ ਹੋਣਗੇ। ਪਰ ਕਿਸੇ ਵਿਰਲੇ ਦੇ ਘਰ ਹੀ ਮਿੱਟੀ ਦਾ ਬਰਤਨ ਹੋਵੇਗਾ, ਜਿਸ ਦੇ ਵਿੱਚ ਉਹ ਸਬਜ਼ੀ ਆਦਿ ਬਣਾਉਂਦੇ ਹੋਣਗੇ ਜਾਂ ਫਿਰ ਦੁੱਧ ਰਿੜਕਦੇ ਹੋਣਗੇ। ਜਿਸ ਪ੍ਰਕਾਰ ਸਾਡੀ ਜ਼ਿੰਦਗੀ ਦੇ ਵਿੱਚ ਚੀਨੀ ਸਮਾਨ ਅਤੇ ਪਲਾਸਟਿਕ ਦੀਆਂ ਚੀਜ਼ਾਂ ਨੇ ਥਾਂ ਲੈ ਲਈ ਹੈ, ਬਿਲਕੁਲ ਉਸੇ ਪ੍ਰਕਾਰ ਹੀ ਮਿੱਟੀ ਦੇ ਦੀਵਿਆਂ ਦੀ ਥਾਂ ਹੁਣ ਬਲਬਾਂ ਅਤੇ ਬੱਤੀਆਂ ਨੇ ਲੈ ਲਈ ਹੈ। ਅੱਜ ਦੀਵੇ ਕਿਸੇ ਵਿਰਲੇ ਘਰ ਹੀ ਜਗਦੇ ਹਾਂ, ਕਿਉਂਕਿ ਲੋਕਾਂ ਨੂੰ ਲੱਗਦਾ ਹੈ ਕਿ ਦੀਵੇ ਦਾ ਚਾਨਣ ਬਹੁਤ ਘੱਟ ਹੈ, ਪਰ ਲੋਕ ਇਹ ਨਹੀਂ ਸੋਚਦੇ ਕਿ ਦੀਵੇ ਜਿੰਨਾ ਚਾਨਣ ਹੀ ਸਾਡੀ ਜ਼ਿੰਦਗੀ ਨੂੰ ਕਈ ਵਾਰ ਰੁਸ਼ਨਾ ਦਿੰਦਾ ਹੈ। ਅੱਜ ਜਦੋਂ ਵੀ ਗੱਲ ਚੱਲਦੀ ਹੈ ਕਿ ਮਿੱਟੀ ਦੇ ਭਾਂਡਿਆਂ ਦੀ ਤਾਂ ਸਾਰੇ ਹੀ ਮੁੱਖ ਮੋੜ ਲੈਂਦੇ ਹਨ। ਅੱਜ ਕੋਈ ਵੀ ਮਾਂ ਬਾਪ ਆਪਣੇ ਬੱਚਿਆਂ ਨੂੰ ਮਿੱਟੀ ਦੇ ਭਾਂਡੇ ਵਿੱਚ ਖਾਣਾ ਖੁਆ ਕੇ ਰਾਜ਼ੀ ਨਹੀਂ ਹੈ। ਮਿੱਟੀ ਦੇ ਭਾਂਡੇ ਨਾ ਵਿਕਣ ਦੇ ਕਾਰਨ ਘੁਮਿਆਰਾਂ ਦਾ ਕਾਰੋਬਾਰ ਠੱਪ ਹੋਣ ਦੀ ਕੰਗਾਰ 'ਤੇ ਆ ਚੁੱਕਿਆ ਹੈ। ਭਾਵੇਂ ਹੀ ਕੁਝ ਕੁ ਘੁਮਿਆਰਾਂ ਦੇ ਵੱਲੋਂ ਆਪਣਾ ਇਹ ਮਿੱਟੀ ਦੇ ਭਾਂਡੇ ਬਣਾਉਣ ਦਾ ਕੰਮ ਛੱਡ ਕੇ ਹੋਰ ਕੋਈ ਕੰਮ ਆਰੰਭ ਲਿਆ ਗਿਆ ਹੈ, ਪਰ ਸਾਡੇ ਸਮਾਜ ਨੂੰ ਵੀ ਸੋਚਣਾ ਚਾਹੀਦਾ ਹੈ ਕਿ ਜਿਸ ਦੇ ਨਾਲ ਸਾਡਾ ਸਭਿਆਚਾਰ ਜੁੜਿਆ ਹੈ, ਵਿਰਸਾ ਜੁੜਿਆ ਹੈ, ਉਸ ਨੂੰ ਸੰਭਾਲ ਕੇ ਰੱਖਿਆ ਜਾ ਸਕੇ। ਪਰ, ਸਾਡੀ ਸਭਨਾਂ ਨੂੰ ਇੱਕੋ ਹੀ ਅਪੀਲ ਹੈ ਕਿ ਇਸ ਵਾਰ ਦੀਵਾਲੀ ਦੇ ਤਿਉਹਾਰ ਮੌਕੇ ਮਿੱਟੀ ਦੇ ਦੀਵਿਆਂ ਦਾ ਚਾਨਣ ਆਪਣੇ ਘਰਾਂ ਵਿੱਚ ਜ਼ਰੂਰ ਕਰੋ। ਕਿਉਂਕਿ ਇੱਕ ਦੀਵੇ ਦੇ ਬੁਝਣ ਨਾਲ ਕਈ ਘਰ ਤਬਾਹ ਹੋ ਜਾਂਦੇ ਹਨ।

**ਪਰਮਜੀਤ ਕੌਰ ਸਿੱਧੂ +91 98148 90905**

## ਬਰੈਕਸਿਟ ! ਬਰੈਕਸਿਟ !! ਬਰੈਕਸਿਟ !!!

ਪਿਛਲੇ ਦੋ ਢਾਈ ਸਾਲ ਤੋਂ ਬਰਤਾਨੀਆਂ ਵਿੱਚ ਇੱਕ ਹੀ ਰਾਮ ਰੌਲਾ ਸੁਣਿਆ ਜਾ ਰਿਹਾ ਹੈ ਤੇ ਉਹ ਹੈ ਬਰੈਕਸਿਟ । ਇਸ ਮੁੱਦੇ ਦੀ ਘਰ ਘਰ ਤੇ ਹਰ ਗਲੀ ਮੁਹੱਲੇ ਚਰਚਾ ਆਮ ਹੈ। ਹਰ ਕੋਈ ਆਪੋ ਆਪਣੇ ਕਿਆਫੇ ਅਤੇ ਅਟਕਲਪੱਚੂ ਲਗਾ ਰਿਹਾ ਹੈ। ਕੋਈ ਲੇਬਰ ਦੇ ਹੱਕ ਵਿੱਚ ਗੱਲ ਕਰਦਾ ਹੈ ਤੇ ਕੋਈ ਸੱਤਾਧਾਰੀ ਟੋਰੀ ਪਾਰਟੀ ਦੇ ਹੱਕ ਦੀ। ਕੁਝ ਅਜਿਹੇ ਵੀ ਹਨ ਜੋ ਲਿਬਰਲ ਡੈਮੋਕਰੇਟ ਦੇ ਹੱਕ ਦੀ ਹਾਮੀ ਭਰਦੇ ਹੋਏ ਇਹ ਕਹਿੰਦੇ ਹਨ ਕਿ ਲੇਬਰ ਅਤੇ ਟੋਰੀ ਪਾਰਟੀਆਂ ਮੂਲ ਦੀ ਬਿਹਤਰੀ ਕਰਨ ਵਿੱਚ ਬੁਰੀ ਤਰ੍ਹਾਂ ਫੇਲ ਹੋਈਆਂ ਹਨ ਤੇ ਹੁਣ ਇੱਕ ਮੌਕਾ ਲਿਬਰਲ ਡੈਮਕਰੇਟ ਨੂੰ ਵੀ ਦਿੱਤਾ ਜਾਣਾ ਚਾਹੀਦਾ ਹੈ।

ਇਸ ਅਤੀ ਸੰਜੀਦਾ ਅਤੇ ਪੇਚੀਦਾ ਹੋ ਚੁੱਕੇ ਮਸਲੇ ਨੇ ਤਿੰਨ ਸਾਲ ਦੇ ਛੋਟੇ ਜਿਹੇ ਅਰਸੇ ਵਿੱਚ ਬਰਤਾਨੀਆ ਦੇ ਤਿੰਨ ਪ੍ਰਧਾਨ ਮੰਤਰੀ ਬਦਲ ਦਿੱਤੇ। ਡੇਵਿਡ ਕੈਮਰਨ ਨੇ ਬਰਤਾਨੀਆ ਵਿੱਚ ਇਹ ਸਮਝਕੇ ਰੈਫਰੈਂਡਮ ਕਰਵਾਇਆ ਸੀ ਕਿ ਮੁਲਕ ਦੇ ਲੋਕ ਯੂਰਪੀ ਯੂਨੀਅਨ ਨਾਲ ਬਣੇ ਰਹਿਣ ਦੇ ਹੱਕ ਵਿੱਚ ਫ਼ਤਵਾ ਦੇਣਗੇ ਪਰ ਨਤੀਜਾ ਉਲਟ ਆਇਆ ਜਿਸ ਕਰਕੇ ਉਸ ਨੂੰ ਅਸਤੀਫ਼ਾ ਦੇਣਾ ਪਿਆ। ਫਿਰ ਵਾਰੀ ਆਈ ਥਰੀਸਾ ਮੇ ਦੀ। ਥਰੀਸਾ ਮੇ ਇੱਕ ਬਹੁਤ ਹੀ ਸੁਲ਼ਝੀ ਹੋਈ ਲੇਡੀ ਸੀ ਜੋ ਲੰਮਾ ਸਮਾਂ ਵਰਕਰ ਯੂਨੀਅਨ ਨੇਤਾ ਰਹਿਣ ਤੋਂ ਬਾਅਦ ਸਿਆਸਤ ਵਿੱਚ ਆਈ। ਇੱਥੋਂ ਦੇ ਲੋਕਾਂ ਨੂੰ ਉਸ ਤੋਂ ਬਹੁਤ ਸਾਰੀਆਂ ਆਸਾਂ ਸਨ। ਮੁਲਕ ਦੀ ਪ੍ਰਧਾਨ ਮੰਤਰੀ ਚੁਣੇ ਜਾਣ ਤੋਂ ਬਾਅਦ ਉਸ ਨੇ ਯੂਰਪੀ ਯੂਨੀਅਨ ਨਾਲ ਇਕਰਾਰਨਾਮਾ ਸਾਈਨ ਕਰਨ ਵਾਸਤੇ ਤਿੰਨ ਮਸੌਦੇ ਹਾਊਸ ਆਫ ਕੌਮਨ ਵਿੱਚ ਪੇਸ਼ ਕੀਤੇ ਜੋ ਬੁਰੀ ਤਰ੍ਹਾਂ ਰੱਦ ਹੋਏ। ਹੈਰਾਨੀ ਵਾਲੀ ਗੱਲ ਇਹ ਰਹੀ ਕਿ ਤਿੰਨੇ ਹੀ ਮਸੌਦੇ ਰੱਦ ਕਰਨ ਵਿੱਚ ਵਿਰੋਧੀ ਧਿਰ ਦੇ ਨਾਲ ਉਸ ਦੀ ਆਪਣੀ ਕੰਜ਼ਰਵੇਟਿਵ ਪਾਰਟੀ ਦੇ ਬਹੁਤ ਸਾਰੇ ਮੈਂਬਰ ਪਾਰਲੀਮੈਂਟ ਵੀ ਉਸ ਦੇ ਵਿਰੁੱਧ ਭੁਗਤੇ।

ਆਖਿਰ ਪੇਸ਼ ਨਾ ਚਲਦੀ ਦੇਖ ਕੇ ਥਰੀਸਾ ਮੇ ਨੇ ਯੂਰਪੀ ਯੂਨੀਅਨ ਤੋਂ 31 ਮਾਰਚ ਤੋਂ 31 ਅਕਤੂਬਰ ਤੱਕ ਦੀ ਐਕਸਟੈਨਸ਼ਨ ਲੈ ਲਈ ਤੇ ਆਪ 7 ਜੂਨ ਨੂੰ ਅਸਤੀਫ਼ਾ ਦੇ ਦਿੱਤਾ। ਇੱਥੇ ਜ਼ਿਕਰ ਕਰਨਾ ਬਣਦਾ ਹੈ ਕਿ ਬੇਸ਼ੱਕ ਥਰੀਸਾ ਮੇ ਆਪਣੀ ਪਾਰਟੀ ਦੇ ਮੈਨੀਫੈਸਟੋ ਮੁਤਾਬਿਕ ਯੂਰਪੀਨ ਤੋਂ ਬਾਹਰ ਜਾਣ ਦੇ ਹੱਕ ਵਿੱਚ ਸੀ ਤੇ ਇਸ ਵਾਸਤੇ ਉਸਨੇ ਪੂਰੀ ਵਾਹ ਪੇਸ਼ ਵੀ ਲਾਈ ਪਰ ਅਸਲੀਅਤ ਇਹ ਸੀ ਕਿ ਅੰਦਰੋਂ ਉਹ ਵੀ ਬਿਨਾ ਕਿਸੇ ਡੀਲ ਤੋਂ ਯੂਰਪੀ ਯੂਨੀਅਨ ਛੱਡਣ ਲਈ ਤਿਆਰ ਨਹੀਂ ਸੀ। ਉਸ ਅੰਦਰਲੇ ਇਸ ਸੱਚ ਦਾ ਬਰੱਸਲਜ਼ ਵਿੱਚ ਬੈਠੇ ਯੂਰਪੀ ਯੂਨੀਅਨ ਕਮਿਸ਼ਨ ਨੇ ਪੂਰਾ ਪੂਰਾ ਫ਼ਾਇਦਾ ਉਠਾਇਆ ਤੇ ਬਰਤਾਨੀਆ ਉੱਤੇ ਦਬਾਅ ਬਣਾਉਣ ਵਿੱਚ ਵਾਰ ਵਾਰ ਸਫਲ ਹੁੰਦਾ ਰਿਹਾ।

ਥਰੀਸਾ ਮੇ ਦੇ ਅਸਤੀਫ਼ੇ ਤੋਂ ਬਾਦ ਪਾਰਟੀ ਨੇ ਹੁਣ ਧੁਨ ਅਤੇ ਇਰਾਦੇ ਦੇ ਪੱਕੇ ਨੇਤਾ ਬੌਰਿਸ ਜੌਹਨਸਨ ਨੂੰ ਪ੍ਰਧਾਨ ਮੰਤਰ ਥਾਪ ਕੇ ਮੈਦਾਨ ਵਿੱਚ ਉਤਾਰਿਆ ਹੈ। ਬੌਰਿਸ ਜੌਹਨਸਨ ਇੱਕ ਅਜਿਹਾ ਨੇਤਾ ਹੈ, ਉਹ ਜੋ ਕਹਿੰਦਾ ਹੈ, ਉਹ ਕਰਦਾ ਹੈ। ਕਹਿਣ ਦਾ ਭਾਵ ਇਹ ਕਿ ਉਸਦੀ ਕਹਿਣੀ ਅਤੇ ਕਰਨੀ ਵਿੱਚ ਅੰਤਰ ਨਹੀਂ ਹੁੰਦਾ। ਇਹੀ ਕਾਰਨ ਹੈ ਕਿ ਉਸ ਦੇ ਹੁਣ ਤੱਕ ਦੇ ਬਿਆਨ ਦਰਸਾਉਂਦੇ ਹਨ ਕਿ ਉਹ ਬਰਤਾਨੀਆ ਨੂੰ ਯੂਰਪੀ ਯੂਨੀਅਨ ਵਿੱਚੋਂ ਬਾਹਰ ਲਿਜਾਣ ਵਾਸਤੇ ਪੂਰੀ ਤਰ੍ਹਾਂ ਬਜ਼ਿਦ ਹੈ। ਬੇਸ਼ੱਕ ਉਹ ਇਹ ਕੋਸ਼ਿਸ਼ ਵੀ ਕਰ ਰਿਹਾ ਹੈ ਕਿ ਬਰਤਾਨੀਆ ਤੇ ਯੂਰਪੀ ਯੂਨੀਅਨ ਦੋਹਾਂ ਧਿਰਾਂ ਵਿਚਕਾਰ ਦੋਹਾਂ ਦੇ ਹਿਤਾਂ ਨੂੰ ਮੁੱਖ ਰੱਖਕੇ ਕੋਈ ਆਪਸੀ ਸਹਿਮਤੀ ਵਾਲਾ ਇਕਰਾਰਨਾਮਾ ਹੋ ਜਾਵੇ ਪਰ ਅਗਰ ਅਜਿਹਾ ਨਹੀਂ ਵੀ ਹੁੰਦਾ ਤਾਂ ਵੀ ਬੌਰਿਸ ਜੌਹਨਸਨ ਨੇ 31 ਅਕਤੂਬਰ 2019 ਨੂੰ ਬਰਤਾਨੀਆ ਨੂੰ ਯੂਰਪੀ ਯੂਨੀਅਨ ਵਿੱਚੋਂ ਬਾਹਰ ਕਰਨ ਦਾ ਦਾ ਪੱਕਾ ਨਿਸਚਾ ਕੀਤਾ ਹੋਇਆ ਹੈ ਤੇ ਇਸ ਸੰਬੰਧੀ ਬਰਤਾਨੀਆ ਸਰਕਾਰ ਵੱਲੋਂ ਅਗਾਊਂ ਹੀ ਪੁਖ਼ਤਾ ਕਦਮ ਪੁੱਟੇ ਜਾ ਰਹੇ ਹਨ। ਵੀਹ ਹਜ਼ਾਰ ਪੁਲਿਸ ਅਫਸਰ ਭਰਤੀ ਕੀਤੇ ਜਾ ਰਹੇ ਹਨ। ਸਿਹਤ ਸੇਵਾਵਾਂ ਵਾਸਤੇ ਫੰਡ ਰਾਖਵਾਂ ਕੀਤਾ ਗਿਆ ਹੈ ਤੇ ਬਰਤਾਨੀਆ ਦੀ ਸਰਹੱਦੀ ਤੇ ਕਸਟਮ ਫੋਰਸ ਨੂੰ ਚੁਸਤ ਦਰੁਸਤ ਕੀਤਾ ਜਾ ਰਿਹਾ ਹੈ। ਹਰ ਤਰ੍ਹਾਂ ਦੇ ਮੀਡੀਏ ਰਾਹੀਂ ਲੋਕਾਂ ਨੂੰ ਸੁਚੇਤ ਕੀਤਾ ਜਾ ਰਿਹਾ ਕਿ 31 ਅਕਤੂਬਰ ਤੋਂ ਪਹਿਲਾ ਉਹਨਾਂ ਵਾਸਤੇ ਕਿਹੜੇ ਕਦਮ ਚੁੱਕਣੇ ਜ਼ਰੂਰੀ ਹਨ। ਕੌਮੀ ਮਾਰਗਾਂ ਉੱਤੇ ਲੱਗੇ ਹੰਗਾਮੀ ਸੂਚਨਾ ਬੋਰਡਾਂ ਰਾਹੀਂ ਗੱਡੀ ਮੋਟਰ ਚਾਲਕਾਂ ਨੂੰ ਇਸ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਵਾਸਤੇ ਸਰਕਾਰੀ ਵੈੱਬਸਾਈਟਾਂ ਦਾ ਹਵਾਲਾ ਦੇ ਕੇ ਸੁਚੇਤ ਕੀਤਾ ਜਾ ਰਿਹਾ ਹੈ। ਵੱਖ ਵੱਖ ਸਰਕਾਰੀ ਅਤੇ ਗ਼ੈਰ ਸਰਕਾਰੀ ਵਿਭਾਗਾਂ ਵਿੱਚ ਬਰੈਕਸਿਟ ਨੂੰ ਲੈ ਕੇ ਤਿਆਰੀਆਂ ਵਾਸਤੇ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ।

ਦਰਅਸਲ, ਬਰਤਾਨੀਆ ਦੇ ਇਤਿਹਾਸ ਵਿੱਚ ਇਹ ਮਹੀਨਾ ਕਾਫ਼ੀ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ ਤੇ ਇਸ ਮਹੀਨੇ ਨੂੰ ਬਰੈਕਸਿਟ ਦਾ ਮਹੀਨਾ ਕਿਹਾ ਜਾ ਰਿਹਾ ਹੈ। ਬਰੈਕਸਿਟ ਬਾਰੇ ਲੋਕਾਂ ਵਿੱਚ ਚਰਚਾ ਤਾਂ ਬੇਸ਼ਕ ਬੇਸ਼ੱਕ 2017 ਤੋਂ ਹੀ ਕਾਫ਼ੀ ਚੱਲ ਰਹੀ ਹੈ ਪਰ ਇਸ ਸੰਬੰਧੀ ਸਭ ਤੋਂ ਵੱਧ ਭੰਬਲ਼ਭੂਸਾ ਇਸ ਮਹੀਨੇ ਵਿੱਚ ਹੀ ਪੈਦਾ ਹੋ ਰਿਹਾ ਹੈ। ਹੁਣ ਦੇਖਣਾ ਇਹ ਹੋਵੇਗਾ ਕਿ 31 ਅਕਤੂਬਰ ਤੱਕ ਬਰੈਕਸਿਟ ਦਾ ਊਠ ਕਿਸ ਕਰਵਟ ਬੈਠਦਾ ਹੈ। ਇੱਥੇ ਜ਼ਿਕਰਯੋਗ ਹੈ ਕਿ ਜੇਕਰ 19 ਅਕਤੂਬਰ ਤੱਕ ਬਰਤਾਨੀਆ ਤੇ ਯੂਰਪੀ ਯੂਨੀਅਨ ਵਿਚਕਾਰ ਕੋਈ ਇਕਰਾਰਨਾਮਾ ਨਹੀਂ ਹੁੰਦਾ ਤਾਂ ਇਸ ਸੰਬੰਧੀ ਹੋਰ ਸਮਾਂ ਲੈਣ ਵਾਸਤੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਵੱਲੋਂ ਲਿਖਤੀ ਬੇਨਤੀ ਵੀ ਉਕਤ ਤਾਰੀਖ਼ ਤੋਂ ਪਹਿਲਾਂ ਹੀ ਕਰਨੀ ਪਵੇਗੀ ਜਿਸ ਦੀ ਕੋਈ ਸੰਭਾਵਨਾ ਨਹੀਂ ਕਿਉਂਕਿ ਬੌਰਿਸ ਜੌਹਨਸਨ ਅਜਿਹਾ ਕਰਨ ਦੇ ਹੱਕ ਵਿੱਚ ਨਹੀਂ ਤੇ ਇਸ ਵੇਲੇ ਉਹ ਆਰ ਪਾਰ ਦੀ ਲੜਾਈ ਕਰਨ ਦੇ ਰੌਅ ਵਿੱਚ ਹੈ, ਭਾਵੇਂ ਅਜਿਹਾ ਕਰਕੇ ਉਸ ਨੂੰ ਮੁਲਕ ਵਿੱਚ ਦੁਬਾਰਾ ਚੋਣਾਂ ਹੀ ਕਿਉਂ ਨਾ ਕਰਾਉਣੀਆਂ ਪੈਣ। ਪਾਰਟੀ ਕੇਡਰ ਵੀ ਇਹੀ ਚਾਹੁੰਦਾ। ਬਰੈਕਸਿਟ ਬਾਰੇ ਹੋਰ ਸਮਾਂ ਲੈਣ ਦਾ ਸਿੱਧਾ ਅਰਥ ਇਹ ਹੋਵੇਗਾ ਕਿ ਮੁਲਕ ਦੇ ਲੋਕ ਪਾਰਟੀ ਉੱਤੇ ਭਰੋਸਾ ਕਰਨਾ ਛੱਡ ਦੇਣਗੇ, ਜਿਸ ਨਾਲ ਪਾਰਟੀ ਦਾ ਅਕਸ ਖ਼ਰਾਬ ਹੋਵੇਗਾ ਤੇ ਅਗਾਮੀ ਚੋਣਾਂ ਵਿੱਚ ਪਾਰਟੀ ਦੀ ਹਾਲਤ ਬਹੁਤ ਪਤਲੀ ਹੋ ਜਾਵੇਗੀ।

ਇੱਥੇ ਜ਼ਿਕਰ ਕਰਦੇ ਜਾਈਏ ਕਿ ਇਸੇ ਸਾਲ ਮਈ ਮਹੀਨੇ ਵਿੱਚ ਮੁਲਕ ਵਿੱਚ ਜੋ ਲੋਕਲ ਗਵਰਮੈਂਟ ਦੀਆਂ ਚੋਣਾਂ ਹੋਈਆਂ ਸਨ ਉਹਨਾਂ ਵਿੱਚ ਕੰਜ਼ਰਵੇਟਿਵ ਪਾਰਟੀ ਉਮੀਦਵਾਰਾਂ ਨੂੰ ਭਾਰੀ ਹਾਰ ਦਾ ਸਾਹਮਣਾ ਬਰੈਕਸਿਟ ਦੇ ਅਣਸੁਲਝੇ ਮਸਲੇ ਕਾਰਨ ਹੀ ਕਰਨਾ ਪਿਆ ਸੀ। ਇਸ ਕਰਕੇ ਜੇਕਰ ਹੁਣ ਵੀ ਇਹ ਮਸਲਾ ਹੱਲ ਨਾ ਹੋਇਆ ਤਾਂ ਕੰਜ਼ਰਵੇਟਿਵ ਪਾਰਟੀ ਦੇ ਭਵਿੱਖ ਵਾਸਤੇ ਖ਼ਤਰੇ ਦੀ ਵੱਡੀ ਘੰਟੀ ਹੀ ਹੋਵੇਗਾ ਜਿਸਦੇ ਸਿੱਟੇ ਵਜੋਂ ਪਾਰਟੀ ਦਾ ਭੋਗ ਪੈ ਜਾਣ ਦੀਆਂ ਸੰਭਾਵਨਾਵਾਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

ਬਾਕੀ 31 ਅਕਤੂਬਰ ਤੱਕ ਦੀ ਸਥਿਤੀ 20 ਅਕਤੂਬਰ ਤੋਂ ਬਾਅਦ ਸਪਸ਼ਟ ਹੋ ਜਾਵੇਗੀ ਪਰ 31 ਅਕਤੂਬਰ ਤੱਕ ਬਰਤਾਨੀਆ ਸਰਕਾਰ ਜੋ ਵੀ ਫੈਸਲਾ ਲੈਂਦੀ ਹੈ, ਉਹ ਯੂਰਪੀ ਯੂਨੀਅਨ ਨਾਲ ਇਕਰਾਰ ਦੇ ਅਧਾਰ ਉੱਤੇ ਹੈ ਜਾਂ ਬਿਨਾ ਇਕਰਾਰ ਦੇ, ਇਸ ਨਾਲ ਇੱਕ ਵਾਰ ਤਾਂ ਕੁਝ ਸਾਲਾਂ ਵਾਸਤੇ ਬਰਤਾਨੀਆ ਅਤੇ ਯੂਰਪੀ ਯੂਨੀਅਨ ਦੇ ਮੁਲਕਾਂ ਦੀਆਂ ਆਰਥਿਕ ਚੂਲਾਂ ਜ਼ਰੂਰ ਹਿੱਲ ਜਾਣਗੀਆਂ ਤੇ ਇਹ ਵੀ ਹੋ ਸਕਦਾ ਹੈ ਕਿ ਇਹਨਾਂ ਦੋਹਾਂ ਧਿਰਾਂ ਉੱਤੇ ਸੰਬੰਧਿਤ ਮੁਲਕਾਂ ਵਿੱਚੋਂ ਕਿਸੇ ਦਾ ਚੂਕਣਾ ਵਗੈਰਾ ਵੀ ਟੁੱਟ ਜਾਵੇ।

**- ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ**

550 Saal Guru Nanak ji de Shabad Naal

ਭਇਆ ਆਨੰਦ ਜਗਤ ਵਿਚ ਕਲਿ ਤਾਰਨ ਗੁਰੂ ਨਾਨਕ ਆਇਆ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੀ ਸਮੂੰਹ ਸੰਗਤ ਨੂੰ

# ਲੱਖ-ਲੱਖ ਵਧਾਈ ਹੋਵੇ ਜੀ।



## ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ

ਅਤੇ ਟਰਾਈ ਸਟੇਟ ਦੇ ਸਮੂਹ ਗੁਰਦੁਆਰੇ, ਜਥੇਬੰਦੀਆਂ ਸਮੂੰਹ ਸੰਗਤ ਦੇ ਪਿਆਰ ਅਤੇ ਸਹਿਯੋਗ ਸਦਕਾ

ਮਨੁੱਖਤਾ ਦੇ ਰਹਿਬਰ,ਸਿੱਖ ਪੰਥ ਦੇ ਬਾਨੀ ਕਲਿਜੁਗ ਦੇ ਤਾਰਨਹਾਰ ਜਗਤ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ

ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਸਬੰਧ ਵਿਚ

# 19 ਵਾਂ ਮਹਾਨ ਨਗਰ ਕੀਰਤਨ

## 9 ਨਵੰਬਰ 2019 ਦਿਨ ਸ਼ਨੀਵਾਰ ਨੂੰ

113-10 101 ਐਵਨਿਊ, ਰਿਚਮੰਡ ਹਿੱਲ ਤੋਂ ਬੜੀ ਧੂਮਧਾਮ ਨਾਲ ਕੱਢਿਆ ਜਾ ਰਿਹਾ ਹੈ ।

ਆਰੰਭ ਸ਼੍ਰੀ ਅਖੰਡ ਪਾਠ 7 ਨਵੰਬਰ 2019 ਦਿਨ ਵੀਰਵਾਰ ਸਵੇਰੇ 10:30 ਵਜੇ

ਭੋਗ ਸ਼੍ਰੀ ਅਖੰਡ ਪਾਠ 9 ਨਵੰਬਰ 2019 ਦਿਨ ਸ਼ਨੀਵਾਰ ਸਵੇਰੇ 10:00 ਵਜੇ ਉਪਰੰਤ ਦੁਪਹਿਰ 12:00 ਵਜੇ ਤੱਕ ਦੀਵਾਨ ਸਜਣਗੇ

ਨਗਰ ਕੀਰਤਨ ਦੀ ਅਰੰਭਤਾ ਸਵੇਰੇ 12 ਵਜੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਤੋਂ ਹੋਵੇਗੀ ਜੋ 111 ਸਟਰੀਟ ਤੋਂ ਹੁੰਦਿਆਂ ਲਿਬਰਟੀ ਐਵਨਿਊ, ਤੋਂ 123 ਸਟਰੀਟ, ਅਟਲੈਂਟਿਕ ਐਵਨਿਊ 118 ਸਟਰੀਟ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਅਗੋਂ ਹੁੰਦਿਆਂ ਹੋਇਆਂ 101 ਐਵਨਿਊ ਤੋਂ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਸਮਾਪਤ ਹੋਵੇਗਾ ।

ਸੰਗਤਾਂ ਨੂੰ ਪੁਰਜੋਰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਆਪ ਵੀ ਹਾਜਰੀਆਂ ਭਰੋ ਅਤੇ ਹੋਰਨਾਂ ਨੂੰ ਵੀ ਪ੍ਰੇਰਨਾ ਕਰ ਕੇ ਲੈ ਕੇ ਆਉ ਅਤੇ ਨਗਰ ਕੀਰਤਨ ਦੀ ਰੌਣਕ ਵਧਾਓ ਜੀ



**ਬੰਦੀ ਛੋੜ ਦਿਵਸ**

27 ਅਕਤੂਬਰ ਦਿਨ ਐਤਵਾਰ ਸ਼ਾਮ 5:00 ਵਜੇ ਤੋਂ ਦੇਰ ਰਾਤ ਤੱਕ ਵਿਸ਼ੇਸ਼ ਦੀਵਾਨ ਸਜਣਗੇ ।



ਨਗਰ ਕੀਰਤਨ ਲਈ ਫਲੋਟ ਦੇ ਡੈਕੋਰੇਸ਼ਨ ਦੀ ਸੇਵਾ ਸਰਦਾਰ ਦਵਿੰਦਰ ਸਿੰਘ ਸ਼ਾਲੂ ਕੰਸਟ੍ਰਕਸ਼ਨ ਅਤੇ ਉਹਨਾ ਦੇ ਸਾਥੀ ਕਰਨਗੇ ।

ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੇ ਸਬੰਧ ਵਿੱਚ 10-11-12 ਨਵੰਬਰ ਤੱਕ ਵਿਸ਼ੇਸ਼ ਦਿਵਾਨ ਸਜਣਗੇ

**ਪ੍ਰੋਗਰਾਮਾਂ ਦਾ ਵੇਰਵਾ :** ਆਰੰਭ ਸ਼੍ਰੀ ਅਖੰਡ ਪਾਠ 10 ਨਵੰਬਰ 2019 ਦਿਨ ਬੁੱਧਵਾਰ ਸਵੇਰੇ 10:30 ਵਜੇ
ਭੋਗ ਸ਼੍ਰੀ ਅਖੰਡ ਪਾਠ 12 ਨਵੰਬਰ 2019 ਦਿਨ ਸ਼ੁੱਕਰਵਾਰ ਸਵੇਰੇ 10:00 ਵਜੇ,
ਉਪਰੰਤ ਦੁਪਹਿਰ 1:00 ਵਜੇ ਤੱਕ ਦੀਵਾਨ ਸਜਣਗੇ

**11 ਨਵੰਬਰ ਦਿਨ ਸੋਮਵਾਰ ਸ਼ਾਮ 6 ਵਜੇ ਰਾਤ 12 ਵਜੇ ਤੱਕ ਕੀਰਤਨ ਹੋਵੇਗਾ ਅਤੇ ਫੁਲਾਂ ਦੀ ਬਰਖਾ ਕਰਕੇ ਸਮਾਪਤੀ ਹੋਵੇਗੀ**

**ਪਹੁੰਚ ਰਹੇ ਰਾਗੀ ਢਾਡੀ ਅਤੇ ਪ੍ਰਚਾਰਕ**

ਭਾਈ ਸਰਬਜੀਤ ਸਿੰਘ ਜੀ ਗੁਰਦਾਸਪੁਰ ।
ਭਾਈ ਅਮਰੀਕ ਸਿੰਘ ਜੀ ਗੁਰਦਾਸਪੁਰ ।
ਭਾਈ ਗੁਰਪ੍ਰੀਤ ਸਿੰਘ ਜੀ ਬਲੜਵਾਲ।
ਭਾਈ ਬਲਜਿੰਦਰ ਸਿੰਘ ਪੇਹੋਵਾ ਵਾਲੇ ।

**ਕਥਾਵਾਚਕ**

ਪ੍ਰੋ: ਹਰਜਿੰਦਰ ਸਿੰਘ ਜੀ ਸਭਰਾ
ਗਿਆਨੀ ਜਸਪਾਲ ਸਿੰਘ ਹੈੱਡ ਗ੍ਰੰਥੀ

**ਢਾਡੀ ਜੱਥਾ**

ਭਾਈ ਮੋਹਨ ਸਿੰਘ ਬੜਾਨਾ

ਹਿਸਟੋਰੀਅਨ : ਭਾਈ ਸੋਹਨ ਸਿੰਘ ( ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਤੀਹਾਸ ਬਾਰੇ ਜਾਨਕਾਰੀ ਦੇਣਗੇ ।






**ਪ੍ਰਬੰਧਕ ਕਮੇਟੀ**

| | | |
|---|---|---|
| Gurmit Singh Mehmadpur | President | 917-225-6703 |
| Jogvinder Singh | Vice President | 347-645-0550 |
| Surinder Singh | Vice President | 917-226-6245 |
| Daler Singh | General Secretary | 917-849-9033 |
| Himmat Singh Sarpanch | General Secretary | 917-553-5036 |
| Sukhjinder Singh Rimpy | Vice Secretary | 917-578-6004 |
| Dalip Singh Raipur | Cashier | 917-660-7241 |
| Gareeb Taneja | Cashier | 347-612-8895 |
| Jaswinder Singh | Cashier | 917-293-9837 |
| Manjit Singh | Langar Incharge | 718-539-4000 |
| Balwinder Singh Kuke | Langar Incharge | 646-496-7400 |
| Gurdeep Singh | Building Incharge | 347-972-4900 |
| Mohinder Singh | Vice Building Incharge | 929-413-8041 |
| Gurmeet Kaur | Education Incharge | 212-313-1313 |
| Parminder Kaur | V.Education Incharge | 718-414-7708 |
| Jatinder Kaur | P.R.O | 917-440-4440 |
| Kulwant Kaur | P.R.O | |
| Balbir Singh | Advisor | |
| Harvinder Singh | General Manager | 718-709-6106 |

**BOARD OF TRUST**

| | | |
|---|---|---|
| Satnam Singh | (Chairman) | 917-302-9488 |
| Balwinder Kaur | (Vice Chairman) | 917-687-3701 |
| Kulwant Singh | (Vice Chairman) | 718-306-7779 |
| Gurbachan Kaur | (Board of Trust Secretary) | 917-641-5415 |
| Raghbir Singh | (Senior) | 646-441-7482 |
| Gurdev Singh | (Senior) | 646-739-8783 |
| Jaspreet Singh | (Senior) | 929-365-8028 |
| Akal Singh | (Senior) | 516-244-3081 |
| Rashpal Singh | (Senior) | 917-855-5401 |
| Jagat Singh | (Senior) | 646-318-6759 |
| Lakhwinder Singh | (Junior) | |
| Malkit Singh | (Junior) | 917-913-3582 |
| Kuldeep Singh Begowal | (Junior) | 347-345-8537 |
| Gujinder Singh | (Junior) | 347-706-5659 |
| Gagandeep Singh | (Junior) | 917-608-6500 |
| Surinder Singh | (Junior) | 347-261-0916 |
| Prabhjot Kaur | (Junior) | |

ਸੰਗਤਾਂ ਦੀ ਸੇਵਾ ਲਈ ਖਾਣ ਪੀਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ ।
ਸੰਗਤਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਪਰਿਵਾਰਾਂ ਸਹਿਤ ਹਾਜਰੀ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ ।

Dilbag Singh, Gurmit Singh Bhulath, Harjit Singh, Daljit Singh, Jaswinder Singh Tony, Sandeep Singh Guppy, Jaspal Singh Sutta, Gursem Singh, Surinder Singh, Sukhdev Singh, Navdeep Singh, Prince, Karamjeet S. Phabura, Jasbir S Bittu, Mahinder Singh Harry, Prabhjot Singh Rocky, Bindu Begowal, Malkeet Singh, Malkeet Singh Neeta, Paramjit Singh, Harminder Singh, Balwinder Singh, Gulzar Singh, Manjindur Singh, Micky, Sethi, Tarsem S. Phabura, Sukhjinder S. Rimpy

**ਸਾਬਕਾ ਪ੍ਰਧਾਨ**

**Ex Chairmans**
Balwinder Singh Subhanpur
Sukhjinder Singh Subhanpur
Baldev Singh Gilzian

ਫੋਨ ਨੰਬਰ: 718 805 6941 - 718 805 7400
www.gurdwarababamakhanshahlubanany.com

ਸ਼ਾਨੇ ਪੰਜਾਬ | ਰਾਈਟਰ | BJ | GLOBAL PUNJAB | PTC PUNJABI | jus | GARV ਪੰਜਾਬ | print linkers 347-475-5555

Print & Designed by : Print Linkers : 347-475-5555 (Dilpreet Singh)

FREE ADMISSION
FREE PARKING, FREE FOOD-CAKE-PAAN TASTING
FREE HENNA, PHOTOS, T-SHIRTS, BAGS & RAFFLES

Exclusive Events, Maliha Khan Makeup & Aisha's Wedding Decor Present:
Sumit Arya & Maliha Khan's

# DULHAN EXPO

## Bridal Show

Wedding Planning & Lifestyle Expos for The Sophisticated South Asian Bride

**Events Coordinated by: Events by Srishti**

- 70 Vendors Per Expo; 100 Unique Ones Total
- Attend Both Expos for Maximum Choices
- Plan All Types of Events, Not Just Weddings

## NORTH JERSEY

SUNDAY **Dec.8** 2019
12-6PM
**PALISADIUM USA**
**CLIFFSIDE PARK**
700 Palisadium Dr, Cliffside Park NJ 07010

## SOUTH JERSEY

SUNDAY **Dec.15** 2019
12-6PM
**CROWNE PLAZA**
**CHERRY HILL**
2349 W. Marlton Pike, Cherry Hill NJ 08002

**OFFICIAL VENDORS:**
**Coordination:** Events by Srishti; **Video:** Ravinder Arora; **Photo:** John Martin/ Jayesh Production; **Sound/AV:** Exclusive Events/DJ Ricky; **Stage Decor:** Aisha's Wedding Decor; **Fashion Show Choreography:** Karamjit Bhinder

**MEDIA SPONSORS:**
**Television & Radio:** B4U Network, Hum TV, Aaj Tak, Apna Punjab, AwesomeTV
**Radio:** Easy96.com, Swaarg Sangeet Radio, AWSM Radio
**Magazines:** Gujarat Darpan, Za's Pages, India Life & Times, Tiranga
**Newspapers:** Desi Talk, Apna Punjab, Weekly Probash, Urdu Times, Preetnama
**Online Media:** ApneeCommunity.com, Sulekha.com, NJWedding.com



Wedding Planning . Designer Fashion Shows
Live Entertainment . Tons of Free Amenities
Jewelry/Fashion Shopping . Open to Public

**17 Years . 93 Expos**
**6-7 Expos Per Year**
**65-75 Booths Per Expo**
All Wedding Service Providers Under 1 Roof: Mandap Designers, Florists, Lighting, PhotoBooths, Deejays, Vocal Artists, Instrumentalists, Dancers, Cake, Makeup Artists, Mehndi Artists, Fashion Designers, Jewelers, Invitations, Limousines, Paan, Horse & Carriages, Casual Fashion/Jewelry & Much More

**COME PLAN YOUR**
Weddings
Receptions
Birthdays
Anniversaries
Sweet Sixteens
Graduations
Retirements
Corporate Events
Baby Showers

For Booths/Stalls at DulhanExpos, and other Marketing Ideas, Please Call/Text **SUMIT ARYA:**
**1.844.4DULHAN**
**732.754.1894**

For FREE Entry Passes, Directions & Additional Information, Please Visit our Website:
**DulhanExpo.com**

DulhanExpo provides it's Vendors a Promotional Platform & the Brides/Visitors a 1-Stop Shopping Convenience. Dulhan Inc. is not responsible for any Claims made by the Vendors & Delivery of Raffles and/or Deals offered by them. Please spend time Evaluating their Talent, Quality and Professionalism and Check all the References before Hiring them.

R Abhishek Sharma Photography
Makeup: Rajani Gupta Makeovers